# ਨਾਮਧਾਰੀ ਸਿੱਖ ਪਰੰਪਰਾ ਦੁਆਰਾ ਪ੍ਰੋਤਸਾਹਿਤ ਸ਼ਾਸਤਰੀ ਸੰਗੀਤ ਦੇ ਕਲਾਕਾਰ

(ਜੀਵਨ-ਦਰਸ਼ਨ ਅਤੇ ਯੋਗਦਾਨ)

ਗਗਨਦੀਪ ਕੌਰ

ਐੱਮ.ਏ (ਸੰਗੀਤ)

ਐੱਮ.ਏ (ਪੋਲਿਟੀਕਲ ਸਾਇੰਸ), ਐੱਮ.ਫਿਲ (ਸੰਗੀਤ)

**National Press Associates**

**New Delhi**

# ਨਾਮਧਾਰੀ ਸਿੱਖ ਪਰੰਪਰਾ ਦੁਆਰਾ ਪ੍ਰੋਤਸਾਹਿਤ ਸ਼ਾਸਤਰੀ ਸੰਗੀਤ ਦੇ ਕਲਾਕਾਰ
## (ਜੀਵਨ ਦਰਸ਼ਨ ਅਤੇ ਯੋਗਦਾਨ)

ਗਗਨਦੀਪ ਕੌਰ

**© December 2021. All Rights Reserved. Selection & Editorial Matter, Editors & Authors.**

All rights reserved. No part of this book may be reproduced or transmitted in any form or by any means of electronic or mechanical including photocopy, recording or any information stored in a retrieval system, without the prior written permission of the publisher.

**ISBN:**

**Price: 450/-**

The responsibility for the facts or opinions expressed in the book is entirely of the author. Publisher is not responsible for the same.

**Published By:**

**National Press Associates**

***Head Office:*** *C-24, Ground Floor, Panchsheel Vihar, Malviya Nagar, New Delhi-110017, India*
***Regional Office:*** *79, GAD Nagar, Flower Enclave, Dugri, Ludhiana, Punjab-141013, India*
***Branch Office:*** *C-104, Anuroop Society, Vartak Nagar, Thane (West)-400606, Maharashtra, India*
***Email:*** *npapublishing@gmail.com* | *www.npapublishing.in*

# ਵਿਸ਼ਾ ਸੂਚੀ

**ਭੂਮਿਕਾ**

**ਧੰਨਵਾਦ**

**ਅਧਿਆਇ 1. ਨਾਮਧਾਰੀ ਸਿੱਖ ਸੰਪ੍ਰਦਾਇ (ਭੈਣੀ ਸਾਹਿਬ) ਦੀ ਸੰਗੀਤਕ ਪਰੰਪਰਾ** 1

- ਨਾਮਧਾਰੀ ਸਿੱਖ ਸੰਪ੍ਰਦਾਇ ਦੀ ਸਥਾਪਨਾ
- ਨਾਮਧਾਰੀ ਸਿੱਖ ਸੰਪ੍ਰਦਾਇ ਦੇ ਸਤਿਗੁਰਾਂ ਦਾ ਸੰਖੇਪ ਵੇਰਵਾ
- ਸ਼ਾਸਤਰੀ ਸੰਗੀਤ ਪਰੰਪਰਾ ਨੂੰ ਪ੍ਰਫੁਲਿਤ ਕਰਨ ਵਿੱਚ ਨਾਮਧਾਰੀ ਸੰਪ੍ਰਦਾਇ ਦੀ ਭੂਮਿਕਾ

**ਅਧਿਆਇ 2. ਨਾਮਧਾਰੀ ਸਿੱਖ ਸੰਪ੍ਰਦਾਇ ਦੁਆਰਾ ਪ੍ਰੋਤਸਾਹਿਤ ਸ਼ਾਸਤਰੀ ਸੰਗੀਤ ਦੇ ਪੁਰਸ਼ ਕਲਾਕਾਰਾਂ ਦਾ ਜੀਵਨ ਦਰਸ਼ਨ** 29

2.1 ਉਸਤਾਦ ਹਰਭਜਨ ਸਿੰਘ

2.2 ਉਸਤਾਦ ਗੁਰਦੇਵ ਸਿੰਘ

2.3 ਉਸਤਾਦ ਮੋਹਨ ਸਿੰਘ

2.4 ਉਸਤਾਦ ਸੁਖਦੇਵ ਸਿੰਘ

2.5 ਉਸਤਾਦ ਬਲਜੀਤ ਸਿੰਘ

2.6 ਉਸਤਾਦ ਬਲਵੰਤ ਸਿੰਘ

2.7 ਉਸਤਾਦ ਹਰਜਿੰਦਰਪਾਲ ਸਿੰਘ

2.8 ਉਸਤਾਦ ਸੁਰਜੀਤ ਸਿੰਘ

2.9 ਉਸਤਾਦ ਸ਼ਮਿੰਦਰਪਾਲ ਸਿੰਘ

2.10 ਸ਼੍ਰੀ ਰਾਜ਼ੇਸ ਮਾਲਵੀਆ

2.11 ਉਸਤਾਦ ਪਿਆਰਾ ਸਿੰਘ

2.12 ਸ਼੍ਰੀ ਸੁਖਵਿੰਦਰ ਸਿੰਘ (ਪਿੰਕੀ)

2.13 ਸ਼੍ਰੀ ਹਰਪ੍ਰੀਤ ਸਿੰਘ

2.14 ਸ਼੍ਰੀ ਕਿਰਨਪਾਲ ਸਿੰਘ

2.15 ਗੁਰਦਿਆਲ ਸਿੰਘ

2.16 ਹਰਵਿੰਦਰ ਸਿੰਘ

2.17 ਕਿਰਪਾਲ ਸਿੰਘ ਪਨੇਸਰ

2.18 ਈਸ਼ਰ ਸਿੰਘ

2.19 ਅਮਨਦੀਪ ਸਿੰਘ

2.20 ਗਿਆਨ ਸਿੰਘ

2.21 ਗੁਰਦਿੱਤ ਸਿੰਘ

2.22 ਵੀਰ ਸਿੰਘ

2.23 ਠਾਕੁਰ ਸਿੰਘ

2.24 ਵਰਿੰਦਰ ਸਿੰਘ

**ਅਧਿਆਇ 3. ਨਾਮਧਾਰੀ ਸਿੱਖ ਸੰਪ੍ਰਦਾਇ ਦੁਆਰਾ ਪ੍ਰੋਤਸਾਹਿਤ ਇਸਤਰੀ ਕਲਾਕਾਰਾਂ ਦਾ ਜੀਵਨ ਦਰਸ਼ਨ** 72

3.1 ਬੀਬੀ ਨਰਿੰਦਰ ਕੌਰ

3.2 ਬੀਬੀ ਸਾਹਿਬ ਕੌਰ

3.3 ਬੀਬੀ ਜਗਦੀਪ ਕੌਰ

3.4 ਬੀਬੀ ਸਿਮਰਤਪਾਲ ਕੌਰ

3.5 ਬੀਬੀ ਹਰਮੀਤ ਕੌਰ

3.6 ਬੀਬੀ ਗੁਰਦਰਸ਼ਨ ਕੌਰ

3.7 ਬੀਬੀ ਗੁਰਮੀਤ ਕੌਰ

3.8 ਬੀਬੀ ਗੁਰਦੀਪ ਕੌਰ

3.9 ਬੀਬੀ ਪਰਮਜੀਤ ਕੌਰ

3.10 ਬੀਬੀ ਸਿਮਰਜੀਤ ਕੌਰ

3.11 ਬੀਬੀ ਵੀਰਪਾਲ ਕੌਰ

3.12 ਬੀਬੀ ਪਵਨਦੀਪ ਕੌਰ

3.13 ਬੀਬੀ ਪਰਮਜੀਤ ਕੌਰ

3.14 ਬੀਬੀ ਬਲਜੀਤ ਕੌਰ

3.15 ਬੀਬੀ ਅੰਮ੍ਰਿਤਪਾਲ ਕੌਰ

3.16 ਬੀਬੀ ਰਣਜੀਤ ਕੌਰ

3.17 ਬੀਬੀ ਨਵਜੋਤ ਕੌਰ

3.18 ਬੀਬੀ ਕੁਲਵਿੰਦਰ ਕੌਰ

3.19 ਬੀਬੀ ਹਰਮੀਤ ਕੌਰ

3.20 ਬੀਬੀ ਅਮਨਪ੍ਰੀਤ-ਰਮਨਪ੍ਰੀਤ ਕੌਰ

3.21 ਬੀਬੀ ਪ੍ਰਭਜੋਤ ਕੌਰ

3.22 ਬੀਬੀ ਸਰਬਜੀਤ ਕੌਰ

3.23 ਬੀਬੀ ਪਵਨਜੀਤ ਕੌਰ

3.24 ਬੀਬੀ ਅਵਤਾਰ ਕੌਰ

3.25 ਬੀਬੀ ਸ਼ਿੰਵਰੰਜਨੀ ਅਤੇ ਰੁਪਿੰਦਰ ਕੌਰ

3.26 ਬੀਬੀ ਰਾਗਨੀ ਰੇਨੂੰ

**ਅਧਿਆਇ 4. ਨਾਮਧਾਰੀ ਸ਼ਾਸਤਰੀ ਸੰਗੀਤ ਦੇ ਕਲਾਕਾਰਾਂ ਦਾ ਯੋਗਦਾਨ ਮੁਲਾਂਕਣ** 99

**ਅਧਿਐਨ ਦਾ ਸਾਰ** 109

**ਸੰਦਰਭ ਪੁਸਤਕ-ਸੂਚੀ** 112

**ਪਰਿਸ਼ਿਸ਼ਟ**

# ਭੂਮਿਕਾ

ਸੰਗੀਤ ਕਲਾ ਨੂੰ ਇੱਕ ਲਲਿਤ ਕਲਾ ਮੰਨਿਆ ਜਾਂਦਾ ਹੈ ਜੋ ਸਾਡੇ ਮਨ ਨੂੰ ਸ਼ਾਂਤੀ ਦੇ ਨਾਲ-ਨਾਲ ਇਕਾਗਰਤਾ ਵੀ ਪ੍ਰਦਾਨ ਕਰਦੀ ਹੈ।ਸੰਗੀਤ ਨੂੰ ਪੁਰਾਤਨ ਸਮੇਂ ਤੋਂ ਪ੍ਰਭੂ ਅਰਾਧਨਾ ਦੇ ਲਈ ਵਰਤਿਆ ਜਾਂਦਾ ਰਿਹਾ ਹੈ।ਸੰਗੀਤ ਅਤੇ ਧਰਮ ਦੋਵੇਂ ਹੀ ਇੱਕੋ ਸਿੱਕੇ ਦੇ ਦੋ ਪਹਿਲੂ ਹਨ ਜੋ ਕਿ ਆਪਸ ਵਿੱਚ ਜੁੜੇ ਹੋਏ ਹਨ।ਜੋ ਇਕੱਠੇ ਹੀ ਇੱਕ-ਦੂਜੇ ਨੂੰ ਨਾਲ ਲੈ ਕੇ ਚੱਲਦੇ ਹਨ।ਧਰਮ ਅਤੇ ਸੰਗੀਤ ਦਾ ਇੱਕ ਬੁਨਿਆਦੀ ਗੁਣ ਇਹ ਵੀ ਮੰਨਿਆ ਜਾਂਦਾ ਹੈ ਕਿ ਧਰਮ ਕਿਸੇ ਵੀ ਵਿਅਕਤੀ ਦੀ ਪਸ਼ੂ ਬਿਰਤੀ ਵਿੱਚ ਤਬਦੀਲੀ ਲਿਆ ਕੇ ਉਸਦੀ ਸੋਚ ਨੂੰ ਉੱਚਾ ਚੁੱਕ ਨਰਮ ਕਰ ਦਿੰਦਾ ਹੈ ਅਤੇ ਜੇਕਰ ਧਰਮ ਅਤੇ ਸੰਗੀਤ ਦੋਵੇ ਹੀ ਇਕੱਠੇ ਹੋ ਜਾਣ ਤਾਂ ਸਮਾਜ ਲਈ ਬਹੁਤ ਮਦੱਦਗਾਰ ਸਿੱਧ ਹੋ ਸਕਦੇ ਹਨ।

ਆਦਿ ਸਤਿਗੁਰੂ **'ਸ੍ਰੀ ਗੁਰੂ ਨਾਨਕ ਦੇਵ ਜੀ'** ਨੇ ਕੀਰਤਨ ਪਰੰਪਰਾ ਦੀ ਨੀਂਹ ਰੱਖੀ।ਪੁਰਾਤਨ ਸਮੇਂ ਤੋਂ ਹੀ ਕੀਰਤਨ ਹੁੰਦਾ ਆ ਰਿਹਾ ਹੈ ਅਤੇ ਭਾਈ ਮਰਦਾਨੇ ਦੁਆਰਾ ਵਜਾਇਆ ਜਾਣ ਵਾਲਾ ਸਾਜ ਰਬਾਬ ਕੀਰਤਨ ਲਈ ਅੱਜ ਵੀ ਵਰਤਿਆ ਜਾਂਦਾ ਹੈ।ਨਾਮਧਾਰੀ ਸੰਪ੍ਰਦਾਇ ਦੇ ਸਿੱਖ ਸ਼ਾਸਤਰੀ ਸੰਗੀਤ ਦੇ ਗਾਇਨ ਨੂੰ ਵਿਸ਼ੇਸ਼ ਮਹੱਤਵ ਦਿੰਦੇ ਹਨ।ਇਸ ਲਈ ਪਹਿਲੇ ਗੁਰੁ ਸਾਹਿਬਾਨ ਤੋਂ ਹੀ ਇਹ ਪਰੰਪਰਾ ਚਲਦੀ ਆ ਰਹੀ ਹੈ ਜਿਸਨੂੰ ਦਸਵੀਂ ਪਾਤਸ਼ਾਹੀ ਦੇ ਪਿਛੋਂ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅੱਗੇ ਤੋਰਿਆ ਗਿਆ।ਅੱਜ ਸ਼ਾਸਤਰੀ ਸੰਗੀਤ ਦਾ ਜੋ ਨਿਖਰਿਆ ਹੋਇਆ ਰੂਪ ਸਾਡੇ ਸਾਹਮਣੇ ਹੈ ਇਹ ਸਭ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਦੇਣ ਹੈ।ਜਿੰਨਾਂ ਨੇ ਮਰਦਾਂ ਦੇ ਨਾਲ ਨਾਲ ਇਸਤਰੀਆਂ ਨੂੰ ਵੀ ਸੰਗੀਤ ਨਾਲ ਜੋੜਿਆ ਅਤੇ ਕੀਰਤਨ ਕਰਨ ਲਈ ਕਿਹਾ।ਇਸਤਰੀਆਂ ਨੂੰ ਸੰਗੀਤ ਦੀ ਵੱਡਮੁਲੀ ਦਾਤ ਸਭ ਤੋ ਪਹਿਲਾ ਸਤਿਗੁਰੂ ਜੀ ਤੋ ਪ੍ਰਾਪਤ ਹੋਈ।ਜੋ ਸਤਿਗੁਰੂ ਜੀ ਦਾ ਸਭ ਤੋਂ ਵੱਡਾ ਉਪਕਾਰ ਮੰਨਿਆ ਜਾਂਦਾ ਹੈ

ਪ੍ਰਸਤੁਤ ਲਘੂ ਪੁਸਤਕ **'ਨਾਮਧਾਰੀ ਸਿੱਖ ਪਰੰਪਰਾ ਦੁਆਰਾ ਪ੍ਰੋਤਸਾਹਿਤ ਸ਼ਾਸਤਰੀ ਸੰਗੀਤ ਦੇ ਕਲਾਕਾਰ-ਜੀਵਨ ਦਰਸ਼ਨ ਅਤੇ ਯੋਗਦਾਨ'** ਉਪਰ ਕਾਰਜ ਕਰਨ ਦੀ ਪ੍ਰੇਰਨਾ ਮੈਨੂੰ **ਡਾਂ ਗੁਰਪ੍ਰੀਤ ਕੌਰ ਜੀ ਤੋਂ** ਮਿਲੀ।ਜਿੰਨਾਂ ਦੇ ਯੋਗਦਾਨ ਸਦਕਾ ਹੀ ਮੈਨੂੰ ਨਾਮਧਾਰੀ ਪੰਥ ਉਪਰ ਕਾਰਜ ਕਰਨ ਅਤੇ ਮੌਜੂਦਾ ਸਮੇਂ ਦੇ **ਸਤਿਗੁਰੂ ਉਦੈ ਸਿੰਘ ਜੀ ਤੋਂ** ਆਸ਼ੀਰਵਾਦ ਪ੍ਰਾਪਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ।

ਇਸ ਵਿਸ਼ੇ ਉਪਰ ਕਾਰਜ ਕਰਦੇ ਸਮੇਂ ਅਨੇਕਾਂ ਹੀ ਗੁਣੀਜਨਾਂ ਦਾ ਮੈਨੂੰ ਸਹਿਯੋਗ ਪ੍ਰਾਪਤ ਹੋਇਆ।ਇਸ ਪੁਸਤਕ ਵਿੱਚ ਨਾਮਧਾਰੀ ਸੰਪ੍ਰਦਾਇ ਤੋਂ ਪ੍ਰੋਤਸਾਹਿਤ ਕਲਾਕਾਰਾਂ ਦੀ ਗੱਲ ਕੀਤੀ ਗਈ ਹੈ ਜਿੰਨ੍ਹਾਂ ਨੂੰ ਸਤਿਗੁਰੂ ਜੀ ਨੇ ਸੰਗੀਤ ਨਾਲ ਜੋੜਿਆ ਅਤੇ ਸ਼ਾਸਤਰੀ ਸੰਗੀਤ ਦੇ ਰੂਪ ਵਿੱਚ ਕੀਰਤਨ ਦੀ ਪਰੰਪਰਾ ਨੂੰ ਅੱਗੇ

ਤੋਰਨ ਲਈ ਪ੍ਰੋਤਸਾਹਿਤ ਕੀਤਾ।

ਇਸ ਕਾਰਜ ਦੇ ਰਾਹੀਂ ਮੈਂ ਉਹਨਾਂ ਪਹਿਲੂਆਂ ਨੂੰ ਵੀ ਜਾਣਨ ਦੀ ਕੋਸਿਸ਼ ਕੀਤੀ ਜੋ ਸਿੱਖ ਧਰਮ ਅਤੇ ਨਾਮਧਾਰੀ ਸਿੱਖਾਂ ਨੂੰ ਵੱਖਰਾ ਦੱਸਦੇ ਹਨ।ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਕੇਵਲ ਨਾਮਧਾਰੀਆਂ ਨੂੰ ਹੀ ਨਹੀਂ ਬਲਕਿ ਸਤਿਗੁਰ ਜੀ ਦੀ ਰਹਿਮਤ ਅਤੇ ਬਖਸ਼ਿਸ਼ ਸਦਕਾ ਹਰ ਕੌਮ ਨੂੰ ਬਰਾਬਰਤਾ ਦੇ ਤਰਾਜੂ ਵਿੱਚ ਤੋਲਦੇ ਹੋਏ ਗੁਰੂ-ਸ਼ਿਸ਼ ਪਰੰਪਰਾ ਦੇ ਅਧੀਨ ਸੰਗੀਤ ਦੀ ਸਿੱਖਿਆ ਦਿੱਤੀ ਜਾ ਰਹੀ ਹੈ ਜੋ ਕੇਵਲ ਘਰਾਣਿਆਂ ਤੱਕ ਹੀ ਸੀਮਿਤ ਰਹੀ ਹੈ।ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਕ੍ਰਿਪਾ ਸਦਕਾ ਸ਼ਾਸਤਰੀ ਸੰਗੀਤ ਨੂੰ ਹਰ ਵਿਅਕਤੀ ਦੀ ਰਗ ਰਗ ਤੱਕ ਪਹੁੰਚਾਇਆ ਗਿਆ।ਜਿਸ ਦੇ ਨਤੀਜੇ ਵਜੋ ਨਾਮਧਾਰੀ ਸੰਗੀਤ ਸੰਮੇਲਨਾਂ ਵਿੱਚ ਗੈਰ ਨਾਮਧਾਰੀ ਸੰਗੀਤ ਪ੍ਰੇਮੀਆਂ ਦੀ ਗਿਣਤੀ ਵਧੇਰੇ ਵੇਖੀ ਜਾ ਸਕਦੀ ਹੈ।ਜੋ ਕਿ ਸ਼ਾਸਤਰੀ ਸੰਗੀਤ ਦੇ ਪ੍ਰਚਾਰ-ਪ੍ਰਸਾਰ ਦਾ ਸਬੂਤ ਹਨ।

ਨਾਮਧਾਰੀ ਸੰਪ੍ਰਦਾਇ ਦੇ ਸੰਗੀਤ ਸੰਮੇਲਨਾਂ ਦੀ ਲੜੀ ਨੂੰ ਇਸ ਪੁਸਤਕ ਵਿੱਚ ਸ਼ਾਮਿਲ ਕੀਤਾ ਗਿਆ ਹੈ।ਨਾਮਧਾਰੀ ਪੰਥ ਦੁਆਰਾ ਚਲਾਈ ਜਾ ਰਹੀ ਗੁਰੂ-ਸ਼ਿਸ਼ ਪ੍ਰੰਪਰਾ ਸਿੱਖਿਆਰਥੀਆਂ ਨੂੰ ਸ਼ਾਸਤਰੀ ਸੰਗੀਤ ਦੇ ਨਾਲ-ਨਾਲ ਬਾਣੀ ਨਾਲ ਵੀ ਜੋੜਦੀ ਹੈ।ਨਾਮਧਾਰੀ ਸੰਪ੍ਰਦਾਇ ਵਿੱਚ ਸੰਗੀਤ ਨੂੰ ਦੇਸ਼ਾਂ-ਵਿਦੇਸ਼ਾਂ ਵਿੱਚ ਪਹੁੰਚਾਉਣ ਲਈ ਸਤਿਗੁਰੂ ਜਗਜੀਤ ਸਿੰਘ ਜੀ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ।ਜਿਨ੍ਹਾਂ ਨੇ ਨਾਮਧਾਰੀ ਸੰਪ੍ਰਦਾਇ ਦੀ ਇਕ ਵਿਲੱਖਣ ਪਹਿਚਾਣ ਕਾਇਮ ਕੀਤੀ।ਜਿੰਨਾਂ ਦੀ ਬਖਸ਼ਿਸ਼ ਸਦਕਾ ਹੀ ਸ਼ਾਸਤਰੀ ਸੰਗੀਤ ਨੂੰ ਅੰਤਰਰਾਸ਼ਟਰੀ ਪੱਧਰ ਤੱਕ ਪਹੁੰਚਾਇਆ ਗਿਆ।ਜੋ ਸਾਡੇ ਲਈ ਬਹੁਤ ਮਾਣ ਵਾਲੀ ਗੱਲ ਹੈ।

ਇਸ ਪ੍ਰਸਤੁਤ ਪੁਸਤਕ ਨੂੰ 4 ਅਧਿਆਇਆਂ ਵਿੱਚ ਵੰਡਿਆ ਗਿਆ ਹੈ।ਜਿਸ ਦੇ ਅੱਗੇ ਉਪ ਵਿਭਾਗ ਵੀ ਬਣਾਏ ਗਏ ਹਨ।ਇਸ ਪੁਸਤਕ ਦੇ ਅੰਤਰਗਤ ਅਧਿਐਨ ਦੇ ਸਾਰ ਨੂੰ ਪ੍ਰਸਤੁਤ ਕਰਦੇ ਹੋਏ ਪਰਿਸ਼ਿਸਟ, ਪੁਸਤਕ ਸੂਚੀ ਅਤੇ ਸਾਰਣੀ ਸੂਚੀ ਦਾ ਵਰਨਣ ਵੀ ਕੀਤਾ ਗਿਆ ਹੈ।

**ਪਹਿਲੇ ਅਧਿਆਇ** ਵਿੱਚ **ਨਾਮਧਾਰੀ ਸਿੱਖ ਸੰਪ੍ਰਦਾਇ (ਭੈਣੀ ਸਾਹਿਬ) ਦੀ ਸੰਗੀਤਕ ਪਰੰਪਰਾ** ਦੇ ਅੰਤਰਗਤ ਨਾਮਧਾਰੀ ਸਿੱਖ ਸੰਪ੍ਰਦਾਇ ਦੀ ਸਥਾਪਨਾ, ਨਾਮਧਾਰੀ ਸਿੱਖ ਸੰਪ੍ਰਦਾਇ ਦੇ ਸਤਿਗੁਰਾਂ ਦਾ ਸੰਖੇਪ ਵੇਰਵਾ ਅਤੇ ਸ਼ਾਸਤਰੀ ਸੰਗੀਤ ਦੀ ਪਰੰਪਰਾ ਨੂੰ ਪ੍ਰਫੁਲਿਤ ਕਰਨ ਵਿੱਚ ਨਾਮਧਾਰੀ ਸਿੱਖ ਸੰਪ੍ਰਦਾਇ ਦੀ ਵਿਸ਼ੇਸ਼ ਭੂਮਿਕਾ ਦਾ ਵਰਨਣ ਕੀਤਾ ਗਿਆ ਹੈ।ਜਿਸ ਵਿੱਚ ਨਾਮਧਾਰੀ ਸੰਗੀਤ ਸੰਮੇਲਨਾਂ ਦਾ ਵੇਰਵਾ, ਨਾਮਧਾਰੀ ਵਿੱਦਿਅਕ ਜਥਿਆਂ ਦੀ ਸਥਾਪਨਾ ਅਤੇ ਨਾਮਧਾਰੀ ਸੰਗੀਤਕ ਵਿਦਿਆਲਿਆ ਦੀ ਸਥਾਪਨਾ ਨੂੰ ਸ਼ਾਮਿਲ ਕੀਤਾ ਗਿਆ ਹੈ।

**ਦੂਜੇ ਅਧਿਆਇ** ਵਿੱਚ **ਨਾਮਧਾਰੀ ਸਿੱਖ ਸੰਪ੍ਰਦਾਇ ਦੁਆਰਾ ਪ੍ਰੋਤਸਾਹਿਤ ਸ਼ਾਸਤਰੀ ਸੰਗੀਤ ਦੇ ਪੁਰਸ਼ ਕਲਾਕਾਰਾਂ** ਦੇ ਅੰਤਰਗਤ ਉਹਨਾਂ ਦੇ ਜੀਵਨ ਦਰਸ਼ਨ ਨੂੰ ਪ੍ਰਸਤੁਤ ਕੀਤਾ ਗਿਆ ਹੈ। ਜਿਸ ਵਿੱਚ ਉਹਨਾਂ ਦੇ ਜਨਮ, ਸਿੱਖਿਆ, ਸ਼ਿਸ਼ ਪ੍ਰੰਪਰਾ, ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਮੰਚ ਪ੍ਰਦਰਸ਼ਨ, ਸੰਗੀਤਕ ਪ੍ਰੋਗਰਾਮ, ਵਿਅਕਤੀਗਤ ਪਹਿਲੂ ਅਤੇ ਕਲਾਤਮਿਕ ਪ੍ਰਾਪਤੀਆਂ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੈ।

**ਤੀਜੇ ਅਧਿਆਇ** ਵਿੱਚ **ਨਾਮਧਾਰੀ ਸਿੱਖ ਸੰਪ੍ਰਦਾਇ ਦੁਆਰਾ ਪ੍ਰੋਤਸਾਹਿਤ ਸ਼ਾਸਤਰੀ ਸੰਗੀਤ ਦੇ ਇਸਤਰੀ ਕਲਾਕਾਰਾਂ** ਦੇ ਜੀਵਨ ਦਰਸ਼ਨ ਨੂੰ ਪ੍ਰਸਤੁਤ ਕੀਤਾ ਗਿਆ ਹੈ। ਜਿਸ ਵਿੱਚ ਜਨਮ, ਸਿੱਖਿਆ, ਸੰਮੇਲਨ ਪ੍ਰਸਤੁਤੀ, ਸ਼ਿਸ਼ ਪ੍ਰੰਪਰਾ, ਕਲਾਤਮਿਕ ਪ੍ਰਾਪਤੀਆ ਆਦਿ ਨੂੰ ਸ਼ਾਮਿਲ ਕੀਤਾ ਗਿਆ ਹੈ।

**ਚੌਥੇਂ ਅਧਿਆਇ** ਦੇ ਅੰਤਰਗਤ **ਨਾਮਧਾਰੀ ਸ਼ਾਸਤਰੀ ਸੰਗੀਤ ਦੇ ਕਲਾਕਾਰਾਂ ਦੇ ਯੋਗਦਾਨ ਮੁਲਾਂਕਣ** ਦਾ ਵਰਨਣ ਕੀਤਾ ਗਿਆ ਹੈ। ਜਿਸ ਵਿੱਚ ਅਨੇਕਾਂ ਹੀ ਨਾਮਧਾਰੀ ਕਲਾਕਾਰਾਂ ਨੂੰ ਸ਼ਾਮਿਲ ਕੀਤਾ ਗਿਆ। ਜਿੰਨਾਂ ਦਾ ਵੇਰਵਾਂ ਮੈਨੂੰ ਖੋਜ ਕਾਰਜ ਕਰਦੇ ਹੋਏ ਸੀਮਿਤ ਸਮੇਂ ਦੇ ਅਧੀਨ ਪ੍ਰਾਪਤ ਹੋਇਆ ਅਤੇ ਜੇਕਰ ਕਿਸੇ ਕਲਾਕਾਰ ਦਾ ਨਾਮ ਰਹਿ ਗਿਆ ਹੋਵੇ ਤਾਂ ਮੈਂ ਖਿਮਾ ਦੀ ਜਾਚਕ ਹਾਂ।

ਉਪਰੋਕਤ ਪੇਸ਼ ਕੀਤੇ ਗਏ ਅਧਿਆਇਆਂ ਦੇ ਨਾਲ ਅਧਿਐਨ ਦੇ ਸਾਰ, ਪਰਿਸ਼ਿਸ਼ਟ ਅਤੇ ਸੰਦਰਭ ਗ੍ਰੰਥ ਸੂਚੀ ਨੂੰ ਪੇਸ਼ ਕੀਤਾ ਗਿਆ ਹੈ। ਉਮੀਦ ਹੈ ਕਿ ਕੀਤਾ ਗਿਆ ਕਾਰਜ ਭਵਿੱਖ ਵਿੱਚ ਖੋਜਕਾਰਜ ਦੇ ਵਿਸ਼ਿਆਂ ਲਈ ਲਾਹੇਵੰਦ ਸਿੱਧ ਹੋਵੇਗਾ। ਜਿਸ ਦੇ ਅੰਤ ਵਿਚ ਸਾਰਣੀ ਸੰਖਿਆਂ ਦੇ ਨਾਲ-ਨਾਲ ਛਾਇਆ ਚਿਤਰ ਪੇਸ਼ ਕੀਤੇ ਗਏ ਹਨ।

**ਗਗਨਦੀਪ ਕੌਰ**
**(ਲੁਧਿਆਣਾ)**

# ਧੰਨਵਾਦ

ਸਭ ਤੋਂ ਪਹਿਲਾਂ ਮੈਂ ਉਸ **ਪ੍ਰਮਾਤਮਾ** ਦੀ ਅਤਿ ਸ਼ੁਕਰ ਗੁਜ਼ਾਰ ਹਾਂ। ਜਿੰਨ੍ਹਾਂ ਨੇ ਮੈਨੂੰ ਇਸ ਕਾਰਜ ਨੂੰ ਕਰਨ ਅਤੇ ਇਸ ਨੂੰ ਨੇਪਰੇ ਚਾੜਨ ਦੀ ਸੁਮੱਤ, ਬੁਧੀ ਅਤੇ ਪ੍ਰੇਰਣਾ ਬਖਸ਼ਿਸ਼ ਕੀਤੀ।

ਮੈਂ ਸਾਰੇ ਹੀ ਨਾਮਧਾਰੀ **ਕਲਾਕਾਰਾਂ** ਅਤੇ **ਗੁਰੂਜਨਾਂ** ਦੀ ਧੰਨਵਾਦੀ ਹਾਂ ਜਿੰਨਾਂ ਨੇ ਮੈਨੂੰ ਆਪਣੇ ਕਾਰਜ ਨੂੰ ਪੂਰਾ ਕਰਨ ਲਈ ਉਚਿੱਤ ਸਮਾਂ ਅਤੇ ਸਹਿਯੋਗ ਪ੍ਰਦਾਨ ਕੀਤਾ। ਇੰਨਾਂ ਕਲਾਕਾਰਾਂ ਵਿੱਚੋ ਇਸ ਵਿਸ਼ੇ ਉਪਰ ਕਾਰਜ ਕਰਨ ਦੀ ਪ੍ਰਵਾਨਗੀ ਲੈਣ ਲਈ **ਉਸਤਾਦ ਰਾਜੇਸ਼ ਮਾਲਵੀਆਂ ਜੀ** ਦਾ ਨਾਮ ਅਹਿਮ ਹੈ। ਜਿੰਨਾਂ ਨੇ **ਸਤਿਗੁਰੂ ਉਦੈ ਸਿੰਘ ਜੀ** ਤੋਂ ਆਸ਼ਿਰਵਾਦ ਲੈਣ ਦਾ ਅਵਸਰ ਪ੍ਰਦਾਨ ਕੀਤਾ ਅਤੇ ਸਤਿਗੁਰੂ ਉਦੈ ਸਿੰਘ ਜੀ ਦੀ ਪ੍ਰਵਾਨਗੀ ਅਤੇ ਆਸ਼ੀਰਵਾਦ ਸਦਕਾ ਮੈਂ ਇਸ ਵਿਸ਼ੇ ਉਪਰ ਕਾਰਜ ਕਰਨ ਵਿੱਚ ਸਫਲ ਹੋਈ। ਜਿੰਨਾਂ ਦੀ ਮੈਂ ਸਦਾ ਹੀ ਆਭਾਰੀ ਰਹਾਂਗੀ।

ਇੰਨਾਂ ਤੋਂ ਇਲਾਵਾ ਮੈਂ **ਸੇਵਕ ਹਰਪਾਲ ਸਿੰਘ ਜੀ** ਅਤੇ **ਸੁਵਰਨ ਸਿੰਘ ਵਿਰਕ ਜੀ** ਦੀ ਵੀ ਬਹੁਤ ਆਭਾਰੀ ਹਾਂ ਜਿੰਨਾਂ ਨੇ ਸਮੇਂ ਸਮੇਂ ਤੇ ਮੇਰਾ ਮਾਰਗ ਦਰਸ਼ਨ ਕੀਤਾ ਅਤੇ ਮੈਨੂੰ ਇਤਿਹਾਸਿਕ ਪੁਸਤਕਾਂ ਅਤੇ ਪਤ੍ਰਿਕਾਵਾਂ ਦੇ ਨਾਲ-ਨਾਲ ਅਨੇਕਾਂ ਨਾਮਧਾਰੀ ਕਲਾਕਾਰਾਂ ਨਾਲ ਜਾਣੂ ਕਰਵਾਇਆ।

ਮੈਂ ਆਪਣੇ ਕਾਰਜ ਨੂੰ ਪੂਰਾ ਕਰਨ ਲਈ ਗੁਰੂ ਨਾਨਕ ਦੇਵ ਯੂਨੀਵਰਸਿਟੀ (ਅੰਮ੍ਰਿਤਸਰ), ਪੰਜਾਬ ਯੂਨੀਵਰਸਿਟੀ(ਚੰਡੀਗੜ੍ਹ), ਪੰਜਾਬੀ ਯੂਨੀਵਰਸਿਟੀ (ਪਟਿਆਲਾ) ਅਤੇ ਸ਼੍ਰੀ ਭੈਣੀ ਸਾਹਿਬ (ਲਾਇਬ੍ਰੇਰੀ) ਦੀ ਵੀ ਬਹੁਤ ਸਹਾਇਤਾ ਲਈ। ਜਿੰਨਾਂ ਦੀ ਮੈਂ ਧੰਨਵਾਦੀ ਹਾਂ। ਨਾਮਧਾਰੀ ਕਲਾਕਾਰਾਂ ਉਪਰ ਅਧਾਰਿਤ ਇਹ ਪੁਸਤਕ ਸਤਿਗੁਰੂ ਜੀ ਦੀ ਅਪਾਰ ਬਖਸ਼ਿਸ਼ ਅਤੇ ਭੇਂਟਾ ਸਦਕਾ ਪ੍ਰਕਾਸ਼ਿਤ ਕੀਤੀ ਗਈ ਹੈ।

ਇਸ ਕਾਰਜ ਨੂੰ ਪੂਰਾ ਕਰਨ ਵਿੱਚ ਰਾਜਿੰਦਰ ਸਿੰਘ ਨਾਮਧਾਰੀ ਅਤੇ ਉਹਨਾਂ ਦੇ ਪਰਿਵਾਰ (ਪੁੱਤਰ ਰਾਜਾ ਸਿੰਘ ਨਾਮਧਾਰੀ ਅਤੇ ਮਾਤਾ ਜੀ) ਦਾ ਵੀ ਬਹੁਤ ਸਹਿਯੋਗ ਰਿਹਾ। ਜਿੰਨਾਂ ਨੇ ਮੈਨੂੰ ਸਮੇਂ ਸਮੇਂ ਤੇ ਪ੍ਰੇਰਿਤ ਕਰਦੇ ਹੋਏ ਨਾਮਧਾਰੀ ਇਤਿਹਾਸ ਦੇ ਨਾਲ-ਨਾਲ ਅਨੇਕਾਂ ਇਤਿਹਾਸਿਕ ਪੁਸਤਕਾਂ ਤੋਂ ਜਾਣੂ ਕਰਵਾਇਆਂ। ਜਿੰਨਾਂ ਦੀ ਮੈਂ ਸਦਾ ਹੀ ਆਭਾਰੀ ਰਹਾਂਗੀ।

**ਇੰਨਾਂ** ਤੋ ਇਲਾਵਾ ਇਸ ਪੁਸਤਕ ਨੂੰ ਨੇਪਰੇ ਚਾੜਨ ਲਈ ਮੇਰੇ ਪਿਤਾ ਸ. ਬਲਦੇਵ ਸਿੰਘ **ਜੀ** ਅਤੇ ਮੇਰੇ ਮਾਤਾ **ਅਮਰਜੀਤ ਕੌਰ ਜੀ** ਦਾ ਵੀ ਵਧੇਰੇ ਸਹਿਯੋਗ ਰਿਹਾ। ਜਿੰਨਾਂ ਦੀ ਮੈਂ ਅਤਿ ਧੰਨਵਾਦੀ ਹਾਂ ਜਿੰਨ੍ਹਾਂ ਦੇ ਆਸ਼ੀਰਵਾਦ ਸਦਕਾ ਮੈਂ ਆਪਣੇ ਕਾਰਜ ਵਿੱਚ ਆਉਣ ਵਾਲੀਆ ਸਮੱਸਿਆਵਾਂ ਨੂੰ ਹੱਲ ਕਰ ਸਕੀ।

**ਗਗਨਦੀਪ ਕੌਰ (ਲੁਧਿਆਣਾ)**



"ਸਤਿਗੁਰੂ ਉਦੈ ਸਿੰਘ ਜੀ ਨੂੰ ਸਮਰਪਿਤ ਪੁਸਤਕ"

# 1

# ਨਾਮਧਾਰੀ ਸਿੱਖ ਸੰਪ੍ਰਦਾਇ (ਭੈਣੀ ਸਾਹਿਬ) ਦੀ ਸੰਗੀਤਕ ਪਰੰਪਰਾ

## ਨਾਮਧਾਰੀ ਸਿੱਖ ਸੰਪ੍ਰਦਾਇ ਦੀ ਸਥਾਪਨਾ

ਨਾਮਧਾਰੀ ਸਿੱਖ ਸੰਪ੍ਰਦਾਇ ਦੇਹਧਾਰੀ ਗੁਰੂ ਦੇ ਉਦੇਸ਼ਾਂ ਨੂੰ ਧਾਰਣ ਕਰਨ ਵਾਲਾ ਸੰਪ੍ਰਦਾਇ ਹੈ। ਜਿਸ ਦੇ ਸਿੱਖਾਂ ਨੂੰ '**ਕੂਕੇ**' ਨਾਮ ਤੋਂ ਵੀ ਜਾਣਿਆ ਜਾਦਾਂ ਹੈ।

**"ਸੁਹੀ ਨਾਮ ਨਾਮਧਾਰੀ ਆਹਿ ਤਿਨ ਕਾ ਉਦਾਰੀ**

**ਕੂਕ ਮਾਰਨੈ ਤੇ ਕੂਕੇ ਜਗਤ ਬਖਾਨ ਹੈ।"**[1]

ਇਹ ਨਾਮ ਉਹਨਾਂ ਦੇ ਉੱਚੀ ਆਵਾਜ਼ ਵਿੱਚ ਕੀਰਤਨ ਕਰਨ ਜਾਂ ਪ੍ਰਭੂ ਦੀ ਅਰਾਧਨਾ ਕਰਨ ਤੋਂ ਪਿਆ।

**"ਜਿੱਥੇ ਵੱਜਦੇ ਢੋਲਕੀਆਂ ਛੈਣੇ, ਉਹ ਘਰ ਕੂਕਿਆਂ ਦੇ"**[2]

ਨਾਮਧਾਰੀ ਦਰਬਾਰ ਵਿੱਚ ਢੋਲਕੀ-ਛੈਣਿਆਂ ਨਾਲ ਦੀਵਾਨ ਲਗਾਉਣ ਦੀ ਪ੍ਰੰਪਰਾ ਸਤਿਗੁਰੂ ਰਾਮ ਸਿੰਘ ਜੀ ਦੀ ਹੀ ਦੇਣ ਹੈ। ਇਸ ਸ਼ੈਲੀ ਨੂੰ ਨਾਮਧਾਰੀ ਸਿੱਖਾਂ ਦਾ ਅਨਿੱਖੜਵਾ ਅੰਗ ਮੰਨਿਆ ਜਾਦਾਂ ਹੈ। ਨਾਮਧਾਰੀ ਸਿੱਖ '**ਕੂਕੇ**'ਅਤੇ ਉਹਨਾਂ ਦੁਆਰਾ ਚਲਾਏ ਗਏ ਅੰਦੋਲਨ '**ਕੂਕਾ ਮੂਵਮੈਂਟ**' ਦੇ ਨਾਮ ਨਾਲ ਹੀ ਜਾਣੇ ਜਾਂਦੇ ਹਨ। ਨਾਮਧਾਰੀ ਸਿੱਖ ਸੰਪ੍ਰਦਾਇ ਇੱਕ ਧਾਰਮਿਕ ਸੰਸਥਾ ਹੈ ਜਿਸ ਦਾ ਧੁਰਾ **ਸ਼੍ਰੀ ਭੈਣੀ ਸਾਹਿਬ (ਪੰਜਾਬ)** ਵਿੱਚ ਸਥਾਪਿਤ ਹੈ,ਜੋ **ਲੁਧਿਆਣੇ** (ਜ਼ਿਲ੍ਹਾ) ਦਾ ਹਿੱਸਾ ਹੈ। ਨਾਮਧਾਰੀ ਸਿੱਖ ਗੁਰ-ਗੱਦੀ ਦੀ ਪਰੰਪਰਾ ਅਨੁਸਾਰ ਨਾਮਧਾਰੀ ਸੰਪ੍ਰਦਾਇ ਦੇ ਸਤਿਗੁਰੂ ਰਾਮ ਸਿੰਘ ਜੀ ਨੂੰ 12ਵੇਂ ਦੇਹਧਾਰੀ ਗੁਰੂ ਮੰਨਦੇ ਹਨ। ਨਾਮਧਾਰੀ ਸਿੱਖ ਸੰਪ੍ਰਦਾਇ ਦੀ ਸਥਾਪਨਾ **ਸਤਿਗੁਰੂ ਰਾਮ ਸਿੰਘ ਜੀ** ਦੁਆਰਾ 12 **ਅਪ੍ਰੈਲ** 1857 **(ਸੰਮਤ-1914) ਈ:** ਵਿੱਚ ਕੀਤੀ ਗਈ। ਸਤਿਗੁਰੂ ਜੀ ਦੁਆਰਾ ਵਿਸਾਖੀ ਦੇ ਦਿਹਾੜੇ ਤੇ ਪੂਰੀ ਗੁਰੂ ਮਰਿਆਦਾ ਨਾਲ '**ਖੰਡੇ ਬਾਟੇ**' ਦਾ ਅੰਮ੍ਰਿਤ ਤਿਆਰ ਕਰ ਭੈਣੀ ਸਾਹਿਬ ਵਿਖੇ ਪੰਜ ਸਿੰਘਾਂ ਨੂੰ ਛਕਾਇਆ ਗਿਆ।

"ਸੁਤੰਤਰਤਾ ਸੰਗਰਾਮੀ **ਸਤਿਗੁਰੂ ਰਾਮ ਸਿੰਘ ਜੀ** ਨੇ **ਸੰਨ** 1857 **ਈ:** ਵਿੱਚ ਇੱਕ ਲਹਿਰ ਚਲਾਈ। ਜਿਸਨੂੰ '**ਕੂਕਾ ਅੰਦੋਲਨ**' ਦਾ ਨਾਮ ਦਿੱਤਾ ਗਿਆ। ਸਤਿਗੁਰੂ ਜੀ ਨੇ ਸਮੇਂ ਦੇ ਹਲਾਤਾਂ ਨੂੰ ਦੇਖਦੇ ਹੋਏ ਅੰਗਰੇਜ਼ੀ ਸਾਮਰਾਜ

ਦੁਆਰਾ ਚਲਾਈ ਗਈ ਕੁਟਿਲ ਨੀਤੀ **'ਪਾੜੋ ਤੇ ਰਾਜ ਕਰੋ'** ਦਾ ਡੱਟ ਕੇ ਵਿਰੋਧ ਕੀਤਾ ਅਤੇ **'ਜੁੜੋ ਤੇ ਲੜੋ'** ਦੀ ਨੀਤੀ ਅਪਨਾਉਣ ਲਈ ਕਿਹਾ।ਨਾਮਧਾਰੀ ਇਤਿਹਾਸ ਵਿੱਚ ਸਿੱਖ ਜਨਤਾ ਦੇ ਸਮਾਜਿਕ ਜੀਵਨ ਵਿੱਚ ਉਹੀ ਕੁਰੀਤੀਆਂ ਜਿੰਨ੍ਹਾ ਵਿੱਚੋਂ ਗੁਰੁ-ਸਿੱਖਿਆ ਨੇ ਇਹਨਾਂ ਨੂੰ ਕੱਢਿਆ ਸੀ ਫਿਰ ਆ ਗਈਆ ਸਨ।ਜਿਸ ਦੇ ਕਾਰਨ ਸਿੱਖ ਰਾਜਨੀਤਿਕ ਧਾਰਮਿਕ ਤੱਥਾਂ ਸਮਾਜਿਕ ਦ੍ਰਿਸ਼ਟੀ ਤੋਂ ਹੇਠਾਂ ਵੱਲ ਨੂੰ ਡਿਗਦੇ ਗਏ।"[3]

ਨਾਮਧਾਰੀ ਸਿੱਖ ਸੰਪ੍ਰਦਾਇ ਦੀ ਹਿੰਦੁਸਤਾਨੀ ਸੰਗੀਤ ਪਰੰਪਰਾ **ਸ਼੍ਰੀ ਗੁਰੂ ਨਾਨਕ ਦੇਵ ਜੀ** ਤੋਂ ਚਲੀ ਆ ਰਹੀ ਪ੍ਰਥਾ ਨੂੰ ਹੀ ਅੱਗੇ ਤੋਰਦੀ ਹੈ।ਜਿਸਦੇ ਸਿੱਖ ਆਪਣੇ ਆਪ ਨੂੰ ਸਿੱਖ ਸੰਪ੍ਰਦਾਇ ਦਾ ਹੀ ਹਿੱਸਾ ਮੰਨਦੇ ਹਨ।ਸਿੱਖ ਸੰਪ੍ਰਦਾਇ ਅਤੇ ਨਾਮਧਾਰੀ ਸਿੱਖਾਂ ਵਿਚਕਾਰ ਅੰਤਰ ਕੇਵਲ ਦੇਹਧਾਰੀ ਗੁਰੂ ਦਾ ਹੀ ਹੈ।ਨਾਮਧਾਰੀ ਸਿੱਖ ਦੇਹਧਾਰੀ ਸਤਿਗੁਰੂ ਦੇ ਬਚਨਾਂ ਅਨੁਸਾਰ ਚਲਦੇ ਹਨ ਅਤੇ ਦੂਜੇ ਸਿੱਖ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਨੂੰ ਹੀ ਆਪਣਾ ਸੰਪੂਰਨ ਗੁਰੂ ਮੰਨਦੇ ਹਨ, ਪ੍ਰੰਤੂ ਨਾਮਧਾਰੀ ਸਿੱਖ ਗੁਰੂ ਨਾਨਕ ਦੇਵ ਜੀ ਤੋਂ ਚਲੀ ਆ ਰਹੀ ਪ੍ਰਥਾ ਅਨੁਸਾਰ ਚਲਦੇ ਹੋਏ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਛਕਾਏ ਗਏ **'ਅੰਮ੍ਰਿਤ'** ਅਤੇ **'ਖਾਲਸਾ ਪੰਥ'** ਦੀ ਸਾਜਨਾ ਤੋਂ ਹੀ ਸਿੱਖ ਸਜਦੇ ਆਏ ਹਨ।ਜਿਸਨੂੰ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਅੱਗੇ ਤੋਰਿਆ ਗਿਆ ਅਤੇ ਅਕਾਲ ਪੁਰਖ ਦਾ ਨਾਮ ਅਤੇ ਪੰਜੇ ਕੰਕਾਰਾਂ ਨੂੰ ਧਾਰਣ ਕਰਨ ਦਾ ਹੁਕਮ ਵੀ ਦਿੱਤਾ ਗਿਆ ਅਤੇ ਜੋ ਗੁਰੂ ਗੋਬਿੰਦ ਜੀ ਦੁਆਰਾ ਚਲਾਈ ਗਈ ਪ੍ਰਥਾ ਦਾ ਹੀ ਰੂਪ ਹੈ।

ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਸਤਿਗੁਰੂ ਜੀ ਦੁਆਰਾ ਇਸਤਰੀ ਜਾਤੀ ਲਈ ਵੀ ਵਿਸ਼ੇਸ਼ ਉਪਰਾਲੇ ਕੀਤੇ ਗਏ ਜੋ ਕਿ ਉਸ ਸਮੇਂ ਦੀ ਲੋੜ ਸਨ।ਆਪ ਜੀ ਦੀ ਜ਼ਿੰਦਗੀ ਦਾ ਇੱਕੋ ਇੱਕ ਉਦੇਸ਼ ਡਾਵਾਂਡੋਲ ਹੋ ਰਹੀ ਸਿੱਖ ਕੌਮ ਸਿੱਖ ਧਰਮ ਨੂੰ ਮੁੜ ਸੁਰਜੀਤ ਕਰਨਾ ਸੀ।ਆਪ ਜੀ ਦੇ ਸੁਧਾਰਵਾਦੀ ਦ੍ਰਿਸ਼ਟੀਕੋਣ ਦੇ ਜ਼ਰੀਏ ਸਿੱਖਾਂ ਨੂੰ ਜਾਂ ਹੋਰ ਕਿਸੇ ਵੀ ਧਰਮ ਜਾਂ ਹੋਰ ਮੱਤਾਂ ਤੋਂ ਆਏ ਸ਼ਰਧਾਲੂਆਂ ਨੂੰ ਬਿਨ੍ਹਾਂ ਕਿਸੇ ਲਿੰਗ, ਜਾਤੀ ਜਾਂ ਭੇਦ ਦੇ ਜੀਵਨ ਜਾਂਚ ਦੇ ਉਪਦੇਸ਼ ਦੇ ਕੇ ਉਨ੍ਹਾਂ ਦਾ ਜੀਵਨ ਸਹੀ ਦਿਸ਼ਾ ਵਿੱਚ ਮੋੜਿਆ।

"ਸਤਿਗੁਰੂ ਰਾਮ ਸਿੰਘ ਜੀ ਨੇ ਹੀ ਸਰਵਪ੍ਰਥਮ ਇਸਤਰੀਆਂ ਨੂੰ ਅੰਮ੍ਰਿਤ ਛਕਣ, ਨਾਮ ਜੱਪਣ, ਭਜਨ ਬੰਦਗੀ ਕਰਨ, ਪੁਰਸ਼ਾਂ ਦੇ ਨਾਲ ਦੀਵਾਨ ਵਿੱਚ ਬੈਠ ਕੇ ਸ਼ਬਦਬਾਣੀ ਪੜ੍ਹਨ ਦੀ ਨੀਤੀ ਨੂੰ ਚਲਾਇਆ"[4]

ਨਾਮਧਾਰੀ ਸੰਪ੍ਰਦਾਇ ਦੇ ਸਿੱਖਾਂ ਵਿੱਚ ਸਫੈਦ ਰੰਗ ਦੀ ਵਿਸ਼ੇਸ਼ ਮਹੱਤਤਾ ਹੈ।ਸਫੈਦ ਰੰਗ ਦਾ ਬਣਿਆ ਨਾਮਧਾਰੀ ਨਿਸ਼ਾਨ ਸਾਹਿਬ ਸ਼ਾਤੀ ਦਾ ਪ੍ਰਤੀਕ ਹੈ।ਸਤਿਗੁਰੂ ਜੀ ਨੇ ਸਫੈਦ ਰੰਗ ਦੇ ਬਸਤਰ ਧਾਰਣ ਕਰਨ, ਗਲ ਉੱਨ੍ਹ ਦੀ ਸਫੈਦ

ਮਾਲਾ ਪਾਉਣ ਅਤੇ ਸਿੱਧੀ ਗੋਲ ਚਿੱਟੇ ਰੰਗ ਦੀ ਪਗੜੀ ਅਤੇ ਕਲੀਆ ਵਾਲਾ ਕੁੜਤਾ ਤੇ ਚੂੜੀਦਾਰ ਪਜਾਮਾ ਪਾਉਣ ਦਾ ਉਪਦੇਸ਼ ਦਿੱਤਾ ਅਤੇ ਇਸਤਰੀਆਂ ਨੂੰ ਵੀ ਸਫੈਦ ਬਸਤਰ ਧਾਰਨ ਕਰਨ ਅਤੇ ਜੂੜਾ ਨੀਵਾਂ ਕਰਨ ਲਈ ਕਿਹਾ ਹੈ।ਖਾਦੀ ਦੇ ਵਸਤਰਾਂ ਨੂੰ ਪਾਉਣ ਅਤੇ ਵਿਦੇਸ਼ੀ ਵਸਤਰਾਂ ਦਾ ਬਾਈਕਾਟ ਕਰਕੇ ਸਵਦੇਸੀ ਖਾਦੀ ਦੇ ਵਸਤਰਾਂ ਨੂੰ ਹੀ ਅਪਣਾਇਆ।

ਨਾਮਧਾਰੀ ਸਿੱਖ ਇਤਿਹਾਸ ਵਿੱਚ **ਦਸਵੇਂ ਪਾਤਸ਼ਾਹੀ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ** ਦੁਆਰਾ ਨਾਮਧਾਰੀਆਂ ਦੇ ਪਹਿਲੇ **ਸਤਿਗੁਰੂ ਬਾਲਕ ਸਿੰਘ ਜੀ** ਨੂੰ ਗੁਰੂਗੱਦੀ ਪ੍ਰਦਾਨ ਕਰਨ ਦਾ ਉਲੇਖ ਵੀ ਮਿਲਦਾ ਹੈ।ਜਿਸ ਵਿੱਚ ਰਾਮ ਸਿੰਘ ਜੀ ਦੇ ਨਾਮ ਤੋ ਦੋਬਾਰਾ 12ਵੇਂ ਜਾਮੇ ਵਿੱਚ ਗੁਰਗੱਦੀ ਤੇ ਬਿਰਾਜਮਾਨ ਹੋਣ ਦਾ ਪ੍ਰਮਾਣ ਪ੍ਰਾਪਤ ਹੈ।ਨਾਮਧਾਰੀ ਮੱਤ ਦੇ ਇਤਿਹਾਸ ਵਿੱਚ ਸਤਿਗੁਰਾਂ ਦੇ ਗੌਰਵਮਈ ਸੰਗੀਤਕ ਯੋਗਦਾਨ ਬਾਰੇ ਪੁਸਤਕ ਵਿੱਚ ਉਲੇਖ ਹੇਠਾਂ ਦਿੱਤਾ ਗਿਆ ਹੈ।

## ਨਾਮਧਾਰੀ ਸਿੱਖ ਸੰਪ੍ਰਦਾਇ ਦੇ ਸਤਿਗੁਰਾਂ ਦਾ ਸੰਖੇਪ ਵੇਰਵਾ

ਨਾਮਧਾਰੀ ਸੰਪ੍ਰਦਾਇ ਵਿੱਚ **ਸ਼ਾਸਤਰੀ ਸੰਗੀਤ ਅਤੇ ਗੁਰਮਤਿ ਸੰਗੀਤ** ਨੂੰ ਵਿਸ਼ੇਸ਼ ਅਹਿਮੀਅਤ ਦਿੱਤੀ ਗਈ ਹੈ।ਨਾਮਧਾਰੀ ਸੰਪ੍ਰਦਾਇ ਵਿੱਚ ਸ਼ਾਸਤਰੀ ਸੰਗੀਤ ਦੀ ਆਰੰਭਤਾ ਦਾ ਕਾਲ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਦਿਵਾਨਾਂ ਦੀ ਲੜੀ ਤੋਂ ਪ੍ਰਚਲਿਤ ਹੋ ਚੁੱਕਾ ਸੀ।ਜਿਸ ਪਿੱਛੋਂ ਨਾਮਧਾਰੀ ਸਤਿਗੁਰਾਂ ਦੁਆਰਾ ਇਸ **ਰਾਗਾਤਮਕ ਸੰਗੀਤ ਪਰੰਪਰਾ** ਨੂੰ ਵਿਦੇਸ਼ਾਂ ਤੱਕ ਪਹੁੰਚਾਇਆ ਗਿਆ।ਜੋ ਕਿ ਅੱਜ ਦੇਸ਼-ਵਿਦੇਸ਼ ਵਿੱਚ ਨਾਮਧਾਰੀ ਸਿੱਖ ਸੰਪ੍ਰਦਾਇ ਦੀ ਇੱਕ ਵਿਲੱਖਣ ਪਹਿਚਾਣ ਬਣ ਚੁੱਕੀ ਹੈ।

ਗੁਰਮਤਿ ਸੰਗੀਤ ਦੇ ਖੇਤਰ ਵਿੱਚ ਗੁਰਬਾਣੀ ਸੰਗੀਤ ਲਈ ਸਾਰੰਗੀ, ਬਾਂਸੁਰੀ, ਸ਼ਹਿਨਾਈ ਆਦਿ ਸਾਜ਼ਾਂ ਨੂੰ ਸਥਾਨ ਨਹੀਂ ਮਿਲਿਆ।ਇਹ ਮੱਤ ਨਾਮਧਾਰੀ ਸਿੱਖਾਂ ਤੋਂ ਬਿਨਾਂ ਬਾਕੀ ਸਿੱਖਾਂ ਦੇ ਲਈ ਅੱਜ ਵੀ ਠੀਕ ਢੁਕਦਾ ਹੈ।ਕੀਰਤਨ ਵਿੱਚ ਰਬਾਬ, ਸਾਰੰਗੀ, ਸਰੋਦ, ਸੰਤੂਰ, ਸਿਤਾਰ, ਬਾਂਸੂਰੀ ਆਦਿ ਸਾਜ਼ਾਂ ਦੇ ਵਜੰਤਰੀ ਸ਼ਾਮਿਲ ਕਰਦੇ ਹਨ।ਦਰਬਾਰ ਤੋਂ ਬਿਨ੍ਹਾਂ ਉਪਰੋਕਤ ਸਾਜ਼ਾਂ ਨਾਲ ਕੀਰਤਨ ਕਰਨ ਵਾਲੇ 2-4 ਹੀ ਕੀਰਤਨੀਏ ਹੀ ਹੋਣਗੇ।ਨਾਮਧਾਰੀ ਸਤਿਗੁਰਾਂ ਨੇ ਸਾਜਾਂ ਦੀਆ ਖੂਬੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਗੁਰਮਤਿ ਅਤੇ ਸ਼ਾਸਤਰੀ ਸੰਗੀਤ ਲਈ ਕਈ ਨਵੇਂ ਸਾਜਾਂ ਦਾ ਅਵੀਸ਼ਕਾਰ ਵੀ ਕੀਤਾ।ਜਿਸ ਕਾਰਣ ਨਾਮਧਾਰੀ ਸੰਪ੍ਰਦਾਇ ਨੂੰ 'ਸੰਗੀਤ ਦਾ ਗੜ੍ਹ' ਵੀ ਕਿਹਾ ਜਾਣ ਲੱਗਾ।

## **ਸਤਿਗੁਰੂ ਰਾਮ ਸਿੰਘ ਜੀ** (1816-1872)

ਨਾਮਧਾਰੀ ਲੋਕ ਲਹਿਰ ਦੇ ਲੋਕ ਨਾਇਕ **ਸਤਿਗੁਰੂ ਰਾਮ ਸਿੰਘ ਜੀ** ਨੂੰ ਨਾਮਧਾਰੀ ਸਿੱਖ ਸੰਪ੍ਰਦਾਇ ਦੇ **12ਵੇਂ ਦੇਹਧਾਰੀ ਗੁਰੁ** ਹੋਣ ਦਾ ਮਾਣ ਪ੍ਰਾਪਤ ਹੈ।ਸਤਿਗੁਰੂ ਰਾਮ ਸਿੰਘ ਜੀ ਦਾ ਜਨਮ ਮਾਘ ਸੁਦੀ ਪੰਚਮੀ, ਬਸੰਤ ਵਾਲੇ ਦਿਨ, ਸੰਮਤ 1872 **ਬਿਕ੍ਰਮੀ ਮੁਤਾਬਿਕ** 3 **ਫਰਵਰੀ,** 1816 **ਈ: ਵੀਰਵਾਰ ਸ:**1872 **ਬਿਕ੍ਰਮੀ ਮੁਤਾਬਿਕ** 1816 **ਈ:** ਵੀਰਵਾਰ ਸਵੇਰੇ ਅੰਮ੍ਰਿਤ ਵੇਲੇ, ਰਾਈਆਂ ਪਿੰਡ ਹੋਇਆ।ਨਾਮਧਾਰੀ ਸਮਾਜ ਦੁਆਰਾ ਅਜਿਹਾ ਮੰਨਿਆ ਜਾਦਾ ਹੈ ਕਿ ਦਸਵੀ ਸੰਮਤ 1869 **ਬਿਕ੍ਰਮੀ ਸੰਨ** 1812 **ਈ:** ਦੇ ਵਿੱਚ ਗੁਰੁ ਗੋਬਿੰਦ ਸਿੰਘ ਜੀ ਨੇ ਬਾਲਕ ਸਿੰਘ ਨੂੰ ਦਰਸ਼ਨ ਦੇ ਕੇ ਗੁਰਤਾ ਬਖਸ਼ ਦਿੱਤੀ ਅਤੇ ਬਚਨ ਕੀਤਾ ਕਿ ਮੈਂ 12 **ਵੇਂ ਜਾਮੇ ਵਿੱਚ ਆ ਕੇ ਆਪਣੀ ਗੁਰਗੱਦੀ ਵਾਪਸ ਲੈ ਲਵਾਂਗਾ।**

ਅਜਿਤੇ ਰੰਧਾਵੇ ਦੀ ਗੋਸ਼ਟਿ ਵਿੱਚ (ਜਨਮ ਸਾਖੀ ਭਾਈ ਬਾਲਾ) ਗੁਰੁ ਨਾਨਕ ਦੇਵ ਨੇ ਹੁਕਮ ਕੀਤਾ ਸੀ, "ਜਦ ਦਸਮਾਂ ਜਾਮਾ ਹੋਵੇਗਾ ਤਾਂ ਗਿਆਰਵਾਂ ਗੁਪਤ ਵਰਤੇਗਾ।"

**ਤਥਾ ਬੇਰ ਗਿਆਰਵੀਂ ਹਮ ਚਲ ਆਵਹਿ ।।**
**ਤਿਸਤੇ ਕੌਇਕ ਹਮ ਲਖ ਪਾਵਹਿ ।।**
**ਪੰਥ ਖਾਲਸਾ ਖੇਤੀ ਮੇਰੀ ।।**
**ਕਰੋ ਸੰਭਾਲਨ ਮੇਂ ਤਿਸ ਬੇਰੀ ।।"**

(ਸ੍ਰੀ ਗੁਰੁ ਪ੍ਰਤਾਪ ਸੂਰਜ, ਰੁਤ ਪੰਜਵੀ ਅੰਸ਼ 38)[5]

"1898 ਈ: ਵਿੱਚ ਸਤਿਗੁਰੂ ਰਾਮ ਸਿੰਘ, ਸਤਿਗੁਰੂ ਬਾਲਕ ਸਿੰਘ ਜੀ ਦੇ ਦਰਸ਼ਨਾਂ ਲਈ ਗਏ ਤਾਂ ਗਰੂ ਬਾਲਕ ਸਿੰਘ ਜੀ **'ਆਦਿ ਸ਼੍ਰੀ ਗੁਰੂ ਗ੍ਰੰਥ ਸਾਹਿਬ'** ਵਿੱਚੋਂ ਸ਼ਬਦ ਪੜ੍ਹ ਰਹੇ ਸਨ 'ਠਾਕੁਰ ਤੁਮ ਸ਼ਰਨਾਈ ਆਇਆ, ਉਤਰ ਗਇਓ ਮੇਰੇ ਮਨ ਦਾ ਸੰਨਸਾ ਜਬ ਤੇ ਦਰਸਨ ਪਾਇਆ',"ਰਾਮ ਸਿੰਘ ਜੀ ਨੂੰ ਦੇਖ ਕੇ ਗੁਰੂ ਬਾਲਕ ਸਿੰਘ ਜੀ ਆਪ ਉਠ ਖੜੇ ਹੋਏ ਤੇ ਕਿਹਾ ਆਵੋ ਠਾਕੁਰ ਜੀ, ਅਸੀਂ ਤੁਹਾਨੂੰ ਬਹੁਤ ਚਿਰ ਤੋਂ ਉਡੀਕ ਦੇ ਸਾਂ"।[6]

ਸਤਿਗੁਰੂ ਜੀ ਨੇ ਨਾਮਧਾਰੀ ਸਿੱਖਾਂ ਨੂੰ ਭਜਨ-ਬੰਦਗੀ, ਕੀਰਤਨ ਦੀ ਪਰੰਪਰਾ ਨਾਲ ਜੋੜਿਆ।ਨਾਮਧਾਰੀ ਸਿੱਖਾਂ ਨੂੰ ਸਵੇਰੇ ਵੇਲੇ 3 ਵਜੇ ਉਠ ਕੇਸ਼ੀ ਇਸ਼ਨਾਨ ਕਰ ਸਫੈਦ ਵਸਤਰ ਧਾਰਣ ਕਰਕੇ **'ਆਸਾ ਦੀ ਵਾਰ'** ਦਾ ਕੀਰਤਨ ਕਰਨ ਦਾ ਵੀ ਆਦੇਸ਼ ਦਿੱਤਾ।ਆਪ ਨੇ ਬਾਣੀ ਸੰਕਲਨ ਦੇ ਨਾਲ ਪੰਚ-ਗ੍ਰੰਥੀ ਅਤੇ ਦਸ-ਗ੍ਰੰਥੀ ਨਾਮਕ ਪੁਸਤਕਾਂ ਵੀ ਛਪਵਾਈਆਂ।ਸਤਿਗੁਰੂ ਜੀ ਨੇ ਸੰਗੀਤਕ ਪਰੰਪਰਾ ਨੂੰ ਅੱਗੇ ਤੋਰਦਿਆਂ ਹੋਇਆਂ ਸ਼ਾਸ਼ਤਰੀ ਅੰਗ ਦੀ ਗਾਇਕੀ ਨੂੰ ਜਿਆਦਾ ਮਹੱਤਵ ਦਿੱਤਾ

ਅਤੇ'ਆਸਾ ਦੀ ਵਾਰ'ਦਾ ਕੀਰਤਨ ਤੰਤੀ ਸਾਜਾਂ ਉਪਰ ਕਰਨ ਦਾ ਆਦੇਸ਼ ਦਿੱਤਾ।ਜੋ ਅੱਜ ਨਾਮਧਾਰੀ ਸਿੱਖ ਸੰਪ੍ਰਦਾਇ ਦੀ ਇੱਕ ਵਿਲੱਖਣ ਪਹਿਚਾਣ ਮੰਨੀ ਜਾਂਦੀ ਹੈ।ਜੋ ਨਾਮਧਾਰੀ ਕਲਾਕਾਰਾਂ ਦੁਆਰਾ ਗੁਰਮਿਤ ਅਤੇ ਸ਼ਾਸਤਰੀ ਸੰਗੀਤ ਨੂੰ ਜੀਵਿਤ ਰੱਖਣ ਦਾ ਵਿਸ਼ੇਸ਼ ਸਲਾਹਣਯੋਗ ਉਪਰਾਲਾ ਕੀਤਾ ਗਿਆ ਹੈ।ਸਤਿਗੁਰੂ ਰਾਮ ਸਿੰਘ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੀਆਂ ਭਗਤੀ-ਸ਼ਕਤੀ ਦੀਆਂ ਪ੍ਰੰਪਰਾਵਾਂ ਨੂੰ ਅੱਗੇ ਵਧਾਇਆ।ਜਿਸ ਪਿਛੋਂ 13 **ਅਪ੍ਰੈਲ,** 1857 ਈ: ਵਿੱਚ **ਕੂਕਾ ਅੰਦੋਲਨ** ਦੀ ਨੀਂਹ ਰੱਖੀ।ਸਤਿਗੁਰੂ ਜੀ ਦੀ ਬਚਪਨ ਤੋਂ ਹੀ ਭਜਨ-ਬੰਦਗੀ ਵਿੱਚ ਵਧੇਰੇ ਰੁਚੀ ਸੀ।ਅਤੇ ਆਪ ਜੀ ਦੀ ਮਾਤਾ ਸਦਾ ਕੌਰ ਜੀ ਨੂੰ ਵੀ ਕਈ ਬਾਣੀਆਂ ਕੰਠ ਹੋਣ ਕਾਰਨ ਆਪਜੀ ਨੂੰ ਵਿਰਾਸਤ ਵਿੱਚ ਹੀ ਮਿਲੀਆਂ।

"ਸਤਿਗੁਰੂ ਜੀ ਕੀਰਤਨ ਸੁਨਣਾ ਬਹੁਤ ਪਸੰਦ ਕਰਦੇ ਸਨ ਅਤੇ ਨਿਤ ਗੁਰਦੁਆਰੇ ਜਾਂਦੇ।ਆਪ ਇਕ ਵਾਰ ਫਿਰੋਜ਼ਪੁਰ ਜਦੋਂ ਆਪਣੇ ਮਾਮਾ ਜੀ ਦੇ ਪੁੱਤਰ ਖਜਾਨ ਸਿੰਘ ਦੇ ਘਰ ਬੁਲਾਵੇ ਤੇ ਗਏ ਤਾਂ ਉਥੇ ਸਭ ਦਾ ਖਾਣਾ ਇਕੋ ਹੀ ਸਥਾਨ ਤੇ ਸੀ, **ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼** ਵੀ ਸੀ, ਸਿੱਖ ਪਾਠ ਕਰਦੇ, ਦੀਵਾਨ ਦੋਨੇਂ ਸਮੇਂ ਹੁੰਦਾ **'ਆਸਾ ਦੀ ਵਾਰ'** ਲੱਗਦੀ ਤਾਂ ਸਭ ਸੁਣਦੇ।ਰਾਤ ਨੂੰ ਸ਼ਬਦ ਵੀ ਪੜ੍ਹੇ ਜਾਂਦੇ ਢੋਲਕ ਦੇ ਨਾਲ ਇਸ਼ਨਾਨ ਅੰਮ੍ਰਿਤ ਸਮੇਂ (ਪ੍ਰਾਤਾ-ਕਾਲ) ਕਰਦੇ ਆਪ ਹੀ 'ਆਸਾ ਦੀ ਵਾਰ' ਵੀ ਪੜ੍ਹ ਲੈਂਦੇ।ਰਹਿਰਾਸ ਦੇ ਸਮੇਂ **'ਰਹਿਰਾਸ' ਪੜ੍ਹਦੇ'** ਆਰਤੀ ਸੋਹਿਲਾ ਪੜ੍ਹਕੇ ਪ੍ਰਾਥਨਾ ਕਰਕੇ ਬਿਰਾਜ ਜਾਂਦੇ ਸਵਾ ਪਹਿਰ ਰਾਤ ਰਹਿੰਦੀ ਤਾਂ ਉਠਕੇ ਇਸ਼ਨਾਨ ਕਰਕੇ, ਸਮਾਧੀ ਲਗਾ ਕੇ ਬੈਠ ਜਾਂਦੇ, ਰਚਨਾ ਦਾ ਭਜਨ ਕਰਦੇ ।"[7]

ਸਤਿਗੁਰੂ ਰਾਮ ਸਿੰਘ ਜੀ ਨੇ ਬਾਣੀ ਨੂੰ ਸ਼ੁਧ ਰੂਪ ਵਿੱਚ ਗਾਇਨ ਕਰਨ ਦੀ ਪ੍ਰਥਾ ਤੇ ਜ਼ੋਰ ਦਿੱਤਾ।ਜਿਸ ਨੂੰ **ਢੋਲਕੀਆਂ-ਛੈਣਿਆਂ** ਨਾਲ ਗਾਇਆ ਜਾਣ ਲੱਗਾ।ਜਿਸ ਤੋ ਪਤਾ ਲਗਦਾ ਹੈ ਕਿ ਆਸਾ ਦੀ ਵਾਰ ਅਤੇ ਗੁਰਬਾਣੀ ਦਾ ਕੀਰਤਨ ਕਰਨਾ ਲਾਜਮੀ ਸੀ ਬਾਣੀ ਦੇ ਗਾਇਨ ਨੂੰ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੀ ਮਹੱਤਵਪੂਰਨ ਸਮਝਿਆ ਜਾਂਦਾ ਰਿਹਾ ਹੈ।ਢੋਲਕ-ਛੈਣਿਆਂ ਨਾਲ ਹੱਲੇ ਦਾ ਕੀਰਤਨ, ਪੰਚਮ ਸੁਰਾਂ ਵਿੱਚ ਕੀਰਤਨ ਕਰਨ ਨਾਲ ਦੂਰ-ਦੂਰ ਤੱਕ ਆਵਾਜ ਜਾਂਦੀ।ਸਤਿਗੁਰਾਂ ਦੇ ਬਚਨਾਂ ਅਨੁਸਾਰ ਢੋਲਕ ਦੀ ਆਵਾਜ ਸੁਣ ਕੇ ਪ੍ਰੇਤ ਆਤਮਾਵਾਂ ਦੀ ਵੀ ਮੁਕਤੀ ਹੋ ਜਾਂਦੀ ਸੀ।ਨਾਮਧਾਰੀ ਦੀਵਾਨਾ ਵਿੱਚ ਅਜਿਹਾਂ ਮਸਤੀ ਦਾ ਆਲਮ ਵੀ ਦੇਖਿਆ ਜਾਦਾਂ ਸੀ ਜਿਸ ਦਾ ਜਿਕਰ ਬਾਰਾਂਮਾਹ ਸਾਹਿਤ ਵਿੱਚ ਵੀ ਪ੍ਰਾਪਤ ਹੁੰਦਾ ਹੈ।ਜਿਸ ਦਾ ਵਰਨਣ ਹੇਠਾਂ ਕੀਤਾ ਗਿਆ ਹੈ।

**'ਵਜੇ ਢੋਲਕ, ਛੈਣੇ ਖੜਕਣ, ਹੱਲੇ ਦੇ ਸ਼ਬਦ, ਕਲੇਜੇ ਰੜਕਣ।**

**ਬੀਬੀਆਂ ਵਾਂਗ ਕਬੂਤਰ ਫੜਕਣ, ਕਰਦੀਆਂ ਨਿਰਤ ਪੈਰ ਨਹੀਂ ਅਟਕਣ।**

**ਖੁੱਲੇ ਕੇਸ ਗਲੇ ਵਿੱਚ ਲਟਕਣ, ਸੋਭਾ ਪਾਂਵਦੇ।'**[8]

ਸੰਗੀਤ ਦੀ ਗੱਲ ਕਰੀਏ ਤਾ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਦਿੱਤੂ ਨਾਂ ਦੇ ਵਿਅਕਤੀ ਨੂੰ ਅੰਮ੍ਰਿਤਸਰ ਸਿਖਿਆ ਲੈਣ ਲਈ ਭੇਜਿਆ ਗਿਆ।ਜਿਸ ਦਾ ਨਾਮ ਗੁਰਦਿੱਤ ਰੱਖਿਆ ਗਿਆ।ਜੋ ਉਸ ਸਮੇਂ ਦਾ ਪ੍ਰਸਿੱਧ ਕੀਰਤਨਕਾਰ ਦੱਸਿਆ ਜਾਦਾ ਹੈ।

## ਸਤਿਗੁਰੂ ਹਰੀ ਸਿੰਘ ਜੀ (1819-1906)

**ਨਾਮਧਾਰੀ ਸਿੱਖ ਗੁਰੂ ਹਰੀ ਸਿੰਘ ਜੀ** ਨੂੰ ਆਪਣੀ ਅਰਦਾਸ ਵਿੱਚ '**ਜੋਤ ਕਾ ਜਾਮਾ**' ਸ਼ਬਦ ਨਾਲ ਸੰਬੋਧਿਤ ਕਰਦੇ ਹਨ।ਆਪ ਜੀ ਦਾ ਪ੍ਰਕਾਸ਼ ਅਸੂ ਦੇ ਤੀਜੇ ਨਰਾਤੇ,ਬੁਧਵਾਰ **ਸੰਮਤ** 1876 **ਬਿਕ੍ਰਮੀ ਮੁਤਾਬਿਕ** 1819 **ਈਸਵੀ** ਨੂੰ ਪਿੰਡ ਰਾਈਆਂ ਵਿਖੇ ਹੋਇਆ।ਆਪ ਜੀ ਦਾ ਜਨਮ ਬੁੱਧਵਾਰ ਦੇ ਦਿਨ ਹੋਇਆ ਜਿਸ ਕਾਰਨ ਆਪ ਦਾ ਨਾਮ ਬੁੱਧ ਸਿੰਘ ਰੱਖਿਆ ਗਿਆ।

ਆਪ ਜਦੋਂ ਨਾਮਧਾਰੀ ਸੰਪ੍ਰਦਾਇ ਦੇ ਗੱਦੀਨਸ਼ੀਨ ਹੋਏ ਤਾਂ ਆਪ ਜੀ ਦਾ ਨਾਮ ਬਦਲ ਕੇ ਹਰੀ ਸਿੰਘ ਰੱਖ ਦਿੱਤਾ ਗਿਆ।ਆਪ ਜੀ ਨੇ ਆਪਣੀ ਗੱਦੀ ਸੰਭਾਲਣ ਪਿਛੋਂ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਗਈ ਦਿਵਾਨਾਂ ਦੀ ਲੜੀ ਨੰ ਅੱਗੇ ਤੋਰਿਆ।ਆਪ ਜੀ ਦਾ ਵਿਆਹ 7 ਸਾਲ ਦੀ ਉਮਰ ਵਿੱਚ ਬੀਬੀ ਸਾਹਿਬੋ,ਪਿੰਡ ਮਾਦਪੁਰ,ਜਿਲ੍ਹਾ ਲੁਧਿਆਣਾ ਵਿਖੇ ਹੋਇਆ।ਨਾਮਧਾਰੀ ਸਿੱਖ-ਸੰਗਤਾਂ ਰੋਜ਼ਾਨਾ ਹੀ ਅਰਦਾਸ ਵਿੱਚ '**ਜੋਤ ਕਾ ਜਾਮਾ ਸਤਿਗੁਰੂ ਹਰੀ ਸਿੰਘ ਜੀ ਸਿਮਰੀਐ ਜਿੰਨਾਂ ਟੁੱਟੀ ਲਈ ਮਿਲਾਇ**' ਸ਼ਬਦ ਨਾਲ ਯਾਦ ਕਰਦੀਆਂ ਹਨ।ਨਾਮਧਾਰੀ ਇਤਿਹਾਸ ਵਿੱਚ ਸਤਿਗੁਰੂ ਹਰੀ ਸਿੰਘ ਜੀ ਦਾ ਗੌਰਵਮਈ ਇਤਿਹਾਸਿਕ ਯੋਗਦਾਨ ਹੈ।ਸਤਿਗੁਰੂ ਹਰੀ ਸਿੰਘ ਜਦੋਂ ਸਤਿਗੁਰੂ ਰਾਮ ਸਿੰਘ ਜੀ ਦੇ ਦੇਸ਼ ਨਿਸ਼ਕਾਸਨ ਪਿੱਛੋਂ ਗੁਰੂ ਗੱਦੀ ਤੇ ਬੈਠੇ ਤਾਂ ਉਸੇ ਸਮੇਂ ਸਤਿਗੁਰੂ ਰਾਮ ਸਿੰਘ ਜੀ ਦੇ ਪਰਿਵਾਰਕ ਮੈਂਬਰਾਂ ਉਪਰ ਸਖਤ ਨਿਗਰਾਨੀ ਰੱਖੀ ਜਾਂਦੀ ਸੀ ਤੇ ਭੈਣੀ ਸਾਹਿਬ, ਜੋ ਕਿ ਨਾਮਧਾਰੀ ਸਿੱਖਾਂ ਦਾ ਕੇਂਦਰ ਹੈ, ਉਥੇ ਪੰਜ ਸਿੱਖਾਂ ਦਾ ਇਕੱਠੇ ਅੰਦਰ ਜਾਣਾ ਵੀ ਮਨ੍ਹਾ ਸੀ।ਪ੍ਰੰਤੂ ਫਿਰ ਵੀ ਸਤਿਗੁਰੂ ਹਰੀ ਸਿੰਘ ਜੀ ਨੇ ਗਰਬਾਣੀ ਪੜ੍ਹਨ ਅਤੇ ਭਜਨ ਬੰਦਗੀ ਦੇ ਨਾਲ ਨਾਲ '**ਆਖੰਡ ਮਰਿਯਾਦਾ**' ਨੂੰ ਵੀ ਕਾਇਮ ਰੱਖਿਆ।

ਗੁਰਬਾਣੀ ਕੀਰਤਨ ਦੇ ਨਾਲ-ਨਾਲ ਸੰਗੀਤਕ ਧੁੰਨਾਂ ਵੀ ਗੂੰਜਦੀਆਂ ਅਤੇ ਵਰਨੀਆਂ ਹਵਨ ਵੀ ਕਰਵਾਏ ਜਾਂਦੇ।ਜਿਸ ਰਿਵਾਇਤ ਨੂੰ ਹਰੀ ਸਿੰਘ ਜੀ ਦੁਆਰਾ

ਅੱਗੇ ਤੋਰਿਆ ਗਿਆ।ਸਤਿਗੁਰੂ ਹਰੀ ਸਿੰਘ ਜੀ ਨੇ ਨਾਮਧਾਰੀਆਂ ਦੇ ਧਾਰਮਿਕ, ਸਮਾਜਿਕ ਅਤੇ ਸਭਿਆਚਾਰਕ ਸੰਗਠਨ ਨੂੰ ਸਥਿਰ ਰੱਖਣ ਲਈ 34 ਸਾਲਾਂ ਤੱਕ ਬੜਾ ਸੰਘਰਸ਼ ਕੀਤਾ।ਆਪ ਜੀ ਨੇ ਸਰਕਾਰ ਦੀਆਂ ਪਾਬੰਦੀਆਂ ਦੇ ਹੁੰਦੇ ਹੋਏ ਵੀ ਆਦਿ ਗ੍ਰੰਥ ਅਤੇ ਦਸਮ ਗ੍ਰੰਥ ਦੇ ਸਹਿਜ ਅਤੇ ਅਖੰਡ ਪਾਠਾਂ ਨੂੰ ਵੀ ਜਾਰੀ ਰੱਖਿਆ।ਆਪ ਨੇ **'ਆਦਿ ਗ੍ਰੰਥ'** ਦੇ 101 ਅਖੰਡ ਪਾਠ 1875 ਅਤੇ ਏਨੇ ਹੀ 1876 ਵਿੱਚ ਕਰਵਾਏ।

ਆਪ ਨੇ ਸੰਮਤ 1931 **ਬਿ. ਮੁਤਾਬਿਕ ਸੰਨ** 1874 **ਈ.** ਵਿੱਚ ਆਦਿ **ਸ੍ਰੀ ਗੁਰੁ ਗ੍ਰੰਥ ਸਾਹਿਬ ਜੀ ਦੇ ਪੰਜ ਆਖੰਡ ਪਾਠਾਂ ਦੀ ਮਰਿਆਯਾ** ਕਾਇਮ ਕੀਤੀ।ਜੋ ਅੱਜ ਵੀ ਪ੍ਰਚਲਿਤ ਹੈ ਪ੍ਰੰਤੂ ਉਸ ਸਮੇਂ ਇਸ ਨੂੰ ਇੱਕ ਜੁਰਮ ਸਮਝਿਆਂ ਜਾਦਾਂ ਸੀ।ਜਿਸ ਲਈ ਸਜਾਵਾਂ ਭੁਗਤਨੀਆਂ ਪੈਂਦੀਆਂ ਸਨ।ਸਤਿਗੁਰੂ ਜੀ ਨੇ ਪੰਥ ਨੂੰ ਡੋਲਣ ਤੋਂ ਬਚਾਉਦੇ ਹੋਏ ਨਾਮਧਾਰੀ ਸਿੱਖਾਂ ਦੇ ਆਚਰਨ ਵਿੱਚ ਦ੍ਰਿੜਤਾ ਕਾਇਮ ਕੀਤੀ।ਹਰੀ ਸਿੰਘ ਜੀ ਨੇ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਚਲਾਈ ਸ਼ਬਦ ਕੀਰਤਨ ਦੀ ਪ੍ਰਥਾ ਨੂੰ ਸਥਿਰ ਰੱਖਦਿਆਂ ਸੰਗੀਤ ਕਲਾ ਨੂੰ ਇੱਕ ਸ਼ਕਤੀ ਸਰੋਤ ਸਮਝਿਆ।ਨਾਮ, ਬਾਣੀ, ਕਥਾ, ਕੀਰਤਨ ਦੇ ਪ੍ਰਵਾਹ ਵਿੱਚ ਕੋਈ ਢਿੱਲ ਨਹੀਂ ਆਉਣ ਦਿੱਤੀ।ਜੇਕਰ ਥੋੜੇ ਸ਼ਬਦਾਂ ਵਿੱਚ ਸਤਿਗੁਰੂ ਹਰੀ ਸਿੰਘ ਜੀ ਦੇ ਪਾਵਨ ਪਵਿਤਰ ਵਿਅਕਤੀਤੱਵ ਬਾਰੇ ਕਹਿਣਾ ਹੋਏ ਤਾਂ ਇਹਨਾਂ ਸਤਰਾਂ ਦੇ ਲੇਖਕ ਨੂੰ ਆਪ ਬਾਬਾ ਫਰੀਦ ਜੀ ਦੇ ਸਲੋਕ ਦੇ ਸ਼ਬਦਾਂ

**'ਦਰਵੇਸਾਂ ਨੋ ਲੋੜੀਐ, ਰੁਖਾਂ ਦੀ ਜੀਰਾਂਦਿ।'**

**(ਸਲੋਕ ਫਰੀਦ** 60, **ਪੰਨਾ** 1381)

**'ਸਭਨਾ ਮਨ ਮਾਣਿਕ, ਠਾਹੁਣ ਮੂਲਿ ਮਚਾਂਗਵਾ।**

**ਝੇ ਤਉ ਪਿਰੀਆ ਦੀ ਸਿਕ, ਹਿਆਉ ਨ ਠਾਹੇ ਕਹੀਦਾ।**

**(ਸਲੋਕ ਫਰੀਦ** 130, **ਪੰਨਾ** 1384)

ਦੇ ਸਾਖਿਆਤ ਸਰੂਪ ਜਾਪਦੇ ਹਨ।[9]

ਸਤਿਗੁਰੂ ਹਰੀ ਸਿੰਘ ਜੀ ਤੋਂ ਭਾਈ ਦਿੱਤੂ ਕੀਰਤਨ ਦੀ ਸਿੱਖਿਆ ਲੈਣ ਆਇਆ ਤਾਂ ਸਤਿਗੁਰ ਜੀ ਨੇ ਉਸ ਦਾ ਨਾਮ ਬਦਲ ਕੇ ਗੁਰਦਿੱਤ ਸਿੰਘ ਰੱਖ ਦਿੱਤਾ।ਗੁਰਦਿੱਤ ਸਿੰਘ ਦਾ ਪੁੱਤਰ ਭਾਈ ਮੌਲੀ ਅਤੇ ਭਾਈ ਮੌਲੀ ਦਾ ਛੋਟਾ ਭਾਈ ਛਿੰਦਾ ਅਤੇ ਮੌਲੀ ਸਤਿਗੁਰੂ ਹਰੀ ਸਿੰਘ ਜੀ ਪਾਸ ਕੀਰਤਨ ਕਰਦੇ ਹੁੰਦੇ ਸਨ।ਭਾਈ ਮੌਲੀ ਦਾ ਨਾਮ ਜੈ ਸਿੰਘ ਵੀ ਸਤਿਗੁਰ ਜੀ ਨੇ ਹੀ ਰੱਖਿਆ ਸੀ।ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਭਾਈ ਨੱਥਾ ਸਿੰਘ, ਭਾਈ ਕੱਥਾ ਸਿੰਘ, ਭਾਈ ਮੇਲਾ ਸਿੰਘ, ਭਾਈ

ਖਜਾਨ ਸਿੰਘ, ਭਾਈ ਜੈਮਲ ਸਿੰਘ ਜੋੜੀ ਵਾਲਾ, ਭਾਈ ਰਤਨ ਸਿੰਘ, ਭਾਈ ਹਰਨਾਮ ਸਿੰਘ ਅਤੇ ਭਾਈ ਸੁਜਾਨ ਸਿੰਘ ਰਾਗੀ ਕੀਰਤਨ ਕਰਿਆ ਕਰਦੇ ਸਨ। ਜਿੰਨਾਂ ਤੋ ਇਲਾਵਾ ਇੱਕ ਜੋੜੀ ਰਾਗੀਆਂ ਦੀ ਵੀ ਸੀ ਜੋ ਛੈਣਿਆ ਨਾਲ ਕੀਰਤਨ ਕਰਦੇ। ਭਾਈ ਕਾਲੂ ਜੀ ਨਾਰੋਵਾਲ ਦੇ ਨਾਲ ਉਨਾਂ ਦੇ ਸਾਥੀ ਭਾਈ ਫੱਤੂ ਅਤੇ ਭਾਈ ਮੱਤੂ ਜੀ ਦਾ ਵੀ ਨਾਮ ਆਉਦਾਂ ਹੈ।

ਜਿੰਨਾਂ ਦੇ ਕੀਰਤਨ ਨੂੰ ਸੁਣ ਕੇ ਅਨੇਕ ਮਨਮਤੀਏ ਸਿੱਖ ਨਾਮਧਾਰੀ ਵੀ ਸਜੇ। ਸਤਿਗੁਰੂ ਹਰੀ ਸਿੰਘ ਜੀ ਦੀ ਹਜੂਰੀ ਵਿੱਚ ਢਾਡੀਆਂ ਦੀਆਂ ਕਈ ਜੋੜੀਆਂ ਆਉਦੀਆਂ। ਜਿੰਨਾਂ ਦਾ ਕੀਰਤਨ ਸੁਣਨਾ ਵੀ ਮੁਸ਼ਕਿਲ ਹੋ ਜਾਂਦਾ। ਸਤਿਗੁਰੂ ਜੀ ਦੇ ਹੁਕਮ ਅਨੁਸਾਰ ਅੰਮ੍ਰਿਤ ਛਕੇ ਅਤੇ ਸਿੱਖੀ ਮਰਿਯਾਦਾ ਵਾਲੇ ਸਿੱਖਾਂ ਨੂੰ ਹੀ ਰਾਗੀ ਅਤੇ ਢਾਡੀ ਮੰਨਿਆ ਜਾਂਦਾ ਸੀ।

ਸਤਿਗੁਰੂ ਹਰੀ ਸਿੰਘ ਜੀ ਦੇ ਸਮੇਂ ਢੋਂਲਕ ਅਤੇ ਛੈਣਿਆਂ ਦੇ ਦੀਵਾਨ ਵਧੇਰੇ ਆਕਰਸ਼ਕ ਲਗਦੇ ਸਨ। ਸੰਤ ਭਗਤ ਸਿੰਘ ਦਾਤੇਵਾਲੀਏ ਹੀ ਸੀ,ਜਿਸ ਨੇ ਦੀਵਾਨਾਂ ਵਿੱਚ ਖੜੇ ਹੋ ਕੇ ਕੀਰਤਨ ਕਰਨ ਦੀ ਰੀਤ ਚਲਾਈ ਸੀ। ਸਤਿਗੁਰ ਜੀ ਦੇ ਅਨੇਕਾਂ ਹੀ ਅਜਿਹੇ ਸਿੱਖ ਵੀ ਹੋਏ ਸਨ ਜਿੰਨਾਂ ਨੂੰ ਉਹਨਾਂ ਦੇ ਚਰਨਾਂ ਦੇ ਭੌਰੇ ਮੰਨਿਆ ਜਾਂਦਾ ਸੀ। ਸਤਿਗੁਰੂ ਹਰੀ ਸਿੰਘ ਜੀ ਦੇ ਜੋਤੀ-ਜੋਤ ਸਮਾਏ ਜਾਣ ਪਿਛੋਂ ਸੰਤ ਭਗਤ ਸਿੰਘ ਜੀ ਦਾਤੇਵਾਲੀਏ ਨੇ ਸ਼੍ਰੀ ਹਰੀ ਮੰਦਰ ਤੋਂ ਅਕਾਲ ਬੁੰਗੇ ਤਕ ਨਿਰੰਤਰ ਅੱਠ ਦਿਨ ਤੱਕ ਕੀਰਤਨ ਕੀਤਾ ਅਤੇ ਦੀਵਾਨ ਵੀ ਸਜਾਏ।

### ਸਤਿਗੁਰੂ ਪ੍ਰਤਾਪ ਸਿੰਘ ਜੀ (1889-1959)

ਨਾਮਧਾਰੀ ਸਿੱਖਾਂ ਦੁਆਰਾ **ਸਤਿਗੁਰੂ ਪ੍ਰਤਾਪ ਸਿੰਘ ਜੀ** ਨੂੰ '**ਅਟੱਲ ਪ੍ਰਤਾਪੀ**' ਸ਼ਬਦ ਨਾਲ ਸੰਬੋਧਿਤ ਕੀਤਾ ਜਾਂਦਾ ਹੈ। ਜਿਸ ਦਾ ਪ੍ਰਤੱਖ ਰੂਪ ਅਰਦਾਸ ਵਿੱਚ ਵੇਖਿਆ ਜਾ ਸਕਦਾ ਹੈ। ਜਿਨ੍ਹਾਂ ਨੂੰ **"ਮੁਕਤੀਦਾਤਾ ਸਤਿਗੁਰੂ ਦੇ ਰੂਪ"** ਵਿੱਚ ਵੀ ਮੰਨਦੇ ਹਨ। ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਜਨਮ 1946 **(ਬਿਕਰਮੀ ਸੰਮਤ) ਸੰਨ 9 ਮਾਰਚ,** 1890 **ਈ:** ਵਿੱਚ ਸਤਿਗੁਰੂ ਹਰੀ ਸਿੰਘ ਦੇ ਘਰ ਹੋਇਆ।

ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਮਨ ਵਿੱਚ 9 ਸਾਲ ਦੀ ਉਮਰ ਵਿੱਚ ਹੀ '**ਸ਼੍ਰੀ ਗੁਰੂ ਗ੍ਰੰਥ ਸਾਹਿਬ**' ਹੀ ਉਠਕੇ '**ਆਸਾ ਦੀ ਵਾਰ**' ਦੇ ਕੀਰਤਨ ਕਰਨ ਤੇ ਸ਼ਾਮ ਵੇਲੇ ਆਪਣੀਆਂ ਜੋਟੀਆਂ ਨਾਲ ਮਿਲ ਕੇ ਸ਼ਬਦ ਪੜਨ ਵੱਲ ਸੀ। ਸਤਿਗੁਰੂ ਜੀ ਨੇ ਛੋਟੀ ਉਮਰ ਵਿੱਚ ਹੀ ਸੰਗੀਤ ਨੂੰ ਆਪਣੇ ਪਿਤਾ ਜੀ ਦੇ ਰਾਗੀਆਂ ਤੋਂ ਹੀ ਗ੍ਰਹਿਣ ਕੀਤਾ ਅਤੇ ਸੰਗੀਤ ਪ੍ਰਤੀ ਵਧੇਰੇ ਰੁਚੀ ਹੋਣ ਕਾਰਨ ਆਪ ਜੀ ਨੇ ਪਟਿਆਲਾ ਤੋਂ ਭਾਈ ਮਸਤਾਨ ਸਿੰਘ ਜੀ ਅਤੇ ਭਾਈ ਕਾਲੂ ਜੀ ਨਾਰੋਵਾਲ ਕੋਟਲੀ ਰਾਮਦਾਸ ਤੋਂ ਸੰਗੀਤਕ ਸਿੱਖਿਆ ਪ੍ਰਾਪਤ ਕੀਤੀ।

ਆਪ ਜੀ ਦਾ ਪ੍ਰਿਯ ਸਾਜ਼ ਦਿਲਰੁਬਾ ਸੀ ਅਤੇ ਸਤਿਗੁਰੂ ਜੀ ਧਰੁਪਦ,ਧਮਾਰ ਵਿੱਚ ਵਧੇਰੇ ਰੁਚੀ ਰੱਖਦੇ ਸਨ।ਸਤਿਗੁਰੂ ਜੀ ਤੰਤੀ ਸਾਜ਼ਾਂ ਦੇ ਨਾਲ-ਨਾਲ ਪਖਾਵਜ ਦਾ ਵੀ ਗਿਆਨ ਰੱਖਦੇ ਸਨ ਆਪ ਦੁਆਰਾ ਦਰਬਾਰ ਵਿੱਚ ਵੱਖੋ-ਵੱਖਰੇ ਰਾਗਾਂ ਦੇ ਆਧਾਰ ਤੇ **'ਆਸਾ ਦੀ ਵਾਰ'** ਦੇ ਕੀਰਤਨ ਨਾਲ ਜਦੋਂ ਦਿਲਰੁਬਾ ਵਜਾਈ ਜਾਂਦੀ ਤਾਂ ਸਾਰੇ ਹੀ ਮੰਤਰ ਮੁਗਧ ਹੋ ਜਾਂਦੇ।ਸਤਿਗੁਰੂ ਜੀ ਅਨੇਕਾਂ ਹੀ ਰਾਗੀਆਂ ਅਤੇ ਰਬਾਬੀਆਂ ਨੂੰ ਕੀਰਤਨ ਕਰਨ ਲਈ ਵੀ ਬੁਲਾਉਂਦੇ।ਪੁਰਾਤਨ ਰਾਗਾਂ ਜਾਂ ਬੰਦਿਸ਼ਾਂ ਨੂੰ ਸੰਭਾਲਦੇ ਹੋਏ ਧਰੁਪਦ, ਖਿਆਲ ਅਤੇ ਠੁਮਰੀਆਂ  ਦੇ ਰੂਪ ਵਿੱਚ ਬਾਣੀ ਦੇ ਸ਼ਬਦਾਂ ਨੂੰ ਗਾਉਣਾ ਵੀ ਆਰੰਭ ਕੀਤਾ ਅਤੇ ਇਹਨਾਂ ਬਾਣੀਆਂ ਦੇ ਗਾਇਨ ਲਈ ਧਮਾਰ, ਤਿੰਨ ਤਾਲ ਅਤੇ ਪੰਜਾਬੀ ਠੇਕੇ ਦੀ ਵਧੇਰੇ ਵਰਤੋਂ ਕਰਦੇ ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ, ਹਰੀ ਸਿੰਘ ਜੀ ਦੁਆਰਾ ਚਲਾਈ ਗਈ ਸਾਸ਼ਤਰੀ ਸੰਗੀਤ ਦੀ ਪ੍ਰੰਪਰਾ ਨੂੰ ਅੱਗੇ ਤੋਰਨ ਲਈ ਵਧੇਰੇ ਚਿੰਤਤ ਰਹਿੰਦੇ।

1933 **ਈ:** ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ **ਨੇ ਸ਼੍ਰੀ ਭੈਣੀ ਸਾਹਿਬ** ਵਿਖੇ **ਗੁਰਮਿਤ ਸੰਗੀਤ ਸੰਮੇਲਨ** ਆਰੰਭ ਕਰਵਾਏ।ਸਤਿਗੁਰੂ ਹਰੀ ਸਿੰਘ ਜੀ ਨੇ 16 ਸਾਲ ਦੀ ਉਮਰ ਵਿੱਚ ਹੀ 1963 **ਬਿਕਰਮੀ ਸੰਮਤ,ਸੰਨ** 1906 ਈਂ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਗੁਰਗੱਦੀ ਥਾਪ ਦਿੱਤੀ।ਆਪ ਨੇ ਗੁਰਗੱਦੀ ਤੇ ਬੈਠਦੇ ਹੀ ਅਨੇਕਾਂ ਸੰਗੀਤ ਕਲਾਕਾਰਾਂ ਨਾਲ ਸੰਪਰਕ ਬਣਾਉਣਾ ਆਰੰਭ ਕੀਤਾ।ਜਿਨਾਂ ਵਿੱਚ ਵਿਸ਼ਨੂੰ ਦਿਗੰਬਰ ਪੁਲਸਕਰ ਜੀ ਦਾ ਨਾਮ ਵੀ ਆਉਦਾ ਹੈ।ਆਪ ਜੀ ਨੂੰ ਧਰੁਪਦ ਅਤੇ ਧਮਾਰ ਗਾਇਕੀ ਵਧੇਰੇ ਪਸੰਦ ਸੀ।ਆਪ ਜੀ ਵੱਡੇ-ਵੱਡੇ ਰਾਗੀਆ-ਰਬਾਬੀਆ ਨਾਲ ਕੀਰਤਨ ਕਰਦੇ ਅਤੇ ਦਿਲਰੁਬਾ ਸਾਜ਼ ਵੀ ਵਜਾਉਂਦੇ।ਜਿਸ ਦੀਆ ਧੁਨਾਂ ਸਾਰੇ ਸਰੋਤਿਆਂ ਨੂੰ ਮੰਤਰ-ਮੁਗਧ ਕਰ ਦਿੰਦੀਆ।

"ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਪਿਤਾ ਸਤਿਗੁਰੂ ਹਰੀ ਸਿੰਘ ਜੀ ਸੰਗੀਤ ਪ੍ਰੇਮੀ ਅਤੇ ਸੰਗੀਤ ਦੇ ਸਰਪ੍ਰਸਤ ਤਾਂ ਸਨ, ਪ੍ਰੰਤੂ ਸੰਗੀਤਕਾਰ ਨਹੀਂ ਸਨ।ਜਿਸ ਕਾਰਨ ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ ਸੰਗੀਤ ਵਿਰਸੇ ਵਿੱਚੋਂ ਪ੍ਰਾਪਤ ਨਹੀਂ ਸੀ ਹੋਇਆ,ਪਰ ਵੇਲੇ ਦਾ ਕੀਰਤਨ ਸੁਣਨਾ ਜ਼ਰੂਰ ਵਿਰਸੇ ਵਿੱਚੋਂ ਪ੍ਰਾਪਤ ਹੋਇਆ।"[10]

ਸਤਿਗੁਰੂ ਪ੍ਰਤਾਪ ਸਿੰਘ ਜੀ ਨੂੰ **ਇਕ-ਤਾਲ, ਜੈਤਾਲ, ਇੰਦਰ ਤਾਲ, ਆੜਾ, ਚੁਤਾਲਾ, ਲੱਬ, ਚੰਚਲ ਤੇ ਤਿੰਨ ਤਾਲ** ਵਿੱਚ ਰਾਗਾਂ ਦੀ ਮੁਹਾਰਤ ਪ੍ਰਾਪਤ ਸੀ।ਸਤਿਗੁਰੂ ਜੀ ਧਮਾਰ ਅਤੇ ਧਰੁਪਦ ਗਾਇਕੀ ਵਿੱਚ ਵੀ ਵਧੇਰੇ ਦਿਲਚਸਪੀ ਰੱਖਦੇ ਸਨ।ਸਤਿਗੁਰੂ ਜੀ ਬਾਣੀ ਨੂੰ ਰਾਗਾਂ ਦੇ ਆਧਾਰ ਤੇ ਸ਼ੁੱਧ ਉਚਾਰਣ ਦੀ ਸਿੱਖਿਆ ਦਿੰਦੇ।

**ਬੰਧੂ ਸਰਦਾਰ ਵਰਿੰਦਰ ਸਿੰਘ ਵੀ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ,**"ਸਤਿਗੁਰੂ ਪ੍ਰਤਾਪ ਸਿੰਘ ਜੀ ਸੰਗੀਤਕ ਆਤਮਾ ਸਨ ਉਹ ਖੁਦ ਤਾਊਸ ਵਜਾਉਂਦੇ ਤਥਾ ਆਪਣੇ ਸਿੱਖਾਂ ਦੀ ਕੀਰਤਨ ਮਰਿਆਦਾ ਵਿੱਚ ਉਹਨਾਂ ਦੀ ਅਗਵਾਈ ਵੀ ਕਰਦੇ।ਉਹ ਮਹਾਨ ਗਿਆਨੀ ਸਰਪਰਸਤ ਤਥਾ ਪੰਜਾਬ ਦੇ ਸੰਗੀਤਕਾਰਾਂ ਦੇ ਕੇਂਦਰ ਬਿੰਦੂ ਬਣ ਗਏ'।[11]

ਸਤਿਗੁਰੂ ਜੀ ਨੇ ਸੰਗੀਤ ਦੀ ਸਿੱਖਿਆ ਆਪਣੇ ਸਪੁੱਤਰ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਹਾਰਾਜ ਬੀਰ ਸਿੰਘ ਜੀ ਨੂੰ ਵੀ ਪ੍ਰਦਾਨ ਕਰਵਾਈ।ਜਿੰਨਾਂ ਨੂੰ **ਭਾਈ ਹਰਨਾਮ ਸਿੰਘ ਚਵਿੰਡੇ ਵਾਲੇ, ਮਹੰਤ ਗੱਜਾ ਸਿੰਘ ਦੇ ਸ਼ਾਗਿਰਦ ਮਸਤਾਨ ਸਿੰਘ** ਜੀ ਕੋਲੋ ਸਿੱਖਿਆ ਲੈਣ ਦਾ ਮਾਣ ਪ੍ਰਾਪਤ ਹੋਇਆ।ਸਤਿਗੁਰੂ ਜੀ ਸੰਗੀਤਕ ਗਤੀਵਿਧੀਆਂ ਵਿੱਚ ਆਨੰਦ ਮਹਿਸੂਸ ਕਰਦੇ ਸਨ।ਜੋ ਇਕੋ ਹੀ ਸਮੇਂ ਮਹਾਂਗਿਆਨੀ, ਮਹਾਰਾਜ, ਮਹਾਤਪੱਸਵੀ, ਮਹਾਤੇਜੱਸਵੀ, ਮਹਾ ਸੰਗੀਤਅਗੱਯ ਅਤੇ ਹਰੇਕ ਕਲਾ ਦੇ ਪਾਰਖੂ ਸਨ।

## ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ (1920-2012)

ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਸਾਸ਼ਤਰੀ ਸੰਗੀਤ ਨੂੰ ਬੁਲੰਦੀਆਂ ਤੱਕ ਪਹੁੰਚਾਉਣ ਵਿੱਚ ਵਧੇਰੇ ਯੋਗਦਾਨ **ਸਤਿਗੁਰੂ ਜਗਜੀਤ ਸਿੰਘ ਜੀ** ਦਾ ਮੰਨਿਆ ਜਾਂਦਾ ਹੈ।ਜਿਨ੍ਹਾਂ ਦਾ ਜਨਮ ਹੀ ਸੰਗੀਤ ਲਈ ਹੋਇਆ।ਆਪ ਜੀ ਦਾ ਪ੍ਰਕਾਸ਼ 22 **ਨਵੰਬਰ** 1920 **ਈ:ਮੁਤਾਬਿਕ** 8 **ਮੱਘਰ ਸੰਮਤ** 1977 **ਬਿਕ੍ਰਮੀ** ਦੇ ਸੁਭਾਗੇ ਦਿਨ ਸੋਮਵਾਰ ਨੂੰ ਸ੍ਰੀ ਭੈਣੀ ਸਾਹਿਬ ਵਿਖੇ ਮਾਤਾ ਭੁਪਿੰਦਰ ਕੌਰ ਜੀ ਦੇ ਘਰ ਹੋਇਆ।ਸਤਿਗੁਰੂ ਜੀ ਨੇ ਗੁਰੂਗੱਦੀ ਤੇ ਬਿਰਾਜਮਾਨ ਹੋ ਕੇ ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਸੰਗੀਤ ਦੀ ਇੱਕ ਨਵੀਂ ਲਹਿਰ ਨੂੰ ਜਨਮ ਦਿੱਤਾ।ਜੋ ਮਰਦਾਂ ਦੇ ਨਾਲ-ਨਾਲ ਇਸਤਰੀਆ ਲਈ ਵੀ ਸੀ।ਸਤਿਗੁਰੂ ਜਗਜੀਤ ਸਿੰਘ ਜੀ ਦੇ ਰਗ-ਰਗ ਵਿੱਚ ਸੰਗੀਤ ਵਸਿਆ ਜਾਪਦਾ ਸੀ।ਸਤਿਗੁਰੂ ਜੀ ਜਦੋਂ ਰਾਗੀਆਂ-ਰਬਾਬੀਆਂ ਪਾਸੋਂ ਕੋਈ ਵੀ ਸ਼ਬਦ ਸੁਣਦੇ ਤਾਂ ਉਹਨਾਂ ਨੂੰ ਬੜੀ ਜਲਦੀ ਯਾਦ ਕਰ ਲੇਂਦੈ।

**"ਸਤਿਗੁਰੂ ਪ੍ਰਤਾਪ ਸਿੰਘ ਜੀ ਦੱਸਦੇ ਸਨ, "ਛੋਟੀ ਉਮਰ ਤੋਂ ਰੀਤਾਂ ਤੇ ਰਾਗ ਸੁਣੇ, ਗੁਰੂ ਹਰੀ ਸਿੰਘ ਜੀ ਦੇ ਸਮੇਂ ਤੋ ਬਾਅਦ ਜਵਾਨੀ ਦੇ, ਮਾਨੋ ਸਾਰੇ ਦੇ ਸਾਰੇ ਹੀ ਕੰਠ ਹੋ ਗਏ ਹੋਣ।** "[12]

ਸਤਿਗੁਰੂ ਜਗਜੀਤ ਸਿੰਘ ਜੀ ਬਚਪਨ ਤੋਂ ਹੀ 10 **ਬਾਣੀਆਂ ਦਾ ਪਾਠ** ਰੋਜਾਨਾ ਪੜ੍ਹਿਆ ਕਰਦੇ ਸਨ ਅਤੇ ਕੀਰਤਨ ਵਿੱਚ ਵੀ ਵਧੇਰੇ ਰੁਚੀ ਰੱਖਦੇ ਸਨ।ਸਤਿਗੁਰੂ ਜੀ ਦੀ ਸੰਗੀਤ ਦੀ ਸਿੱਖਿਆ ਉਹਨਾਂ ਦੇ ਪਿਤਾ ਦੁਆਰਾ ਹੀ ਭੈਣੀ ਸਾਹਿਬ ਸਥਿਤ ਸੰਗੀਤ ਵਿਦਿਆਲਿਆ ਤੋਂ ਹੀ ਪੂਰੀ ਹੋਈ।ਉਹਨਾਂ ਨੇ ਸਭ ਤੋਂ

ਪਹਿਲਾਂ ਭਾਈ ਸਾਹਿਬ ਹਰਨਾਮ ਸਿੰਘ ਜੀ ਤੋਂ ਸਿਖਣਾ ਆਰੰਭ ਕੀਤਾ।

"ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੇਹ ਅਵ(ਸਾਨ ਪਿੱਛੋਂ ਸਤਿਗੁਰੂ ਜੀ ਜਦੋਂ ਗੁਰੂਗੱਦੀ ਤੇ ਬੈਠੇ ਤਾਂ ਆਪ ਨੇ ਜਗਤ ਵਿੱਚ ਚਮਤਕਾਰੀ ਪ੍ਰਭਾਵ ਦਿਖਾਏ।ਜਿਸ ਨਾਲ ਸਿੱਖ ਸੰਪ੍ਰਦਾਇ ਵਿੱਚ ਇਕ ਨਵੀਂ ਜਾਗ੍ਰਿਤੀ ਆਈ।ਸਤਿਗੁਰੂ ਜੀ ਨੇ ਧਰਮ-ਕਰਮ ਦੇ ਕਾਰਜਾਂ ਨਾਲ ਭਜਨ-ਬੰਦਗੀ,ਪਾਠ ਭਗੌਤੀ ਦੇ ਸਿਮਰਨ ਨੂੰ ਦੁਗਣਾ ਕਰ **'ਵਾਹਿਗੁਰੂ'** ਦੇ ਮੰਤਰ ਦਾ ਜਾਪ ਕਰਨ ਦਾ ਉਪਦੇਸ਼ ਦਿੱਤਾ।"[13]

ਨਾਮਧਾਰੀ ਸਤਿਗੁਰਾਂ ਦੁਆਰਾ ਸ਼ਾਸਤਰੀ ਅਤੇ ਗੁਰਬਾਣੀ ਸੰਗੀਤ ਦੇ ਅਦਾਨ-ਪ੍ਰਦਾਨ ਲਈ ਅਨੇਕਾਂ ਯਤਨ ਕੀਤੇ।ਨਾਮਧਾਰੀ ਸਿੱਖ ਸੰਪ੍ਰਦਾਇ ਅਨੁਸਾਰ ਜੋ ਕੀਰਤਨ ਦੀ ਪ੍ਰਥਾ ਚਲਦੀ ਆ ਰਹੀ ਹੈ ਉਸ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਤੰਤੀ ਸਾਜ਼ਾਂ ਨੂੰ ਹੀ ਪਹਿਲ ਦਿੱਤੀ ਗਈ ਅਤੇ ਹਰਮੋਨੀਅਮ ਨੂੰ ਵਿਦੇਸ਼ੀ ਸਾਜ਼ ਦੱਸਦੇ ਹੋਏ ਇਸ ਦੀ ਵਰਤੋਂ ਨਾ-ਮਾਤਰ ਹੀ ਕੀਤੀ।ਸਤਿਗੁਰੂ ਜੀ ਨੇ ਸੰਗੀਤਕ ਪਰੰਪਰਾ ਨੂੰ ਅੱਗੇ ਤੋਰਦਿਆਂ ਹੋਇਆਂ ਸ਼ਾਸ਼ਤਰੀ ਅੰਗ ਦੀ ਗਾਇਕੀ ਨੂੰ ਵਿਸ਼ੇਸ਼ ਮਹੱਤਵ ਦਿੱਤਾ ਅਤੇ **ਆਸਾ ਦੀ ਵਾਰ** ਦਾ ਕੀਰਤਨ ਤੰਤੀ ਸਾਜਾਂ ਉਪਰ ਕਰਨ ਦਾ ਆਦੇਸ਼ ਦਿੱਤਾ।ਜੋ ਅੱਜ ਨਾਮਧਾਰੀ ਸਿੱਖ ਸੰਪ੍ਰਦਾਇ ਦੀ ਇੱਕ ਵਿਲੱਖਣ ਪਹਿਚਾਣ ਮੰਨੀ ਜਾਂਦੀ ਹੈ।ਜੋ ਨਾਮਧਾਰੀ ਕਲਾਕਾਰਾਂ ਦੁਆਰਾ ਗੁਰਮਿਤ ਅਤੇ ਸ਼ਾਸਤਰੀ ਸੰਗੀਤ ਨੂੰ ਜੀਵਿਤ ਰੱਖਣ ਦਾ ਵਿਸ਼ੇਸ਼ ਸਲਾਹਣਯੋਗ ਉਪਰਾਲਾ ਕੀਤਾ ਗਿਆ ਹੈ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾਮਧਾਰੀ ਸਿੱਖਾਂ ਦੀ ਸੰਗੀਤਕ ਰੁਚੀ ਨੂੰ ਵਧਾਉਣ ਲਈ ਸ਼ਾਸਤਰੀ ਸੰਗੀਤ ਦੀ ਪ੍ਰਥਾ ਦੇ ਪ੍ਰਚਲਨ ਨੂੰ ਆਰੰਭ ਕੀਤਾ ਅਤੇ ਸਤਿਗੁਰੂ ਜੀ ਦੁਆਰਾ ਵੱਡੇ-ਵੱਡੇ ਕਲਾਕਾਰਾਂ ਨਾਲ ਸੰਪਰਕ ਕਾਇਮ ਕਰਕੇ ਉਹਨਾਂ ਨੂੰ ਆਪਣੇ ਦਰਬਾਰ ਵਿੱਚ ਆਉਣ ਲਈ ਕਿਹਾ।ਸਭ ਤੋਂ ਪਹਿਲਾਂ ਸਤਿਗੁਰੂ ਜੀ ਨੇ ਸ਼ਬਦ ਕੀਰਤਨ ਵਿੱਚ ਪੁਰਾਣੀਆਂ ਰੀਤਾਂ ਤੇ ਅਧਾਰਿਤ ਸ਼ਬਦਾਂ ਤੇ ਜ਼ੋਰ ਦਿੱਤਾ।ਜਿਸ ਕੰਮ ਦੇ ਲਈ **ਪਿਆਰਾ ਸਿੰਘ(ਤਾਰ ਸ਼ਹਿਨਾਈ) ਜੀ** ਨੂੰ ਨਿਯੁਕਤ ਕਰ ਗੁਰਬਾਣੀ ਕੀਰਤਨ ਤੇ ਸ਼ਾਸਤਰੀ ਸੰਗੀਤ ਦੇ ਪ੍ਰਚਾਰ ਲਈ ਸੰਗੀਤ ਵਿਦਿਆਲੇ ਬਣਵਾਏ।

"ਸਤਿਗੁਰੂ ਜੀ ਰਾਗੀਆਂ ਨੂੰ ਪੋਥੀ ਜਾਂ ਕਾਪੀ ਤੋਂ ਦੇਖ ਕੇ ਕੀਰਤਨ ਕਰਨ ਤੋਂ ਵਰਜਦੇ ਅਤੇ ਬਿਨਾਂ ਦੇਖੇ ਯਾਦ ਕਰਨ ਨੂੰ ਆਖਦੇ।ਸਤਿਗੁਰੂ ਜਗਜੀਤ ਸਿੰਘ ਜੀ, ਦਰਸ਼ਨ ਸਿੰਘ, ਬਲਕਾਰ ਸਿੰਘ, ਅਵਤਾਰ ਸਿੰਘ ਅਤੇ ਆਤਮਾ ਸਿੰਘ 'ਜੱਟ' ਆਦਿ ਗੁਰਬਾਣੀ ਦੇ ਸ਼ੁੱਧ ਉਚਾਰਣ ਦੀ ਸਿੱਖਿਆ ਦਿੰਦੇ"[14]

ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਸੰਗੀਤਕ ਉਪਲੱਬਧੀਆਂ ਦਾ ਜੇਕਰ ਜ਼ਿਕਰ ਕਰਨਾ ਹੋਏ ਤਾਂ ਸਭ ਤੋਂ ਪਹਿਲਾਂ ਨਾਮ ਸਤਿਗੁਰੂ ਜਗਜੀਤ ਸਿੰਘ ਜੀ ਦਾ ਆਉਂਦਾ ਹੈ ਜਿਨ੍ਹਾਂ ਨੇ ਸ਼ਾਸਤਰੀ ਸੰਗੀਤ ਦੀ ਸਿੱਖਿਆ ਸਤਿਗੁਰੂ ਪ੍ਰਤਾਪ ਸਿੰਘ ਜੀ

ਤੋਂ ਪ੍ਰਾਪਤ ਕੀਤੀ ਅਤੇ ਸੰਗੀਤ ਪ੍ਰਤੀ ਸ਼ਰਧਾ ਭਾਵਨਾ ਦਿਖਾਉਦੇ ਹੋਏ ਅੱਗੇ ਤੋਰਿਆ।ਸਤਿਗੁਰੂ ਜਗਜੀਤ ਸਿੰਘ ਜੀ ਨੇ ਕਠਿਨ ਤੋਂ ਕਠਿਨ ਵਿਲੰਬਿਤ ਤਾਲਾਂ ਦਾ ਨਿਰਮਾਣ ਕੀਤਾ ਅਤੇ ਧਮਾਰ,ਤਿੰਨ ਤਾਲ, ਪੰਜਾਬੀ ਠੇਕਾ ਆਪ ਜੀ ਦੇ ਮਨਭਾਵਕ ਤਾਲ ਰਹੇ।ਭਾਈ ਨਿਰਮਲ ਸਿੰਘ, ਨਿਧਾਨ ਸਿੰਘ ਆਲਮ, ਗੁਰਬਖਸ਼ ਸਿੰਘ, ਲਾਲ ਸਿੰਘ ਭੁਰੇ ਗਿਲ, ਖਜਾਨ ਸਿੰਘ, ਸ਼ੇਰ ਸਿੰਘ ਅਤੇ ਸਮੁੰਦ ਸਿੰਘ ਆਦਿ ਜੋ ਕਿ ਸਤਿਗੁਰੂ ਜੀ ਕੋਲ ਆਇਆ ਜਾਇਆ ਕਰਦੇ ਸਨ।ਉਹਨਾਂ ਦੇ ਪ੍ਰਿਯ ਰਾਗੀ ਮੰਨੇ ਜਾਦੇ ਸਨ।

ਸਤਿਗੁਰੂ ਜੀ ਨੇ ਪ੍ਰਾਤਾ ਕਾਲ ਦੋ ਵਜੇ ਉਠ ਕੇ **'ਆਸਾ ਦੀ ਵਾਰ'** ਦੇ ਕੀਰਤਨ ਦੀ ਪ੍ਰਥਾ ਨੂੰ ਕਾਇਮ ਰੱਖਿਆ।ਜਿਸ ਲਈ ਗੁਰੂ ਜੀ ਆਪ ਸੱਦਾ ਦੇ ਕੇ ਕੀਰਤਨ ਕਰਨ ਲਈ ਬੁਲਾਉਦੇਂ।ਸਤਿਗੁਰੂ ਜੀ ਨੇ ਪੁਰਾਣੇ ਸੰਗੀਤ ਅਤੇ ਪੁਰਾਣੀਆਂ ਬੰਦਿਸ਼ਾਂ ਨੂੰ ਕਾਇਮ ਰੱਖਣ ਜਾਂ ਸੰਭਾਲਣ ਲਈ ਕਈ ਨਾਮਧਾਰੀ ਬੱਚਿਆਂ ਨੂੰ ਵੱਡੇ-ਵੱਡੇ ਕਲਾਕਾਰਾਂ ਕੋਲ ਸਿਖਾਉਣ ਲਈ ਵੀ ਭੇਜਿਆ।ਸਤਿਗੁਰੂ ਜੀ ਦਾ ਸ਼ਾਸਤਰੀ ਸੰਗੀਤ ਨਾਲ ਅਥਾਹ ਪ੍ਰੇਮ ਹੋਣ ਕਾਰਨ ਉਹਨਾਂ ਨੇ ਸਾਰੀਆਂ ਬੰਦਿਸ਼ਾਂ ਰਾਗਾਂ ਦੇ ਆਧਾਰਿਤ ਹੀ ਬਣਾਈਆਂ।ਇਹਨਾਂ ਤੋਂ ਇਲਾਵਾ ਸਤਿਗੁਰੂ ਜੀ ਨੇ ਅਨੇਕਾਂ ਤਾਲਾਂ ਦਾ ਵੀ ਨਿਰਮਾਣ ਕੀਤਾ।ਜਿਨ੍ਹਾਂ ਵਿੱਚ ਵੱਡੇ-ਵੱਡੇ ਕਲਾਕਾਰ ਵੀ ਗਾਉਣ ਤੋਂ ਡਰਦੇ ਹਨ।

"ਸਤਿਗੁਰੂ ਜਗਜੀਤ ਸਿੰਘ ਜੀ ਇੱਕ ਸੰਤ ਸੰਗੀਤਕਾਰ ਦੇ ਰੂਪ ਵਿੱਚ ਵੱਡੇ ਹੋਏ ਸਨ।ਆਪ ਦਿਲਰੁਬਾ ਨੂੰ ਕਮਾਲ ਦੀ ਹੁਨਰਮੰਦੀ ਨਾਲ ਵਜਾਉਂਦੇ ਅਤੇ ਸਿੱਖਾਂ ਦੇ ਪ੍ਰੰਪਰਾਗਤ ਰਾਗ ਸੰਗੀਤ ਦੇ ਸਚਮੁੱਚ ਭੰਡਾਰ ਸਨ।ਇੱਕ ਪ੍ਰੇਰਣਾਮਈ ਗਾਇਕੀ ਨੂੰ ਸਤਿਗੁਰੂ ਯੋਗ ਧਰੁਪਦ ਸ਼ੈਲੀ ਵਿੱਚ ਆਪ ਗਾਉਂਦੇ ਸਨ।ਇਹ ਸ਼ੈਲੀ ਸਿੱਖ ਗੁਰੂਆਂ ਦੀ ਸ਼ੈਲੀ ਹੈ।ਸਵਾਮੀ ਪਾਗਲ ਦਾਸ ਵਰਗੇ ਮਹਾਨ ਪਖਾਵਜੀ ਨੇ ਵੀ ਆਪ ਦੇ ਇਕ ਮਹਾਨ ਲੈਅਕਾਰ ਹੋਣ ਦੇ ਬਾਰੇ ਵਿੱਚ ਸਿਫਤ ਕੀਤੀ।"[15]

"ਸਤਿਗੁਰੂ ਜਗਜੀਤ ਸਿੰਘ ਜੀ ਨੇ ਸ਼ਾਸਤਰੀ ਸੰਗੀਤ ਨੂੰ ਅੱਗੇ ਵਧਾਉਣ ਲਈ ਨਿਪੁੰਨ ਵਿਦਿਆਰਥੀਆਂ ਦੀ ਚੋਣ ਕਰ ਮਹਾਨ ਸੰਗੀਤਕਾਰਾਂ ਜਿਵੇਂ ਕਿ- **ਉਸਤਾਦ ਵਿਲਾਅਤ ਖਾਂ, ਉਸਤਾਦ ਅਮਜ਼ਦ ਅਲੀ ਖਾਂ, ਪੰਡਿਤ ਕ੍ਰਿਸ਼ਨ ਮਹਾਰਾਜ, ਪੰਡਿਤ ਸ਼ਾਮਤਾ ਪ੍ਰਸਾਦ, ਪੰਡਿਤ ਸ਼ਿਵ ਕੁਮਾਰ ਸ਼ਰਮਾ, ਪੰਡਿਤ ਰਾਮ ਨਰਾਇਣ** ਵਰਗੇ ਪ੍ਰਸਿੱਧ ਕਲਾਕਾਰਾਂ ਕੋਲ ਭੇਜਿਆ"।[16]

ਸਤਿਗੁਰੂ ਜੀ ਦੁਆਰਾ ਸ਼ਾਸਤਰੀ ਸੰਗੀਤ ਲਈ ਚਲਾਈ ਲਹਿਰ ਨਾਲ ਨਾਮਧਾਰੀ ਬੀਬੀਆਂ ਨੂੰ ਕੀਰਤਨ ਕਰਨ ਦੀ ਮਨਜ਼ੂਰੀ ਮਿਲੀ ਅਤੇ ਸਤਿਗੁਰੂ ਜੀ ਨੇ ਆਪਣੀ ਨਿਗਰਾਨੀ ਹੇਠ ਇਹਨਾਂ ਬੀਬੀਆਂ ਨੂੰ ਸਾਸ਼ਤਰੀ ਗਾਇਨ ਅਤੇ ਵਾਦਨ ਦੀ ਸਿੱਖਿਆ ਦਿੱਤੀ।ਜੋ ਅੱਜ ਦੇਸ਼ਾਂ-ਵਿਦੇਸ਼ਾਂ ਵਿੱਚ ਸ਼ਾਸਤਰੀ ਗਾਇਨ ਸ਼ੈਲੀ ਦਾ ਪ੍ਰਚਾਰ-ਪ੍ਰਸਾਰ ਕਰ ਰਹੀਆਂ ਹਨ।ਸਤਿਗੁਰੂ ਜਗਜੀਤ ਸਿੰਘ ਜੀ ਨਾ ਕੇਵਲ ਸੰਗੀਤ

ਵਿੱਚ, ਬਲਕਿ ਸਾਰੀਆਂ ਗਤੀਵਿਧੀਆਂ ਵਿੱਚ ਨਿਪੁੰਨ ਸਨ।ਜੋ ਇਕੋ ਹੀ ਸਮੇਂ ਮਹਾਂਗਿਆਨੀ, ਮਹਾਰਾਜ, ਮਹਾਤਪੱਸਵੀ, ਮਹਾਤੇਜੱਸਵੀ, ਮਹਾ ਸੰਗੀਤਅਗੱਯ ਅਤੇ ਹਰੇਕ ਕਲਾ ਦੇ ਪਾਰਖੂ ਸਨ।

ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਸੰਗੀਤ ਦਾ ਬੂਟਾ ਲਗਾਉਣ ਵਾਲੇ ਅਤੇ ਉਹਨਾਂ ਨੂੰ ਪ੍ਰਫੁੱਲਤ ਕਰ ਸੰਗੀਤ ਅਧਿਆਪਕਾਂ ਦੇ ਰੂਪ ਵਿੱਚ ਮਾਲੀ ਦੀ ਖੋਜ ਕਰਨ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਹੀ ਸਨ।ਜਿਨ੍ਹਾਂ ਨੇ ਆਪਣਾ ਪੂਰਾ ਜੀਵਨ ਸੰਗੀਤ ਨੂੰ ਸਮਰਪਿਤ ਕਰ ਦਿੱਤਾ।ਸੰਗੀਤ ਤਾਂ ਸਤਿਗੁਰੂ ਜਗਜੀਤ ਸਿੰਘ ਜੀ ਦੀ ਰੂਹ ਦੀ ਖੁਰਾਕ ਸੀ ਜੋ ਉਹਨਾਂ ਨੂੰ ਰੋਜ਼ਾਨਾ 2-3 ਘੰਟੇ **'ਆਸਾ ਦੀ ਵਾਰ'** ਦਾ ਕੀਰਤਨ ਸੁਨਣ ਤੋਂ ਨਾ ਰੋਕ ਸਕੀ।ਸਤਿਗੁਰੂ ਜੀ ਜਦੋਂ ਵਿਦੇਸ਼ੀ ਦੌਰੇ ਤੇ ਜਾਦੇ ਤਾਂ ਰਸਤੇ ਵਿੱਚ ਕੀਰਤਨ ਦੀ ਪ੍ਰੰਪਰਾ ਨੂੰ ਭੰਗ ਨਾ ਹੋਣ ਦਿੰਦੇ।ਬਿਨਾਂ ਤਾਲ ਦੇ ਹੀ'ਆਸਾ ਦੀ ਵਾਰ'ਸੁਣਦੇ।ਸਤਿਗੁਰੂ ਜੀ ਨੂੰ ਸੰਗੀਤ ਸਭਾ ਵਿੱਚ ਸ਼ਾਮਿਲ ਹੋਣਾ ਬਹੁਤ ਪਸੰਦ ਸੀ।ਜਿਸ ਵਿੱਚ ਸਤਿਗੁਰੂ ਜੀ ਇੰਨੇ ਮਸਤ ਹੋ ਜਾਂਦੇ ਸਨ ਕਿ ਉਹਨਾਂ ਨੂੰ ਖਾਣ-ਪੀਣ ਦਾ ਸਮਾਂ ਵੀ ਯਾਦ ਨਾ ਰਹਿੰਦਾ।

**ਉਸਤਾਦ ਹਰਭਜਨ ਸਿੰਘ ਜੀ ਦੇ ਸਤਿਗੁਰੂ ਪੱਤ੍ਰਿਕਾ ਵਿੱਚ ਇੱਕ ਸੰਗੀਤ ਸੰਬੰਧੀ ਘਟਨਾ ਦਾ ਜ਼ਿਕਰ ਮਿਲਦਾ ਹੈ,**

**"ਇਕ ਵਾਰ ਧਰੁਪਦ-ਧਮਾਰ ਗਾਇਕ 'ਪਵਾਰ ਬੰਧੂ'** ਇੰਦੋਰ ਤੋਂ ਸ੍ਰੀ ਭੈਣੀ ਸਾਹਿਬ ਆਏ ਅਤੇ ਦੋ ਦਿਨ ਦਾ ਗਾਇਨ ਹੋਇਆ ਫਿਰ ਤੀਜੇ ਦਿਨ ਨਿਸ਼ਚਿਤ ਸਮੇਂ ਸ਼ਾਮ ਚਾਰ ਵਜੇ ਸਤਿਗੁਰੂ ਜੀ ਨੇ ਨਾਮਧਾਰੀ ਕਲਾਕਾਰਾਂ ਤੇ ਬੱਚਿਆਂ ਸਮੇਤ ਸੰਗੀਤ ਸਭਾ ਦੀ ਸ਼ੁਰੂਆਤ ਕੀਤੀ।ਪਵਾਰ ਬੰਧੂ ਵੀ 5 ਵਜੇ ਹੀ ਆ ਗਏ।ਇਹ ਸਤਿਗੁਰੂ ਜੀ ਦੇ ਭੰਡਾਰ ਵਿਚੋਂ ਥੋੜੇ ਸਮੇਂ ਵਿੱਚ ਜ਼ਿਆਦਾ ਬੰਦਿਸ਼ਾਂ ਸੁਨਣਾ ਚਾਹੁੰਦੇ ਸਨ।ਸਤਿਗੁਰੂ ਜੀ ਨੇ ਰਾਤ 10ਵਜੇ ਤੱਕ ਸੈਂਕੜੇ ਬੰਦਿਸ਼ਾਂ ਦੇ ਕੇਵਲ ਸਥਾਈ-ਅੰਤਰੇ ਹੀ ਸੁਣਾਏ।ਪਵਾਰ ਬੰਧੂਆਂ ਨਾਲ ਇੱਕ ਬਜੁਰਗ ਪਖਾਵਜੀ ਵੀ ਆਇਆ ਸੀ ਜੋ ਸਤਿਗੁਰੂ ਜੀ ਤੋਂ ਉਮਰ ਵਿੱਚ ਕਾਫੀ ਛੋਟਾ ਸੀ।ਉਹ 10 ਵਜੇ ਤੱਕ ਥੱਕ ਗਿਆ ਤੇ ਗੋਡਿਆਂ ਨੂੰ ਘੁੱਟਦਾ ਹੋਇਆ ਬੱਚਿਆਂ ਨੂੰ ਆਖ ਰਿਹਾ ਸੀ, **"ਸਤਿਗੁਰੂ ਜੀ ਦਾ ਸਟੈਮਿਨਾ (ਤਾਕਤ) ਬਹੁਤ ਜਬਰਦਸਤ ਹੈ"** ਸੰਗੀਤ ਦੀ ਸਭਾ ਰਾਤ 11 ਵਜੇ ਤੱਕ ਚਲਦੀ ਰਹੀ। ਲਗਾਤਾਰ 7 ਘੰਟੇ ਸਤਿਗੁਰੂ ਜੀ ਆਪਣੇ ਗਰੁੱਪ ਨੂੰ ਲੈ ਕੇ ਗਾਇਨ ਦੀ ਅਗਵਾਈ ਕਰਦੇ ਰਹੇ।ਉਸ ਤੋਂ ਬਾਅਦ ਇਸ਼ਨਾਨ ਕਰਕੇ ਰਾਤ 12 ਵਜੇ ਤਪੋਸਥਾਨ' ਤੇ ਪਹੁੰਚ ਗਏ, ਇਸਦੇ ਵਰਨਣ ਤੋਂ ਭਾਵ ਹੈ ਕਿ ਸਤਿਗੁਰੂ ਜੀ ਏਨੇ ਰੁਝੇਵਿਆਂ ਅਤੇ ਤੰਗ ਸਮਾਂ ਸੂਚੀ ਦੇ ਬਾਵਜੂਦ ਵੀ ਸੰਗੀਤ ਨਾਲ ਜੁੜੇ ਰਹਿੰਦੇ।[17]

ਸਤਿਗੁਰੂ ਜਗਜੀਤ ਸਿੰਘ ਜੀ ਨੇ ਰਾਗਾਂ ਦੇ ਆਧਾਰ ਤੇ ਕੀਰਤਨ ਕਰਨ ਦੀ ਪ੍ਰੰਪਰਾ ਨੂੰ ਅੱਗੇ ਤੋਰਦੇ ਹੋਏ ਸ਼ਾਸਤਰੀ ਅੰਗ ਦੀਆਂ ਬੰਦਿਸ਼ਾਂ ਨੂੰ ਬਹੁਤ ਸੰਭਾਲ ਕੇ

ਰੱਖਿਆ।ਸਤਿਗੁਰੂ ਜੀ ਤਲਵੰਡੀ ਘਰਾਣੇ ਦੀ **'ਧਰੁਪਦ'** ਗਾਇਕੀ ਨਾਲ ਸੰਬੰਧ ਰੱਖਦੇ ਸਨ ਅਤੇ ਇਸ ਘਰਾਣੇ ਦੀਆਂ ਸਾਰੀਆਂ ਬੰਦਿਸ਼ਾਂ ਨੂੰ ਗਾਉਂਦੇ।ਸਤਿਗੁਰੂ ਜੀ ਪ੍ਰਚਲਿਤ ਅਤੇ ਅਪ੍ਰਚਲਿਤ ਦੋਨੋ ਪ੍ਰਕਾਰ ਦੇ ਰਾਗਾਂ ਨੂੰ ਗਾਉਣਾ ਪਸੰਦ ਕਰਦੇ।

"ਦੇਸ਼ ਦੀ ਵੰਡ ਤੋਂ ਪਹਿਲਾਂ ਸਤਿਗੁਰੂ ਜੀ ਨੇ 42 ਰਬਾਬੀਆਂ ਨੂੰ ਭੈਣੀ ਸਾਹਿਬ ਸੰਗੀਤ ਸੁਨਣ ਲਈ ਬੁਲਾਇਆ ਅਤੇ ਉਨ੍ਹਾਂ ਪਾਸੋਂ ਪੁਰਾਤਨ ਰਬਾਬੀ ਗੀਤਾਂ ਨੂੰ ਸੰਭਾਲ ਕੇ ਰੱਖਿਆ।ਜੋ ਅੱਜ ਨਾਮਧਾਰੀ ਸਮਾਜ ਵਿੱਚ ਸੁਰੱਖਿਅਤ ਹਨ।"[18]

ਸਤਿਗੁਰੂ ਜੀ ਦੇ ਖਜਾਨੇ ਦਾ ਭਰਪੂਰ ਭੰਡਾਰ ਵੇਖਿਆ ਜਾ ਸਕਦਾ ਹੈ।ਜਿਸਨੂੰ ਪੁਰਾਤਨ ਸਮੇਂ ਤੋਂ ਹੀ ਸੰਭਾਲਿਆ ਗਿਆ ਹੈ।ਸਤਿਗੁਰੂ ਜੀ ਦੁਆਰਾ ਗਾਈਆਂ ਬੰਦਿਸ਼ਾਂ ਦੀ ਆਪਣੀ ਹੀ ਇਕ ਖਾਸ ਮਹੱਤਤਾ ਹੈ।ਸਤਿਗੁਰੂ ਜੀ ਕਿਸੇ ਵੀ ਬੰਦਿਸ਼ ਨੂੰ ਖਾਲੀ,ਸਮ ਜਾਂ ਤਿੰਨ ਦੀ 10 ਵੀਂ ਮਾਤਰਾ ਤੋਂ ਨਹੀਂ ਸਨ ਉਠਾਉਂਦੇ ਬਲਕਿ ਉਹਨਾਂ ਦੁਆਰਾ ਗਾਈਆਂ ਜਾਣ ਵਾਲੀਆਂ ਬੰਦਿਸ਼ਾਂ ਭਿੰਨ-ਭਿੰਨ ਮਾਤਰਾਵਾਂ ਤੋਂ ਉਠਦੀਆਂ ਸਨ।ਸਤਿਗੁਰੂ ਜੀ ਕੋਲ ਬੰਦਿਸ਼ਾਂ ਦਾ ਭੰਡਾਰ ਸੀ।ਪਹਿਲੀ ਮਾਤਰਾ ਤੋਂ ਲੈ ਕੇ ਸੋਹਲਵੀਂ ਮਾਤਰਾ ਤੱਕ ਉੱਠਣ ਵਾਲੀਆਂ ਵਿਭਿੰਨ ਮਨਮੋਹਕ ਮੁਖੜੇ ਵਾਲੀਆਂ ਬੰਦਿਸ਼ਾਂ ਦਾ ਭਰਪੂਰ ਖਜ਼ਾਨਾਂ ਉਨ੍ਹਾਂ ਦੇ ਕੋਲ ਸੀ।

"ਸਤਿਗੁਰੂ ਜੀ ਨੇ **ਉਸਤਾਦ ਹਰਨਾਮ ਸਿੰਘ ਚਵਿੰਡਾ, ਉਸਤਾਦ ਰਹੀਮ ਬਖਸ਼ (ਤਲਵੰਡੀ ਘਰਾਣਾ) ਉਸਤਾਦ ਉਧੋ ਖਾਂ ਸਾਹਿਬ (ਤਲਵੰਡੀ ਘਰਾਣਾ), ਉਸਤਾਦ ਮਸਤਾਨ ਸਿੰਘ, ਭਾਈ ਤਾਬਾ (ਰਬਾਬੀ), ਭਾਈ ਨਸੀਰ (ਰਬਾਬੀ) ਪੰ: ਮਹਾਦੇਵ ਕੱਥਕ ਅਤੇ ਸਤਿਗੁਰੂ ਪ੍ਰਤਾਪ ਸਿੰਘ** ਜੀ ਉੱਚ ਕੋਟੀ ਦੇ ਸੰਗੀਤਚਾਰਯਾਂ ਕੋਲੋ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ।ਉਪਰੋਕਤ ਸਾਰੇ ਉਸਤਾਦਾਂ ਦਾ ਸਾਸ਼ਤਰੀ ਸੰਗੀਤ ਜਾਂ ਗੁਰਬਾਣੀ ਸੰਗੀਤ ਦੇ ਪ੍ਰਾਚੀਨ ਘਰਾਣਿਆਂ ਨਾਲ ਸੰਬੰਧ ਹੋਣ ਕਾਰਨ ਸਾਰੇ ਗੁਣੀਜਨਾਂ ਦੇ ਭੰਡਾਰ ਚੋਂ ਸਤਿਗੁਰੂ ਜੀ ਨੇ ਬਹੁਤ ਕੁਝ ਆਪਣੇ ਸੰਗੀਤ ਖਜਾਨੇ ਵਿੱਚ ਇਕੱਤਰ ਕਰ ਲਿਆ।ਅੱਜ ਸਤਿਗੁਰੂ ਜੀ ਦੁਆਰਾ ਸੰਭਾਲਿਆ ਗਿਆ ਸੰਗੀਤ ਦਾ ਇਹ ਵੱਡਾ ਭੰਡਾਰ ਸੰਗੀਤ ਪ੍ਰੇਮੀਆਂ ਦੇ ਕੰਮ ਆ ਰਿਹਾ ਹੈ।ਜਿਸ ਦੀ ਤਾਰੀਫ ਵੱਡੇ-ਵੱਡੇ ਕਲਾਕਾਰਾਂ ਦੁਆਰਾ ਕੀਤੀ ਜਾਂਦੀ ਹੈ **'ਤਲਵੰਡੀ ਘਰਾਣੇ ਦੀ'** ਸ਼ੰਕਰਾ ਰਾਗ ਵਿੱਚ ਬੰਦਿਸ਼ **'ਖਵਾਜਾ'** ਅਮੀਨੁਦੀਨ ਪੀਰ ਅਜਮੇਰ ਆਏ' ਪ੍ਰਸਿੱਧ ਗਾਇਕ ਜੋੜੀ ਰਾਜਨ-ਸਾਜਨ ਮਿਸ਼ਰਾ ਨੇ ਸਤਿਗੁਰੂ ਜੀ ਤੋਂ ਹੀ ਸਿੱਖੀ ਹੈ।ਇਹ ਬੰਦਿਸ਼ ਪੰ:ਰਾਜਨ-ਮਿਸ਼ਰਾ ਨੇ ਸਿਤਾਰ ਦੇ ਪ੍ਰਸਿੱਧ ਉਸਤਾਦ ਸ਼ਾਹਿਦ ਪਰਵੇਜ਼ ਨੂੰ ਸੁਨਾਉਣ ਲੱਗਿਆਂ ਦੱਸਿਆ,**"ਅਸੀਂ ਸਤਿਗੁਰੂ ਜੀ ਕੋਲੋਂ ਇਕ ਰਤਨ ਲੈ ਕੇ ਆਏ ਹਾਂ"**।[19]

ਸਤਿਗੁਰਾਂ ਨੇ ਗੁਰਬਾਣੀ ਪਾਠ ਜਾਂ ਗੁਰਮਤਿ ਸੰਗੀਤ ਵਿੱਚ ਬਾਣੀ ਦਾ ਸ਼ੁੱਧ ਹੋਣਾ ਜ਼ਰੂਰੀ ਦੱਸਿਆ।ਜਿੰਨ੍ਹਾਂ ਵਿੱਚ ਕਰਮ-ਮਾਤਰਾਵਾਂ ਦਾ ਵਿਸ਼ੇਸ਼ ਧਿਆਨ ਰੱਖਿਆ ਜਾਵੇ।ਉਹਨਾਂ ਦੇ ਦਰਬਾਰ ਵਿਚ ਕਰਵਾਏ ਜਾਣ ਵਾਲੇ ਕੀਰਤਨ ਦੀ ਗੱਲ ਕੀਤੀ ਜਾਵੇ

ਤਾਂ ਪਤਾ ਲਗਦਾ ਹੈ ਕਿ ਉਹਨਾਂ ਦੇ ਦਰਬਾਰ ਵਿੱਚਇਸ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਜਾਂਦਾ ਸੀ।ਜਿਸ ਨੂੰ ਸਤਿਗੁਰੂ ਜੀ ਬਰਦਾਸ਼ਤ ਨਹੀਂ ਸਨ ਕਰਦੇ।

"ਸਤਿਗੁਰਾਂ ਦੇ ਇਸ਼ਾਰੇ ਤੇ ਰਾਗੀ ਉਹਨਾਂ ਬੋਲਾਂ ਨੂੰ ਦੂਹਰਾ ਕੇ ਤਾਲ ਦੀ ਗਹਿਰਾਈ ਮਾਪਣ ਦੀ ਕੋਸ਼ਿਸ਼ ਕਰਦਾ, ਫਿਰ ਕੋਸ਼ਿਸ਼ ਕਰਦਾ, ਬਾਰ-ਬਾਰ ਦੁਹਰਾਉਂਦਾ ਤੇ ਜਦ ਕਿ ਸਤਿਗੁਰਾਂ ਦੀ ਤਸੱਲੀ ਨਾ ਹੋ ਜਾਂਦੀ।ਉਹ ਉਸ ਪੰਕਤੀ ਨੂੰ ਆਪ ਉਚਾਰ ਕੇ, ਗਾ ਕੇ ਦੱਸਣ ਤੋਂ ਰਤਾ ਸੰਕੋਚ ਨਾ ਕਰਦੇ।ਇਹ ਅਧਿਐਨ ਤੇ ਅਧਿਆਪਨ ਦਾ ਬੇਹਦ ਸਫਲ ਢੰਗ ਅਤੇ ਆਦਰਸ਼ਕ ਰੂਪ ਸੀ"।[20]

ਸਿੱਖਾਂ ਵਿੱਚ ਗੁਰਮਤਿ ਸੰਗੀਤ ਦੀ ਰੁਚੀ ਖਤਮ ਹੁੰਦੀ ਦੇਖ ਨਾਮਧਾਰੀ ਸਤਿਗੁਰਾਂ ਨੇ ਸ਼ਾਸਤਰੀ ਸੰਗੀਤ ਗਾਇਨ ਦੇ ਪ੍ਰਚਾਰ ਲਈ ਇੱਕ ਨਵਾਂ ਮਾਰਗ ਪ੍ਰਦਾਨ ਕੀਤਾ।ਜਿਸ ਨੂੰ ਇੱਕ ਪ੍ਰੰਪਰਾ ਅਨੁਸਾਰ ਆਪ ਜੀ ਨੇ ਵੱਡੇ-ਵੱਡੇ ਕਲਾਕਾਰਾਂ ਨੂੰ ਆਪਣੇ ਦਰਬਾਰ ਵਿੱਚ ਸੰਗੀਤ ਸੁਣਾਉਣ ਲਈ ਬੁਲਾਇਆ ਜਿਸ ਨਾਲ ਨਾਮਧਾਰੀ ਸਿੱਖ ਸੰਪ੍ਰਦਾਇ ਦੇ ਸੰਬੰਧ ਸਥਾਪਿਤ ਹੋਏ।ਸਤਿਗੁਰੂ ਜੀ ਨੇ ਗੁਰੂ ਘਰ ਦੀ ਕੀਰਤਨ ਪ੍ਰਥਾ ਨੂੰ ਸਵਰਾਂ ਵਿੱਚ ਪਰੋ ਕੇ ਗਾਇਨ ਦੇ ਰੂਪ ਵਿੱਚ ਪੇਸ਼ ਕਰਨ ਲਈ ਸਭ ਤੋਂ ਪਹਿਲਾਂ ਉਸਤਾਦ ਪਿਆਰਾ ਸਿੰਘ ਜੀ (ਤਾਰ ਸਹਿਨਾਈ) ਨੂੰ ਨਿਯੁਕਤ ਕੀਤਾ।

ਸ਼ਾਸਤਰੀ ਅੰਗ ਦੀਆਂ ਬੰਦਿਸ਼ਾਂ ਤੋਂ ਇਲਾਵਾ ਗੁਰਬਾਣੀ ਸੰਗੀਤ ਦੇ ਅਨੇਕ ਧਰੁਪਦ, ਧਮਾਰ ਤੇ ਖਿਆਲ ਅੰਗ ਦੇ ਸ਼ਬਦ ਵੀ ਸਤਿਗੁਰੂ ਜੀ ਨੂੰ ਯਾਦ ਸਨ।ਜੋ ਸੰਗੀਤਕ ਪੁਰਾਤਨ ਧੁੰਨਾ,ਪੜਤਾਲਾਂ, ਅਲਾਹੁਣੀਆਂ ਅਤੇ ਪਾਉੜੀਆਂ ਜੋ ਆਲੋਪ ਹੁੰਦੀਆਂ ਜਾ ਰਹੀਆਂ ਹਨ, ਉਹਨਾਂ ਨੂੰ ਇਕ-2 ਮਣਕੇ ਦੀ ਤਰ੍ਹਾਂ ਮਾਲਾ ਵਿੱਚ ਪਰੋ ਕੇ ਰੱਖਿਆ।ਜਿਨ੍ਹਾਂ ਦੀ ਸੰਖਿਆ 190 ਦੇ ਕਰੀਬ ਹੈ।ਸਤਿਗੁਰੂ ਜੀ ਦੁਆਰਾ ਸੰਭਾਲੀਆਂ ਸਾਸ਼ਤਰੀ ਸੰਗੀਤ ਦੀਆਂ ਬੰਦਿਸ਼ਾਂ ਦਾ ਵੀ ਭੰਡਾਰ ਵਿੱਚ ਬ੍ਰਿਜ, ਪਹਾੜੀ, ਹਿੰਦੀ, ਪੰਜਾਬੀ, ਫਾਰਸੀ ਆਦਿ ਭਾਸ਼ਾਵਾਂ ਦੀਆਂ ਬੰਦਿਸ਼ਾਂ ਸ਼ਾਮਿਲ ਹਨ।

**"ਮਾਲਕੌਂਸ ਰਾਗ ਵਿੱਚ "ਯਾ ਰੱਬਾ ਮੇਰੀ ਬੇੜੀ ਨੂੰ ਪਾਰ ਲੰਘਾ ਦੇ"** ਰਾਗ ਟੋਡੀ ਵਿੱਚ **'ਜਿੰਦ ਜਾਨ ਤੁਸਾਂ ਪੁਰਘੋਲੀ ਨੀ'** ਆਦਿ ਧਰੁਪਦ, ਧਮਾਰ, ਖਿਆਲ, ਠੁਮਰੀ, ਲਕਸ਼ਣਗੀਤ, ਸਰਗਮ, ਤਰਾਨੇ, ਚਤੁਰੰਗ, ਗੁਲਦਸਤੇ ਆਦਿ ਆਪ ਜੀ ਦੇ ਸੰਗੀਤ ਭੰਡਾਰ ਦੀ ਸ਼ਾਨ ਹਨ। ਸਤਿਗੁਰੂ ਜੀ ਦੁਆਰਾ ਦਰੁੱਤ ਖਿਆਲ ਗਾਇਨ ਦੇ ਅੰਤਰਗਤ ਕੇਵਲ ਸਥਾਈ-ਅੰਤਰੇ ਰੂਪੀ ਛੋਟੇ ਗੀਤ ਵਾਲੀਆਂ ਬੰਦਿਸ਼ਾਂ ਹੀ ਮਿਲਦੀਆਂ ਹਨ।ਇਹਨਾਂ ਤੋਂ ਇਲਾਵਾ ਸਥਾਈ, ਅੰਤਰਾ, ਸੰਚਾਰੀ ਤੇ ਅਭੋਗ ਵਾਲੀਆਂ ਬੰਦਿਸ਼ਾਂ ਵੀ ਸ਼ਾਮਿਲ ਹਨ।ਜਿਸ ਦੀ ਇੱਕ ਉਦਾਹਰਣ ਹੇਠਾਂ ਦਿੱਤੀ ਗਈ ਹੈ।

### ਰਾਗ ਕਲਿੰਗੜਾ (ਇਕ ਤਾਲ) (ਦਰੁਤ ਖਿਆਲ)

**ਸਥਾਈ**:ਪੰਛੀ ਬਨ ਬੋਲ ਤੋਂ ਕਲੋਲ ਮੇ ਕੁੰਜਨ ਮੇਂ,

ਘਰ ਘਰ ਕਿਵਾੜ ਖੂਲੇ, ਬ੍ਰਿਜ ਦੁਆਰੇ ਸਖੀਆਂ।

**ਅੰਤਰਾ**:ਹੋਈ ਬੜੀ ਭੋਰ, ਜਾਗੋ ਨੰਦ ਕੇ ਕਿਸ਼ੋਰ,

ਨਾਮ ਲੇਤ ਚਹੁੰਰ ਓਰ, ਬ੍ਰਿਜ ਨਾਥ ਮਨ ਬਸੀਆ।

**ਸੰਚਾਰੀ**: ਦੁਆਰੇ-ਦੁਆਰੇ ਗੋਪੀ ਗੁਆਲ, ਆਏ ਨੰਦ ਮੰਡਲ ਮੇਂ,

ਜਾਗੋ ਕਿਉਂ ਨ ਮਈਆ ਰਾਮ ਕਵਨ ਗੁਨ ਪੈਂਠੀਆ।

**ਅਭੋਗੀ**:-ਮੱਖਣ ਭਰੀ ਰੋਣੀਆ ਹਾਥ ਲੈ ਯਸ਼ੋਦਾ ਖੜੀ,

ਅਲਕਾ ਸੰਭਾਰੋ ਜੀ,ਉਘਾੜੋ ਲਾਲ ਅੱਖੀਆਂ।

1955-56 ਈ: ਵਿੱਚ ਸਤਿਗੁਰੂ ਜੀ ਨੇ ਭਾਈ ਗੁਰਚਰਨ ਸਿੰਘ ਅਤੇ ਭਾਈ ਅਵਤਾਰ ਸਿੰਘ ਨੂੰ ਹੁਕਮ ਕੀਤਾ ਕਿ "ਸ਼ਬਦ ਰੀਤਾਂ ਦਾ ਕਾਫੀ ਭੰਡਾਰ ਤੁਹਾਨੂੰ ਵਿਰਸੇ ਵਿੱਚ ਮਿਲਿਆ ਹੋਇਆ ਹੈ ਇਸ ਭੰਡਾਰ ਨੂੰ ਲਿਖਤੀ ਰੂਪ ਵਿੱਚ ਲਿਆਉਣਾ ਚਾਹੀਦਾ ਹੈ।ਸਾਰਾ ਖਰਚ ਅਤੇ ਸਾਰਾ ਪ੍ਰਬੰਧ ਅਸੀਂ ਕਰ ਦੇਵਾਂਗੇ ਤਾਂ ਕਿ ਇਹ ਪੁਰਾਤਨ ਸ਼ਬਦ, ਰੀਤ ਤੇ ਕੀਰਤਨ ਦੀ ਸ਼ੈਲੀ ਗੁੰਮ ਨਾ ਹੋ ਜਾਏ।ਬਹੁਤ ਸਾਰੇ ਵਿਦਵਾਨਾਂ ਦੇ ਨਾਲ ਵੀ ਇਹ ਵਿਦਿਆ ਗੁੰਮ ਹੋ ਚੁੱਕੀ ਹੈ।ਜਿਤਨੀ ਸੰਭਾਲੀ ਜਾ ਸਕੇ ਸੰਭਾਲ ਲੈਣ ਦਾ ਸਾਡਾ ਮਨੋਰਥ ਹੈ। "[21]

"ਭਾਈ ਸਾਹਿਬ ਆਪਣੇ ਕੰਮ-ਕਾਰ ਵਿੱਚ ਲੱਗੇ ਹੋਣ ਕਾਰਨ ਸਮਾਂ ਨਾ ਕੱਢ ਸਕੇ ਪ੍ਰੰਤੂ ਫਿਰ ਵੀ ਉਹਨਾਂ ਨੇ 1979 ਈ: ਵਿੱਚ ਦੋ ਪੁਸਤਕਾਂ ਪੰਜਾਬੀ ਯੂਨੀਵਰਸਿਟੀ ਦੇ ਪ੍ਰਕਾਸ਼ਨ ਅਧੀਨ ਛਪਵਾਈਆਂ। ਸਤਿਗੁਰੂ ਜੀ ਦੁਆਰਾ ਇਹਨਾਂ ਕਾਰਜਾਂ ਦੀ ਪੇਸ਼ਕਸ਼ ਭਾਵੇਂ ਕਿ ਬਹੁਤ ਸਮਾਂ ਪਹਿਲਾਂ ਕੀਤੀ ਗਈ ਸੀ।ਫਿਰ ਵੀ ਇਹ ਪੁਸਤਕਾਂ 23 ਸਾਲਾ ਬਾਅਦ ਜਾ ਕੇ ਛੱਪ ਸਕੀਆਂ।ਜਿਸ ਤੋਂ ਪਤਾ ਲੱਗਦਾ ਹੈ ਕਿ ਗੁਰੂ ਜੀ ਵੱਲੋਂ ਪ੍ਰਾਚੀਨ ਗਰਮਤਿ ਸੰਗੀਤ ਦੀਆਂ ਬੰਦਿਸ਼ਾਂ ਨੂੰ ਬਾਖੂਬੀ ਸੰਭਾਲਿਆ ਗਿਆ ਹੈ। "[22]

ਸਤਿਗੁਰੂ ਜੀ ਨੇ ਸ਼ਾਸਤਰੀ ਅਤੇ ਗੁਰਬਾਣੀ ਸੰਗੀਤ ਦੇ ਅਦਾਨ-ਪ੍ਰਦਾਨ ਲਈ ਸਿੱਖਾਂ ਨੂੰ ਖੂਬ ਪ੍ਰੇਰਿਤ ਕੀਤਾ ਅਤੇ ਸ਼ਾਸਤਰੀ ਸੰਗੀਤ ਦੇ ਪ੍ਰਚਾਰ ਪ੍ਰਸਾਰ ਲਈ ਜੋ ਕਦਮ ਚੁੱਕੇ ਉਹ ਭੁਲਾਏ ਨਹੀਂ ਜਾ ਸਕਦੇ ਇਹਨਾਂ ਤੋਂ ਇਲਾਵਾ '**ਇਸਤਰੀਆਂ ਨੂੰ ਅੰਮ੍ਰਿਤ ਦੀ ਦਾਤ**' ਤਾਂ ਬਖਸ਼ੀ ਨਾਲ ਹੀ ਉਹਨਾਂ ਨੇ ਸੰਗੀਤ ਦੇ ਖੇਤਰ ਵਿੱਚ ਵੀ ਮਰਦਾਂ ਦੇ ਬਰਾਬਰ ਦਾ ਅਧਿਕਾਰ ਬਖਸ਼ਿਆ।ਜਿਸ ਤੋਂ ਸਤਿਗਰੂ ਜਗਜੀਤ ਸਿੰਘ

ਜੀ ਦੀ ਸੰਗੀਤ ਪ੍ਰਤੀ ਲਗਨ ਅਤੇ ਅਥਾਹ ਪ੍ਰੇਮ ਦਾ ਪਤਾ ਲਗਦਾ ਹੈ।ਜਿਸ ਦੀ ਸਿੱਖਿਆ ਸਤਿਗੁਰੂ ਜੀ ਦੁਆਰਾ ਆਪਣੇ ਘਰ ਤੋਂ ਹੀ ਆਰੰਭ ਕੀਤੀ ਅਤੇ ਬੀਬੀਆਂ ਨੂੰ ਵੀ ਸੰਗੀਤ ਪ੍ਰਤੀ ਉਤਸਾਹਿਤ ਕੀਤਾ।

ਪੰਜਾਬ ਵਿੱਚ ਜੇਕਰ ਸ਼ਾਸਤਰੀ ਸੰਗੀਤ ਸੁਨਣ ਨੂੰ ਮਿਲ ਰਿਹਾ ਹੈ ਤਾਂ ਉਹ ਨਾਮਧਾਰੀ ਸਿੱਖ ਸੰਪ੍ਰਦਾਇ ਦੇ ਉਘੇ ਕਲਾਕਾਰਾਂ ਅਤੇ ਸੰਗੀਤ ਯੁਗ ਨੂੰ ਬਦਲਣ ਵਾਲੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਦੇਣ ਹੈ ਜਿੰਨ੍ਹਾ ਦੀ ਮਿਹਰ ਸਦਕਾ ਕੀਰਤਨ ਦੀ ਪ੍ਰਥਾ ਨੂੰ ਬਰਕਰਾਰ ਰੱਖਿਆ ਗਿਆ।ਜੋ ਕਿ ਅੱਜ ਵੀ ਪ੍ਰਚਲਿਤ ਹੈ।ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾ ਕੇਵਲ ਪ੍ਰਾਚੀਨ ਰੀਤਾਂ ਨੂੰ ਹੀ ਸੰਭਾਲਿਆ ਬਲਕਿ ਨਵੀਆਂ ਬੰਦਿਸ਼ਾਂ, ਤਾਲਾਂ ਅਤੇ ਸਾਜ਼ਾਂ ਦਾ ਵੀ ਨਿਰਮਾਣ ਕੀਤਾ।ਜੇਕਰ ਦਿਲਰੁਬਾ(ਤਾਊਸ) ਦੀ ਗੱਲ ਕੀਤੀ ਜਾਵੇ ਤਾਂ ਉਸ ਉਪਰ ਤਰਬ ਵਾਦਨ ਦੀ ਕਾਢ ਵੀ ਸਤਿਗੁਰੂ ਜੀ ਦੁਆਰਾ ਹੀ ਕੱਢੀ ਗਈ ਜੋ ਸੰਤੂਰ ਤੇ ਜਲਤੰਤਰ ਵਾਂਗੂ ਹੀ ਪ੍ਰਤੀਤ ਹੁੰਦੀ ਹੈ।ਇਹ ਸਾਜ਼ ਸਤਿਗੁਰੂ ਜੀ ਦਾ ਪ੍ਰਿਯ ਸਾਜ਼ ਮੰਨਿਆ ਜਾਂਦਾ ਸੀ।ਜਿਸ ਪਿਛੋਂ ਅਨੇਕਾਂ ਹੀ ਹੋਰ ਸਾਜ਼ ਹੋਂਦ ਵਿੱਚ ਆਏ ਅਤੇ ਉਹਨਾਂ ਨਾਲ ਕੀਰਤਨ ਕੀਤਾ ਜਾਣਾ ਸ਼ੁਰੂ ਹੋਇਆ।

ਸਤਿਗੁਰੂ ਜੀ ਦੀ ਇੱਛਾ ਸੀ ਕਿ ਹਰ ਸਿੱਖ ਵਿਚੋਂ ਸੰਗੀਤ ਦੀ ਖੁਸ਼ਬੋ ਆਉਂਣੀ ਚਾਹੀਦੀ ਹੈ।ਸਤਿਗੁਰੂ ਜੀ ਦੁਆਰਾ ਰਚੀਆਂ ਗਈਆਂ ਬੰਦਿਸ਼ਾਂ ਦੀਆਂ ਅਨੇਕਾਂ ਹੀ **ਪੁਸਤਕਾਂ** ਛਪੀਆਂ ਹਨ ਜੋ ਹਰ ਯੂਨੀਵਰਸਿਟੀ ਦੀ ਲਾਇਬ੍ਰੇਰੀ ਵਿੱਚ ਮੌਜੂਦ ਹਨ ਇਥੋਂ ਤੱਕ ਕਿ ਸਤਿਗੁਰੂ ਜੀ ਦੁਆਰਾ ਗਾਈਆਂ ਬੰਦਿਸ਼ਾਂ ਅਤੇ ਉਹਨਾਂ ਦੀਆਂ **ਰਿਕਾਡਿੰਗਸ ਅਤੇ ਟੇਪਾਂ** ਵੀ ਮੋਜੂਦ ਹਨ।ਜਿਨ੍ਹਾਂ ਨੂੰ ਹਰ ਵਿਅਕਤੀ (ਜੋ ਸੰਗੀਤ ਦੀ ਜਾਣਕਾਰੀ ਲੈਣਾ ਚਾਹੁੰਦਾ) ਜਾਂ ਵਿਦਿਆਰਥੀ ਉਹਨਾਂ ਯੂਨੀਵਰਸਿਟੀਆਂ ਵਿੱਚ ਜਾ ਕੇ ਸੁਣ ਸਕਦਾ ਹੈ।ਜੋ ਕਿ ਉਹਨਾਂ ਵਿਦਿਆਰਥੀਆਂ ਲਈ ਇੱਕ ਖੋਜ ਕਰਨ ਦਾ ਵਧੀਆ ਸਾਧਨ ਵੀ ਹੈ।ਉਸਤਾਦ ਅਮਜਦ ਅਲੀ ਖਾਂ ਦੇ ਅਨੁਸਾਰ ਸਤਿਗੁਰੂ ਜਗਜੀਤ ਸਿੰਘ ਜੀ ਸੰਗੀਤ ਅਤੇ ਲੈਅ ਦੇ ਸੁਲਝੇ ਹੋਏ ਮਹਾਨ ਵਿਦਵਾਨ ਸਨ।ਜਿੰਨਾਂ ਨੇ ਮਹਾਨ ਗੁਣੀਜਨਾਂ ਦੇ ਨਾਲ ਸੰਪਰਕ ਕਰਕੇ ਅਨੇਕਾਂ ਨਾਮਧਾਰੀ ਬੱਚਿਆਂ ਨੂੰ ਸੰਗੀਤ ਨਾਲ ਜੋੜਿਆਂ ਜਿੰਨਾਂ ਵਿੱਚ ਉਸਤਾਦ ਅਮਜਦ ਅਲੀ ਖਾਂ(ਸਰੋਦ), ਉਸਤਾਦ ਵਿਲਾਇਤ ਖਾਂ (ਸਿਤਾਰ), ਪੰਡਿਤ ਸ਼ਿਵ ਕੁਮਾਰ ਸ਼ਰਮਾ (ਸੰਤੂਰ), ਪੰਡਿਤ ਹਰਿ ਚੌਰਸੀਆ(ਬਾਂਸੁਰੀ), ਪੰਡਿਤ ਬਿਰਜੂ ਮਹਾਰਾਜ(ਨ੍ਰਿਤ), ਉਸਤਾਦ ਇਮਰਤ ਹੁਸੈਨ ਖਾਂ(ਸਿਤਾਰ), ਪੰਡਿਤ ਮਹਾਦੇਵ ਕਥਕ(ਧਰੁਪਦ), ਪੰਡਿਤ ਕਿਸ਼ਨ ਮਹਾਰਾਜ, ਪੰਡਿਤ ਸ਼ਾਮਤਾ ਪ੍ਰਸ਼ਾਦ ਤਥਾ ਅੱਲਾ ਰੱਖਾ ਖਾਂ(ਤਬਲਾ-ਪਖਾਵਜ), ਪੰਡਿਤ ਰਾਜਨ-ਸਾਜਨ ਮਿਸ਼ਰਾ(ਗਾਇਨ) ਜੀ ਦੇ ਨਾਮ ਸ਼ਾਮਿਲ ਹਨ।ਜਿੰਨਾਂ ਤੋਂ ਬਹੁਤ ਸਾਰੇ ਨਾਮਧਾਰੀ ਕਲਾਕਾਰਾਂ ਤੋਂ ਸਿੱਖਿਆਂ ਪ੍ਰਾਪਤ ਕੀਤੀ ਅਤੇ ਕੁਝ ਗਾਇਨ ਅਤੇ ਵਾਦਨ ਦੀ ਸਿੱਖਿਆਂ ਲੈ ਰਹੇ ਹਨ।

## ਸ੍ਰੀ ਸਤਿਗੁਰੂ ਉਦੈ ਸਿੰਘ ਜੀ

ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਚਲਾਈ ਗਈ ਸ਼ਾਸਤਰੀ ਸੰਗੀਤ ਦੀ ਲਹਿਰ ਨੂੰ ਮੌਜੂਦਾ ਸਮੇਂ ਵਿੱਚ ਸਤਿਗੁਰੂ ਉਦੈ ਸਿੰਘ ਜੀ ਦੁਆਰਾ ਅੱਗੇ ਚਲਾਇਆ ਜਾ ਰਿਹਾ ਹੈ।ਜ੍ਹਿਨਾਂ ਦੀ ਬਖਸ਼ਿਸ ਸਦਕਾ ਸੰਗੀਤ ਦੇ **'ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ'** ਕਰਵਾਏ ਜਾ ਰਹੇ ਹਨ।ਜੋ ਨਾਮਧਾਰੀ ਸਿੱਖ ਸੰਪ੍ਰਦਾਇ ਦੀ ਵਿਲੱਖਣ ਪਹਿਚਾਨ ਦੇ ਮੰਨੇ ਜਾਂਦੇ ਹਨ।ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਚਲਾਈ ਗਈ ਪ੍ਰਥਾ ਦੇ ਨਤੀਜੇ ਵਜੋ ਅੱਜ ਸ੍ਰੀ ਭੈਣੀ ਸਾਹਿਬ ਵਿਖੇ ਪੈਦਾ ਹੋਣ ਵਾਲੀ ਹਰ ਸੰਤਾਨ ਦੇ ਰਗ-ਰਗ ਵਿੱਚ ਸੰਗੀਤ ਵੇਖਿਆ ਜਾ ਸਕਦਾ ਹੈ।ਸਤਿਗੁਰੂ ਉਦੈ ਸਿੰਘ ਜੀ ਦੀ ਬਖਸ਼ਿਸ਼ ਨਾਲ ਮਹਾਮਾਰੀ (2020) ਵਰਗੇ ਸਮੇਂ ਵਿੱਚ ਵੀ ਆਨਲਾਇਨ ਸੰਗੀਤ ਸੰਮੇਲਨ ਕਰਵਾਏ ਗਏ।

## ਸ਼ਾਸਤਰੀ ਸੰਗੀਤ ਨੂੰ ਪ੍ਰਫੁਲਿਤ ਕਰਨ ਵਿੱਚ ਨਾਮਧਾਰੀ ਸਿੱਖ ਸੰਪ੍ਰਦਾਇ ਦੀ ਵਿਸ਼ੇਸ਼ ਭੂਮਿਕਾ

ਨਾਮਧਾਰੀ ਸਿੱਖ ਸੰਪ੍ਰਦਾਇ ਨੇ ਸੰਗੀਤ ਸੰਮੇਲਨਾਂ ਦੇ ਲਗਾਤਾਰ ਆਯੋਜਨਾ ਦੁਆਰਾ ਸ਼ਾਸਤਰੀ ਸੰਗੀਤ ਦੇ ਪੱਧਰ ਨੂੰ ਬਹੁਤ ਉਪਰ ਚੁੱਕਿਆ। ਕੀਰਤਨ ਦੀ ਪਰੰਪਰਾ ਨੂੰ ਤੰਤੀ ਸਾਜ਼ਾਂ ਦੇ ਜ਼ਰੀਏ ਆਰੰਭ ਕੀਤਾ।ਇਹਨਾਂ ਸੰਗੀਤ ਸੰਮੇਲਨਾਂ ਵਿੱਚ ਪ੍ਰਤੀਯੋਗਤਾਵਾਂ ਕਰਾਉਣੀਆਂ ਆਰੰਭ ਹੋਈਆਂ।ਸਭ ਤੋਂ ਪਹਿਲਾਂ ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਦੁਆਰਾ 1990 **ਬਿ: 8-9 ਅੱਸੂ ਭੈਣੀ ਸਾਹਿਬ** ਵਿਖੇ ਸੰਗੀਤ ਸੰਮੇਲਨ ਕਰਵਾਇਆ ਗਿਆ।ਜਿਸ ਵਿੱਚ ਇਨਾਮੀ ਪ੍ਰਤੀਯੋਗਿਤਾ ਕਰਵਾਈ ਗਈ।ਸੰਮੇਲਨ ਵਿੱਚ ਰਾਗ ਦੇ ਆਧਾਰ ਤੇ ਹੀ ਕੀਰਤਨ ਕਰਨ ਦੀ ਸ਼ਰਤ ਰੱਖੀ ਗਈ।ਜਿਸ ਵਿੱਚ ਕੇਵਲ ਤੰਤੀ ਸਾਜ਼ਾ ਦੀ ਹੀ ਵਰਤੋਂ ਕੀਤੀ ਗਈ।

**"ਇਸ ਪ੍ਰਤੀਯੋਗਿਤਾ ਦੇ ਜੱਜ ਭਾਈ ਸਾਹਿਬ ਕਾਹਨ ਸਿੰਘ ਨਾਭਾ ਸਰਦਾਰ ਮੁਕੰਦ ਸਿੰਘ ਜੀ ਅੰਬਾਲਾ, ਸੰਤ ਹੀਰਾ ਸਿੰਘ ਤੇ ਨਿਹਾਲ ਸਿੰਘ ਜੀ ਸਨ"**[23]

"ਇਸ ਪਿੱਛੋਂ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ 1933 **ਈ:** ਵਿੱਚ ਗੁਰਮਤਿ ਸੰਗੀਤ ਸੰਮੇਲਨ ਕਰਵਾਇਆ ਗਿਆ।ਜਿਸ ਨੂੰ ਸਤਿਗੁਰੂ ਪ੍ਰਤਾਪ ਸਿੰਘ ਜੀ ਦੁਆਰਾ ਆਰੰਭ ਕੀਤਾ ਗਿਆ ਸੀ।ਜਿਸ ਦਾ ਪ੍ਰਚਾਰ ਸਮੇਂ-ਸਮੇਂ ਤੇ ਪੰਜਾਬ ਵਿੱਚ ਛੱਪ ਰਹੇ ਸਮਾਚਾਰ ਪੱਤਰਾਂ ਦੁਆਰਾ ਕੀਤਾ ਜਾ ਰਿਹਾ ਹੈ"[24]

## ਸੰਗੀਤ ਸੰਮੇਲਨਾਂ ਦਾ ਵੇਰਵਾ

- ਪਹਿਲਾਂ ਸੰਗੀਤ ਸੰਮੇਲਨ ਆਲ ਇੰਡੀਆ "ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ 31 ਮਾਰਚ ਅਤੇ 1 ਅਪ੍ਰੈਲ 1973 ਈ: ਨੂੰ ਵਿਸ਼ਾਲ (ਸ਼ੰਕਰ

ਲਾਲ) ਹਾਲ ਮਾਡਰਨ ਸਕੂਲ ਬਾਗ ਖੰਬਾਰੰਡ ਨਵੀਂ ਦਿੱਲੀ ਵਿਖੇ ਕਰਵਾਇਆ ਗਿਆ।"[25]

- "ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ ਦਿੱਲੀ ਦੇ ਆਵਾਨ-ਏ-ਗਾਲਿਬ ਹਾਲ ਵਿੱਚ 9-10-11 ਅਪ੍ਰੈਲ 1977 ਨੂੰ ਆਯੋਜਿਤ ਕੀਤਾ ਗਿਆ।"[26]
- "ਪੰਜਵਾਂ ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ (ਬੰਬਈ) 3 ਤੋਂ 8 ਅਪ੍ਰੈਲ 1978 ਵਿੱਚ ਬਿਰਲਾ ਸਾਸ਼ਤਰੀ ਹਾਲ ਵਿੱਚ ਪੰਜ ਦਿਨਾਂ ਲਈ ਕਰਵਾਇਆ ਗਿਆ।"[27]
- "ਛੇਵਾਂ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਲਖਨਊ (2 ਤੋਂ 6 ਫਰਵਰੀ 1979 ਵਿੱਚ ਰਵਿੰਦਗਲੇ ਹਾਲ ਵਿੱਚ ਕਰਵਾਇਆ ਗਿਆ।"[28]
- "ਸਤਵਾਂ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਔਰੰਗਾਬਾਦ (14,15,16,19,20,21 ਦਸੰਬਰ 1980 ਨੂੰ "ਮਾਰਠਵਾੜਾ ਮੰਡਪ" ਵਿਖੇ ਕਰਵਾਇਆ ਗਿਆ।"[29]
- "ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ,6-7 ਮਈ, 1994 ਈ. ਨੂੰ ਜੰਮੂ ਵਿਖੇ ਕਰਵਾਇਆ ਗਿਆ।"[30]
- ਵਿਸ਼ੇਸ਼ ਸੰਗੀਤ ਗੋਸ਼ਟੀ ਤੇ ਸੰਮੇਲਨ ਸ਼੍ਰੀ ਭੈਣੀ ਸਾਹਿਬ 10 ਅਗਸਤ, 1988 ਵਿੱਚ ਕਰਵਾਇਆ ਗਿਆ।
- ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ 1993 ਈ: ਨੂੰ ਬੰਗਲੌਰ ਵਿਖੇ, ਉੱਤਰ ਸੰਗੀਤ ਪੱਧਤੀ ਦੇ ਆਧਾਰ ਤੇ ਕਰਵਾਇਆ ਗਿਆ।
- "ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ, ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿੱਚ 2 ਅਗਸਤ, 1993 ਈ: ਵਿੱਚ ਆਯੋਜਿਤ ਕੀਤਾ ਗਿਆ।"[31]
- ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ ਸਤਿਗੁਰੂ ਜੀ ਦੀ ਸਰਪ੍ਰਸਤੀ ਹੇਠ 23,24,25 ਫਰਵਰੀ 1994 ਨੂੰ ਔਰਗਾਬਾਦ ਵਿਖੇ ਆਯੋਜਿਤ ਕੀਤਾ ਗਿਆ।
- "ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ (28,29 ਜਨਵਰੀ) ਜਲੰਧਰ ਅਤੇ 7-8 ਨਵੰਬਰ ਗਵਾਲੀਅਰ ਵਿਖੇ ਨਵੰਬਰ 1995 ਈ: ਵਿੱਚ ਕਰਵਾਇਆ ਗਿਆ।"[32]

- ਸੁਰ-ਨਾਦ ਸੰਗੀਤ ਸਮਾਰੋਹ ਜੋ ਕਿ ਸੁਰ-ਨਾਦ ਅਕੈਡਮੀ ਯੂ.ਕੇ (ਲੰਡਨ) ਨੇ ਸਤਿਗੁਰੂ ਜੀ ਦੀ ਰਹਿਨੁਮਾਈ ਹੇਠ 2-3 ਜਨਵਰੀ 1998 ਈ: ਵਿਚ ਦਿੱਲੀ ਦੇ ਕਮਾਨੀ ਆਡੀਟੋਰੀਅਮ ਵਿੱਚ ਆਯੋਜਿਤ ਕੀਤਾ।

- "ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ 15 ਅਗਸਤ 1999 ਈ: ਨੂੰ ਦਿੱਲੀ ਵਿਖੇ ਵਿਸ਼ੇਸ਼, ਸੰਗੀਤ ਗੋਸ਼ਟੀ ਸੰਮੇਲਨ ਆਯੋਜਿਤ ਕੀਤਾ।"[33]

- "ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ 11 ਮਈ 2003 ਵਿੱਚ ਨਾਮਧਾਰੀ ਸ਼ਹੀਦੀ ਸਮਾਰਕ ਲੁਧਿਆਣਾ ਵਿਖੇ 'ਸੁਰ ਸੰਗਮ' ਦਾ ਆਯੋਜਨ ਹੋਇਆ।"[34]

- ਪਹਿਲਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ 16,17 ਨਵੰਬਰ 2013, ਭੈਣੀ ਸਾਹਿਬ ਵਿਖੇ ਕਰਵਾਇਆ ਗਿਆ ।

- ਦੂਜਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ, ਜਨਵਰੀ 2014, ਭੈਣੀ ਸਾਹਿਬ ਵਿਚ ਕਰਵਾਇਆ ਗਿਆ ।

- ਤੀਜਾ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ 8,9 ਨਵੰਬਰ 2014, ਭੈਣੀ ਸਾਹਿਬ ਵਿਖੇ ਕਰਵਾਇਆ ਗਿਆ ।

- ਚੌਥਾ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ 21,22 ਨਵੰਬਰ 2015, ਭੈਣੀ ਸਾਹਿਬ ਵਿਖੇ ਕਰਵਾਇਆ ਗਿਆ।

- ਪੰਜਵਾਂ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ 19,20 ਨਵੰਬਰ 2016, ਭੈਣੀ ਸਾਹਿਬ ਵਿਖੇ ਕਰਵਾਇਆ ਗਿਆ।

- ਛੇਵਾਂ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ 98ਵੇਂ ਪ੍ਰਕਾਸ਼ ਪੁਰਬ ਦੇ ਸ਼ੁੱਭ ਅਵਸਰ ਤੇ 18-19 ਨਵੰਬਰ 2017, ਨੂੰ ਸ਼੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ (ਭੈਣੀ ਸਾਹਿਬ) ਵਿਖੇ ਕਰਵਾਇਆ ਗਿਆ।

- "ਦੂਜਾ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ 23 ਅਪ੍ਰੈਲ 2017, ਨਵੀ ਦਿੱਲੀ ਵਿੱਚ ਸਿਰੀਫੋਰਟ ਔਡੀਟੋਰੀਅਮ ਵਿਖੇ ਕਰਵਾਇਆ ਗਿਆ।"[35]

- 203ਵੇਂ ਪ੍ਰਕਾਸ਼ ਪੁਰਬ ਨੂੰ ਸਮਰਪਿਤ ਬੰਸਤ ਪੰਚਮੀ ਸੰਗੀਤ ਸੰਮੇਲਨ 10 ਫਰਵਰੀ 2018 ਸ਼ਨੀਵਾਰ, ਗੁਰੂ ਨਾਨਕ ਭਵਨ, ਭਾਰਤ ਨਗਰ ਚੌਂਕ, ਲੁਧਿਆਣਾ।

- ਸੱਤਵਾਂ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ 28,29 ਨਵੰਬਰ 2018 ਨੂੰ ਸ਼੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜੂਰੀ ਵਿੱਚ ਭੈਣੀ ਸਾਹਿਬ ਵਿਖੇ ਕਰਵਾਇਆ ਗਿਆ।
- 16 ਫਰਵਰੀ 2019 ਵਿੱਚ ਸ਼ਾਸ਼ਤਰੀ ਸੰਗੀਤ ਸੰਮੇਲਨ ਭਾਰਤ ਨਗਰ ਚੌਂਕ ਵਿਖੇ ਕਰਵਾਇਆ ਗਿਆ।
- ਅੱਠਵਾਂ ਸੰਗੀਤ ਸੰਮੇਲਨ 23,24 ਨਵੰਬਰ 2019 ਨੂੰ ਸ਼੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜੂਰੀ ਵਿੱਚ ਭੈਣੀ ਸਾਹਿਬ ਵਿਖੇ ਕਰਵਾਇਆ ਗਿਆ।
- ਨੌਵਾਂ ਸੰਗੀਤ ਸੰਮੇਲਨ 20,21,22 ਨਵੰਬਰ 2021 ਨੂੰ ਸ਼੍ਰੀ ਸਤਿਗੁਰੂ ਉਦੈ ਸਿੰਘ ਜੀ ਦੀ ਪਾਵਨ ਹਜੂਰੀ ਵਿੱਚ ਭੈਣੀ ਸਾਹਿਬ ਵਿਖੇ ਕਰਵਾਇਆ ਗਿਆ।

ਨਾਮਧਾਰੀ ਸਿੱਖ ਸੰਪ੍ਰਦਾਇ ਦੁਆਰਾ ਉਪਰੋਕਤ ਅਨੇਕਾਂ ਸੰਗੀਤ ਸੰਮੇਲਨਾਂ ਦਾ ਆਯੋਜਨ ਕੀਤਾ ਗਿਆ। ਜਿਸ ਦੇ **ਉਦੇਸ਼** ਸਨ।

- "ਸ਼੍ਰੀ ਭੈਣੀ ਸਾਹਿਬ ਦੇ ਸੰਗੀਤ ਵਿਦਿਆਲੇ ਦੀਆਂ ਪ੍ਰਾਪਤੀਆਂ ਨੂੰ ਉੱਚ ਕੋਟੀ ਦੇ ਗੁਣੀ ਵਿਦਵਾਨਾਂ, ਗਾਇਕਾਂ ਅਤੇ ਨੇਤਾਵਾਂ ਦੇ ਸਾਹਮਣੇ ਪੇਸ਼ ਕਰਨਾ।"[36]
- ਸਾਸ਼ਤਰੀ ਅੰਗ ਦੀ ਗਾਇਕੀ ਅਤੇ ਤੰਤੀ ਸਾਜ਼ਾਂ ਨਾਲ ਕੀਰਤਨ ਦੀ ਪਰੰਪਰਾ ਨੂੰ ਅੱਗੇ ਤੋਰਨਾ।
- "ਸਿੱਖ ਧਰਮ ਦੇ ਗ੍ਰੰਥਾਂ ਵਿੱਚ ਦਰਜ ਬਾਣੀ ਨੂੰ ਸ਼ੁਧ ਰੂਪ ਵਿੱਚ ਉਚਾਰਨ ਕਰਨਾ ਅਤੇ ਰਾਗਾਂ ਦੇ ਅਧਾਰ ਤੇ ਹੀ ਕੀਰਤਨ ਕਰਨਾ।"[37]
- ਸੰਗੀਤ ਦੇ ਖੇਤਰ ਵਿੱਚ ਬੀਬੀਆਂ ਨੂੰ ਵੀ ਸਮਾਨ ਕੀਰਤਨ ਕਰਨ ਅਤੇ ਬਾਣੀ ਪੜ੍ਹਨ-ਸੁਣਨ ਦਾ ਅਧਿਕਾਰ ਦੇਣਾ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਨਾ ਕੇਵਲ ਮਰਦਾਂ ਲਈ ਬਲਕਿ ਬੀਬੀਆਂ ਨੂੰ ਵੀ ਸੰਗੀਤ ਸੰਮੇਲਨਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ। ਸਤਿਗੁਰੂ ਜੀ ਨੇ **'ਆਸਾ ਦੀ ਵਾਰ'** ਦੇ ਕੀਰਤਨ ਲਈ ਬੀਬੀਆਂ ਨੂੰ ਸਨਿੱਚਰਵਾਰ ਦਿਨ ਰੱਖਣ ਦਾ ਹੁਕਮ ਦਿੱਤਾ। ਬੀਬੀਆਂ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਆਸਾ ਦੀ ਵਾਰ ਦਾ ਕੀਰਤਨ ਕਰਦੀਆਂ ਸਨ। ਇਹ ਪਰੰਪਰਾ ਅੱਜ ਵੀ ਪ੍ਰਚੱਲਿਤ ਹੈ। ਇਹਨਾਂ ਬੀਬੀਆਂ ਨੂੰ ਸੰਗੀਤ ਦੀ ਸਿੱਖਿਆ ਸਤਿਗੁਰੂ ਜੀ ਨੇ ਬੀਬੀ ਨਰਿੰਦਰ ਕੌਰ ਜੀ ਤੋਂ ਦਿਵਾਉਣੀ

ਆਰੰਭ ਕੀਤੀ।ਜੋ ਅੱਜ ਸੰਗੀਤ ਸੰਮੇਲਨਾਂ ਦੇ ਰੂਪ ਵਿੱਚ ਕੀਰਤਨ ਦੀ ਪ੍ਰੰਪਰਾ ਨੂੰ ਅੱਗੇ ਵਧਾ ਰਹੇ ਹਨ।

"ਇਹਨਾਂ ਗੁਰਮਤਿ ਸੰਗੀਤ ਸਮੇਲੰਨਾਂ ਤੋਂ ਇਲਾਵਾ 2 **ਕਤੱਕ ਬਿ**:1999 **ਈ:** ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸੰਗੀਤਕ ਕਾਨਫਰੰਸ ਵੀ ਬੁਲਾਈ ਗਈ।ਜਿਸ ਵਿੱਚ **ਭਾਈ ਨਸੀਰ, ਭਾਈ ਸੰਤੂ, ਭਾਈ ਸੁੰਦਰ, ਭਾਈ ਸੋਹਣਾ ਕੋਟਲੀ, ਭਾਈ ਬਾਗੀਚਾ, ਭਾਈ ਹੈਦਰ, ਅਬਦੁਲ ਹੱਕ, ਭਾਈ ਤਾਬਾ, ਭਾਈ ਦੇਸਾ ਅਤੇ ਅਨਾਇਤ ਖਾਂ ਦੇ ਨਾਮ ਸ਼ਾਮਿਲ ਸਨ।** "[38]

ਇਸ ਕਾਨਫਰੰਸਾਂ ਵਿੱਚ ਗੁਰਮਤਿ ਸੰਗੀਤ ਦੀਆਂ ਪ੍ਰਾਚੀਨ ਰੀਤਾਂ ਦੇ ਰਾਗਾਂ ਅਤੇ ਸ਼ੈਲੀਆਂ ਉਪਰ ਵਿਚਾਰ-ਵਟਾਂਦਰਾ ਕੀਤਾ ਗਿਆ।ਅਤੇ ਸਤਿਗੁਰੂ ਜੀ ਦੁਆਰਾ ਗੁਰਦੁਆਰਿਆਂ ਦੇ ਰਬਾਬੀਆਂ ਨੂੰ ਵੀ ਨਵੀਂ ਦਿਸ਼ਾ ਦਿੱਤੀ।ਵਰਤਮਾਨ ਸਮੇਂ ਵਿੱਚ ਗੁਰਮਤਿ ਸੰਗੀਤ ਸੰਮੇਲਨਾਂ ਵਿੱਚ ਬੀਬੀਆਂ ਦੁਆਰਾ ਵੀ ਭਾਗ ਲਿਆ ਜਾਂਦਾ ਹੈ।ਉਹਨਾਂ ਦੀਆਂ ਇਨਾਮਾਂ ਦੇ ਆਧਾਰ ਤੇ ਪ੍ਰਤੀਯੋਗਤਾਵਾਂ ਵੀ ਨਿਸ਼ਚਿਤ ਕੀਤੀਆਂ ਜਾਂਦੀਆਂ ਹਨ।ਜਿਸ ਤੋਂ ਨਾਮਧਾਰੀ ਸਿੱਖ ਸੰਪ੍ਰਦਾਇ ਦੇ ਸਿੱਖਾਂ ਦੀ ਸਾਸ਼ਤਰੀ ਗਾਇਨ ਸ਼ੈਲੀ ਨੂੰ ਲੈ ਕੇ ਪ੍ਰੀਪੱਕਤਾ ਦਾ ਪਤਾ ਲੱਗਦਾ ਹੈ।

### ਨਾਮਧਾਰੀ ਵਿਦਿਅਕ ਜਥਿਆਂ ਦੀ ਸਥਾਪਨਾ

**ਸਤਿਗੁਰੂ ਜਗਜੀਤ ਸਿੰਘ ਜੀ** 23 **ਅਗਸਤ ਸੰਨ** 1959 **ਈ:** ਵਿੱਚ ਗੁਰਗੱਦੀ ਤੇ ਸੁਸ਼ੋਭਿਤ ਹੋਏ।ਸਤਿਗੁਰੂ ਜੀ ਨੇ ਵਿਰਾਜਮਾਨ ਹੁੰਦੇ ਹੀ ਸਭ ਤੋਂ ਪਹਿਲਾਂ ਨੌਜਵਾਨਾਂ ਨੂੰ ਸਹੀ ਰਾਹ ਦਿਖਾਉਣ ਲਈ ਵਿਸ਼ੇਸ਼ ਉਪਰਾਲਾ ਕੀਤਾ।ਸਤਿਗੁਰੂ ਜੀ ਨੇ ਭੈਣੀ ਸਾਹਿਬ ਵਿਖੇ ਹੀ 1 **ਸਤੰਬਰ** 1962 **ਈ:** ਵਿੱਚ ਇਕ ਸਭਾ ਬੁਲਾਈ।ਜਿਸ ਵਿੱਚ ਨੌਜਵਾਨਾਂ ਮੁੰਡਿਆਂ ਨੂੰ ਸ਼ਾਮਿਲ ਕੀਤਾ ਗਿਆ ਜੋ ਨਾਮਧਾਰੀ ਸਿੱਖ ਸੰਪ੍ਰਦਾਇ ਨਾਲ ਸੰਬੰਧ ਰੱਖਦੇ ਸਨ।ਜਿਸ ਨੂੰ ਬਾਅਦ ਵਿੱਚ **'ਨਾਮਧਾਰੀ ਵਿਦਿਅਕ ਜਥੇ'** ਦੇ ਨਾਮ ਜਾਣਿਆ ਜਾਣ ਲੱਗਾ।ਇਹ **'ਨਾਮਧਾਰੀ ਵਿਦਿਅਕ ਜਥਾ'** ਸਤਿਗੁਰੂ ਜੀ ਦੇ ਦੁਆਰਾ 1964-65 **ਈ:** ਵਿੱਚ '**ਸਰਬ ਹਿੰਦ ਨਾਮਧਾਰੀ ਵਿਦਿਅਕ ਜਥੇ**' ਦੇ ਨਾਮ ਨਾਲ ਸਥਾਪਿਤ ਕੀਤਾ ਗਿਆ।ਜਿਸ ਦਾ ਮੁੱਖ ਉਦੇਸ਼ ਨੌਜਵਾਨ ਪੀੜ੍ਹੀ ਨੂੰ ਆਪਣੇ ਧਰਮ ਵਿੱਚ ਪ੍ਰਪੱਕ ਕਰਨ ਅਤੇ ਇਕੋ ਹੀ ਮੰਚ ਤੇ ਇਕੱਤਰ ਕਰਨਾ ਤੇ ਖੇਡਾਂ ਨਾਲ ਜੋੜਨਾ ਵੀ ਸੀ।

ਜਿਸ ਪਿਛੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਯਤਨਾ ਸਦਕਾ 1981 **ਈ: ਵਿੱਚ 'ਵਿਸ਼ਵ ਨਾਮਧਾਰੀ ਵਿਦਿਅਕ ਜਥਾ' (ਇਸਤਰੀ ਵਿੰਗ)** ਦੀ ਸਥਾਪਨਾ ਕੀਤੀ ਗਈ।ਜੋ ਮਰਦਾਂ ਦੇ ਵਿਦਿਅਕ ਜਥੇ ਤੋਂ ਅਲੱਗ ਬੀਬੀਆਂ ਦੁਆਰਾ ਬਣਾਇਆ ਗਿਆ।ਸਭ ਤੋਂ ਪਹਿਲਾਂ ਇਸ ਜਥੇ ਦੇ ਪ੍ਰਧਾਨ ਬੀਬੀ **ਨਰਿੰਦਰ ਕੌਰ (ਹੁਸ਼ਿਆਰਪੁਰ)**

**ਜੀ** 1982 **ਤੋਂ** 1988 **ਈ:** ਤੱਕ ਅਹੁਦੇ ਤੇ ਰਹੇ। ਇਹਨਾਂ ਦੇ ਨਾਲ ਹੀ **ਸਕੱਤਰ ਬੀਬੀ ਦਰਸ਼ਨ ਕੌਰ** ਸਨ। ਇਹਨਾਂ ਤੋਂ ਪਿਛੋਂ (ਸੂਬਾ) **ਸੁਰਿੰਦਰ ਕੌਰ ਖਰਲ ਜੀ** 1991 **ਤੋਂ** 1995 **ਈ:** ਤੱਕ ਅਹੁਦੇ ਤੇ ਬਿਰਾਜਮਾਨ ਰਹੇ। ਸੂਬਾ ਜੀ ਨਾਲ **ਬੀਬੀ ਸਿਮਰਨਜੀਤ ਕੌਰ** ਸਕੱਤਰ ਨਿਯੁਕਤ ਸਨ।

ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਸੂਬਾ ਜੀ ਤੋਂ ਪੁੱਛਣ ਤੇ ਬੀਬੀ ਜੀ ਨੇ **ਬੀਬੀ ਸੁਖਜੀਤ ਕੌਰ ਜੀ** ਜੋ ਕਿ ਲੁਧਿਆਣਾ ਸ਼ਹਿਰ ਦੇ ਹੀ ਰਹਿਣ ਵਾਲੇ ਸਨ ਉਹਨਾਂ ਨੂੰ ਆਪਣਾ ਕਾਰਜ ਸੌਂਪ ਦਿੱਤਾ। ਜਿਸ ਪਿਛੋਂ ਬੀਬੀ ਸੁਖਜੀਤ ਕੌਰ ਜੀ ਨੂੰ ਇਸ ਜਥੇ ਦਾ ਪ੍ਰਧਾਨ ਨਿਯੁਕਤ ਕਰ ਦਿੱਤਾ ਗਿਆ ਜਿਨ੍ਹਾਂ ਨੇ ਸੂਬਾ ਜੀ ਤੋਂ ਪਿਛੋਂ 2016 ਤੱਕ ਇਸ ਜਥੇ ਦੇ ਪ੍ਰਧਾਨ ਵਜ਼ੋਂ ਸੇਵਾ ਨਿਭਾਈ। ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ **'ਵਿਸ਼ਵ ਨਾਮਧਾਰੀ ਵਿਦਿਅਕ ਜਥੇ'** ਦੇ ਹੁਣ ਸੇਵਾਦਾਰ ਨਿਯੁਕਤ ਕਰ ਦਿੱਤੇ ਗਏ ਹਨ ਜੋ ਨੌਜਵਾਨ ਪੀੜ੍ਹੀ ਦੀਆਂ ਬੀਬੀਆਂ ਹੀ ਹਨ ਜੋ ਅੱਜ-ਕੱਲ੍ਹ ਇਸ ਜਥੇ ਦੇ ਕਾਰਜਾਂ ਨੂੰ ਪੂਰਾ ਕਰਨ ਲਈ ਸੇਵਾ ਨਿਭਾਅ ਰਹੀਆਂ ਹਨ।

**ਵਿਸ਼ਵ ਨਾਮਧਾਰੀ ਵਿਦਿਅਕ ਜਥਾ (ਇਸਤਰੀ ਵਿੰਗ)** ਬਣਾਉਣ ਦਾ ਮੁੱਖ ਉਦੇਸ਼ ਸੀ।

1. ਬੀਬੀਆਂ ਨੂੰ ਸਮਾਜ ਵਿੱਚ ਰਹਿੰਦੇ ਹੋਏ ਵਿਰਸੇ ਪ੍ਰਤੀ ਇੱਕ ਨਵੀਂ ਸੇਧ ਦੇਣ ਲਈ ਸਤਿਗੁਰੂ ਜੀ ਦੁਆਰਾ ਕੀਤੇ ਹੁਕਮਾਂ ਅਨੁਸਾਰ ਬੀਬੀਆਂ ਨੂੰ ਜਨਮ ਤੋਂ ਹੀ ਧਾਰਮਿਕ ਅਸੂਲ ਦੀ ਗੁੜਤੀ ਦੇਣੀ।
2. ਬੀਬੀਆਂ ਨੂੰ ਬਚਪਨ ਤੋਂ ਸਿੱਖਿਆ ਗੁਰਮੁਖੀ ਅੱਖਰ ਪੜ੍ਹਾਉਣਾ।
3. ਬੀਬੀਆਂ ਨੂੰ ਫੈਸ਼ਨ-ਪ੍ਰਸਤੀ ਤੋਂ ਦੂਰ ਰੱਖ ਕੇ ਸੰਸਕਾਰਾਂ ਪ੍ਰਤੀ ਜਾਗਰੂਕਤਾ ਪੈਦਾ ਕਰਨੀ।

## ਨਾਮਧਾਰੀ ਸੰਗੀਤਕ ਵਿਦਿਆਲਿਆਂ ਦੀ ਸਥਾਪਨਾ

ਸੰਗੀਤ ਦਾ **ਮੁੱਖ ਕੇਂਦਰ ਸ੍ਰੀ ਭੈਣੀ ਸਾਹਿਬ (ਲੁਧਿਆਣਾ)** ਵਿੱਚ ਸਥਿਤ ਹੈ। ਜਿਸਨੂੰ **'ਸੰਗੀਤ ਕਲਾ ਕੇਂਦਰ'** ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਸੰਗੀਤਕ ਰੁਚੀ ਨੂੰ ਦੇਖਦੇ ਹੋਏ 1985 **ਬਿ: ਸੰਨ** 1928 ਈ: ਵਿੱਚ **ਸ੍ਰੀ ਭੈਣੀ ਸਾਹਿਬ** ਵਿਖੇ ਸੰਗਤਿ ਵਿਦਿਆਲਾ ਖੋਲਿਆ ਸੀ। ਜਿਸ ਸੰਗੀਤ ਕੇਂਦਰ ਵਿੱਚ ਸੰਗੀਤ ਦੀ ਸਿੱਖਿਆ ਦੇਣ ਵਾਲੇ ਅਧਿਆਪਕ ਸੰਗੀਤ ਦੇ **ਉਸਤਾਦ ਹਰਨਾਮ ਸਿੰਘ ਚਵਿੰਡੇ** ਵਾਲੇ ਸਨ। ਜਿੰਨ੍ਹਾਂ ਨੇ ਸੰਗੀਤ ਦੇ ਵਿਦਿਆਰਥੀਆਂ ਵਿੱਚ ਇਕ ਨਵਾਂ ਜੋਸ਼ ਭਰਿਆ। ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਮਰਦਾਂ ਨੂੰ ਹੀ ਕੀਰਤਨ ਸਿਖਾਇਆ ਜਾਂਦਾ ਸੀ। ਜੋ ਤੰਤੀ ਸਾਜ਼ਾਂ ਨਾਲ ਹੀ ਕਰਦੇ ਸਨ। ਸਤਿਗੁਰੂ

ਪ੍ਰਤਾਪ ਸਿੰਘ ਜੀ ਨੇ ਉਹਨਾਂ ਲਈ 4 ਨਿਯਮ ਲਾਗੂ ਕੀਤੇ ਸਨ। (1) ਸਵਰ (2) ਤਾਲ (3) ਸ਼ਬਦ (4) ਲੈਅ

ਨਾਮਧਾਰੀ ਇਸਤਰੀਆਂ ਨੂੰ ਸੰਗੀਤ ਸਿੱਖਣ ਅਤੇ ਸੰਗੀਤ ਸੰਮੇਲਨਾਂ ਵਿੱਚ ਭਾਗ ਲੈਣ ਦਾ ਅਵਸਰ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਹੀ ਪ੍ਰਾਪਤ ਹੋਇਆ।ਜਿਸ ਸਮੇਂ ਲੋਕਾਂ ਦੇ ਮਨ ਦੀਆਂ ਪੁਰਾਣੀਆਂ ਧਾਰਨਾਵਾਂ ਸਨ ਕਿ ਸੰਗੀਤ ਤਾਂ ਮਰਾਸੀਆਂ ਵਾਲਾ ਹੀ ਕੰਮ ਹੁੰਦਾ ਹੈ।ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਤਿਗੁਰੂ ਜੀ ਨੇ ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਸੰਗੀਤਕ ਵਿਦਿਆਲਿਆਂ ਦੀ ਸਥਾਪਨਾ ਕਰਨੀ ਜ਼ਰੂਰੀ ਸਮਝੀ।

ਸਤਿਗੁਰੂ ਜਗਜੀਤ ਸਿੰਘ ਦੇ ਮੰਨਦੇ ਸਨ ਕਿ,"ਸੰਗੀਤ ਤਾਂ ਉਸਨੂੰ ਆਉਂਦਾ ਹੈ ਜਿਸ ਨੇ ਪਿਛਲੇ ਜਨਮ ਵਿੱਚ ਮੋਤੀ ਦਾਨ ਕੀਤੇ ਹੋਣੇ।ਰਾਗਾਂ ਵਿੱਚ ਕੀਰਤਨ ਕਰਨ ਦੀ ਪ੍ਰੰਪਰਾ ਤਾਂ ਪਹਿਲਾਂ ਹੀ ਮੌਜ਼ੂਦ ਸੀ।ਪ੍ਰੰਤੂ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਸਤਰੀਆਂ ਨੂੰ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਦਾਤ ਬਖਸ਼ੀ।ਸਤਿਗੁਰੂ ਜੀ ਨੇ ਪਹਿਲਾਂ 20 ਵਿਦਿਆਰਥੀਆਂ ਨੂੰ ਸਿੱਖਿਆ ਦੇਣੀ ਆਰੰਭ ਕੀਤੀ ਜਿਸ ਵਿੱਚ ਸਮੇਂ-ਸਮੇਂ ਤੇ ਗਿਣਤੀ ਵਿੱਚ ਵਾਧਾ ਹੁੰਦਾ ਗਿਆ"[39]

ਸਤਿਗੁਰੂ ਜੀ ਬੱਚਿਆਂ ਨੂੰ ਸੰਗੀਤ ਨਾਲ ਜੋੜਨ ਦੇ ਲਈ ਮਿਸ਼ਰੀ ਅਤੇ ਇਲਾਚੀਆਂ ਦਾ ਪ੍ਰਸ਼ਾਦ ਵੀ ਵੰਡਦੇ ਸਨ।**ਸਤਿਗੁਰੂ ਜੀ ਨੇ ਆਪਣੇ ਹੀ ਪਰਿਵਾਰ ਤੋਂ ਸਿੱਖਿਆ ਆਰੰਭ ਕਰਕੇ ਆਪਣੀ ਇਕਲੌਤੀ ਸਪੁੱਤਰੀ ਅਤੇ ਦੋ ਭਤੀਜਿਆਂ ਨੂੰ ਵੀ ਸੰਗੀਤ ਦੀ ਸਿੱਖਿਆ ਲੈਣ ਭੇਜਿਆ।** ਜਿੰਨ੍ਹਾਂ ਵਿੱਚ ਦਹੋਤਰਾ ਤੇ ਦਹੋਤਰੀ ਵੀ ਸ਼ਾਮਿਲ ਸਨ।ਸਤਿਗੁਰੂ ਜੀ ਕਈ ਵਾਰੀ ਸੰਗਤ ਵਿੱਚ ਕਹਿਣ ਦੀ ਬਜਾਏ ਵਿਅਕਤੀ ਨੂੰ ਸਿੱਧਾ ਹੀ ਸੰਗੀਤ ਸਿੱਖਣ ਲਈ ਵੀ ਕਹਿ ਦਿੰਦੇ ਸਨ।ਜਿੰਨ੍ਹਾਂ ਨੂੰ ਬਿਨਾ ਕਿਸੇ ਧਨ ਦੇ ਗੁਰੂ ਸ਼ਿਸ ਪਰੰਪਰਾ ਦੇ ਅਧੀਨ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਅਤੇ ਬੱਚਿਆਂ ਦੀ ਚੋਣ ਦੇ ਆਧਾਰ ਤੇ ਵੱਡੇ-ਵੱਡੇ ਉਸਤਾਦਾਂ ਕੋਲ ਸਿੱਖਣ ਲਈ ਭੇਜਿਆ ਜਾਂਦਾ।

"ਇਹਨਾਂ ਤੋਂ ਇਲਾਵਾ ਵਿਦੇਸ਼ਾਂ ਵਿੱਚ ਵੀ ਸੰਗੀਤ ਦੇ ਕੇਂਦਰ ਸਥਾਪਿਤ ਕੀਤੇ ਗਏ ਹਨ। ਜਿੰਨਾਂ ਵਿੱਚੋਂ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਦੇ ਕੁਝ ਕੁ ਵਿਦਿਆਰਥੀਆਂ ਦੇ ਨਾਮ ਦਿੱਤੇ ਗਏ ਹਨ।ਜੋ ਸੰਗੀਤ ਦੀ ਸਿੱਖਿਆ ਗ੍ਰਹਿਣ ਕਰਨ ਲੱਗੇ:-ਜਿਵੇਂ ਭੁਪਿੰਦਰ ਸਿੰਘ (ਸੁਖਦੇਵ) ਸਪੁੱਤਰ ਸੂਬਾ ਮੀਹਾਂ ਸਿੰਘ ਜੀ, ਰਾਜਿੰਦਰ ਸਿੰਘ ਨੰਬਰਦਾਰ (ਉਪਨਾਮ ਪੰਡਿਤ) ਸਪੁੱਤਰ ਨਾਹਰ ਸਿੰਘ, ਤਾਰਾ ਸਿੰਘ ਸਪੁੱਤਰ ਭਾਈ ਸੁੰਦਰ ਸਿੰਘ ਪੁਜਾਰੀ ਤਰਨਤਾਰਨ, ਕੁੰਦਨ ਸਿੰਘ ਨਕਈ ਸਪੁੱਤਰ ਸੰਤ ਧਾਰਾ ਸਿੰਘ ਜੀ, ਤ੍ਰਿਲੋਕ ਸਿੰਘ, ਦਲੀਪ ਸਿੰਘ ਸਪੁੱਤਰ ਸੰਤ ਗੁਰਬਖਸ਼ ਸਿੰਘ, ਹਜ਼ੂਰ ਸਿੰਘ ਚੰਦੂਹਾਂਸ ਸਪੁੱਤਰ ਸੰਤ ਭਗਤ ਸਿੰਘ, ਬਲਵੰਤ ਸਿੰਘ ਸਪੁੱਤਰ ਦਰੋਗਾ ਸੰਤਾ ਸਿੰਘ, ਪ੍ਰੀਤਮ ਸਿੰਘ ਕਵੀ ਸਪੁੱਤਰ ਸੂਬਾ ਫੂਲਾ ਸਿੰਘ ਦੀ ਆਦਿ। "[40]

**ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹਨਾਂ ਸੰਗੀਤਕ ਵਿਦਿਆਰਥੀਆਂ ਵਿੱਚ ਹਰਮੋਨੀਅਮ ਦੀ ਚਲੀ ਆ ਰਹੀ ਪ੍ਰਥਾ ਨੂੰ ਖਤਮ ਕਰ ਤੰਤੀ ਸਾਜ਼ਾਂ ਨੂੰ ਮਹੱਤਤਾ ਦਿੱਤਾ।** ਸਤਿਗੁਰੂ ਜੀ ਨੇ ਨਾ ਕੇਵਲ ਸੰਗੀਤ ਦੇ **'ਸੰਗੀਤ ਕਲਾ ਕੇਂਦਰਾਂ'** ਦਾ ਨਿਰਮਾਣ ਕਰਵਾਇਆ ਬਲਕਿ ਉਹਨਾਂ ਦੇ ਸਮੇਂ ਤੇ ਹੀ **'ਨਾਮਧਾਰੀ ਕਲਾ ਕੇਂਦਰਾਂ'** ਵਿੱਚ ਨ੍ਰਿਤ ਦੀ ਸਿੱਖਿਆ ਦੇ ਵੀ ਵਿਸ਼ੇਸ਼ ਪ੍ਰਬੰਧ ਕੀਤੇ।ਇਸ ਦੀ ਸ਼ੁਰੂਆਤ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਹੀ ਕੀਤੀ ਗਈ।ਜਿਸ ਦੀ ਆਰੰਭਤਤਾ 1978 **ਈ: ਵਿੱਚ ਭੈਣੀ ਸਾਹਿਬ** ਵਿਖੇ ਹੀ ਹੋਈ।ਜੋ ਗੁਰੂ-ਸ਼ਿਸ਼ ਪ੍ਰੰਪਰਾ ਅਧੀਨ ਹੀ ਪ੍ਰਚਲਿਤ ਹੋਈ।ਸਤਿਗੁਰੂ ਨੇ ਸਭ ਤੋਂ ਪਹਿਲਾਂ **ਅਮਰ ਸਿੰਘ ਸਪੁੱਤਰ ਬਲੀ ਸਿੰਘ** ਨੂੰ ਕੱਥਕ ਦੀ ਸਿੱਖਿਆ ਦਿਵਾਉਣੀ ਸ਼ੁਰੂ ਕੀਤੀ ਜਿਸ ਨੇ ਇਹ ਸਿੱਖਿਆ **'ਸ਼੍ਰੀਮਤੀ ਰੇਬਾ'** ਤੋ ਲਈ।ਜਿਸ ਪਿਛੋਂ ਸਿੱਖਿਆ ਲਈ 5 ਸਾਲ ਬਾਅਦ ਪੰਡਿਤ ਦੁਰਗਾ ਜੀ ਕੋਲ ਭੇਜ ਦਿੱਤਾ।

ਨ੍ਰਿਤ ਦੇ ਖੇਤਰ ਵਿੱਚ "ਅਮਰ ਸਿੰਘ ਨੂੰ **ਪੌਣੇ ਗਿਆਰਾਂ** (10 3/4) **ਮਾਤਰਾ** ਵਿੱਚ ਨ੍ਰਿਤ ਦੀ ਮੁਹਾਰਤ ਪ੍ਰਾਪਤ ਸੀ ਜਿਸ ਤੋਂ ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਕਥੱਕ ਦਾ ਸਫਰ ਸ਼ੁਰੂ ਹੋਇਆ।ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਹਰਪ੍ਰੀਤ ਸਿੰਘ, ਅਜੈ ਪਾਲ, ਸ਼ਾਮ ਸਿੰਘ ਅਜੇ ਸੁਰਮੁੱਖ ਸਿੰਘ ਨੂੰ ਕਥੱਕ ਦੀ ਸਿੱਖਿਆ ਫਿਰ ਅਮਰ ਸਿੰਘ ਜੀ ਤੋਂ ਹੀ ਪ੍ਰਾਪਤ ਕੀਤੀ।"[41]

ਭੈਣੀ ਸਾਹਿਬ ਹੋਲੇ-ਮੁਹੱਲੇ ਦੇ ਉਤਸਵ ਸਮੇਂ ਕਥੱਕ ਨਾਚ ਦੇ ਦ੍ਰਿਸ਼ਾਂ ਨੂੰ ਵੇਖਣ ਤੇ ਹੀ ਮੈਨੂੰ ਕਥੱਕ ਦੀ ਪਰੰਪਰਾ ਬਾਰੇ ਜਾਣਕਾਰੀ ਪ੍ਰਾਪਤ ਹੋਈ।ਬਹੁਤ ਸਾਰੇ ਲੇਖਕਾਂ ਵਿਚਕਾਰ ਗੁਰਬਾਣੀ ਸੰਗੀਤ ਅਤੇ ਕਥੱਕ ਨੂੰ ਲੈ ਕੇ ਮਤਭੇਦ ਵੀ ਦੇਖੇ ਗਏ ਹਨ।ਸਿੱਖ ਧਰਮ ਵਿੱਚ ਨਾਚ ਦੀ ਸਖਤ ਮਨਾਹੀ ਹੈ ਅਤੇ ਸਿੱਖ ਇਤਿਹਾਸ ਵਿੱਚ ਵੀ ਕਥੱਕ ਦਾ ਸਿੱਖਾਂ ਨਾਲ ਕੋਈ ਸੰਬੰਧ ਨਹੀਂ ਹੈ।ਪ੍ਰੰਤੂ ਇਥੇ ਇਹ ਜਾਣ ਲੈਣਾ ਵੀ ਜ਼ਰੂਰੀ ਹੈ ਕਿ ਗੁਰਮਤਿ ਸੰਗੀਤ ਨਾਲ ਕਥੱਕ ਦਾ ਕੋਈ ਸਰੋਕਾਰ ਨਹੀਂ ਬਲਕਿ ਇਹ ਤਾਂ ਇੱਕ ਵੱਖਰਾ ਰਸ ਹੈ।ਜੋ ਸ਼ਾਸਤਰੀ ਅੰਗ ਦੀ ਨਾਚ ਸ਼ੈਲੀ ਮੰਨੀ ਜਾਂਦੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਹੰਸਪਾਲ ਸਿੰਘ ਹਰਵਿੰਦਰਾ, ਸਤਿਯੁਗ (ਸਪਤਾਹਿਕ ਅਖਬਾਰ), ਬਸੰਤ ਅੰਕ 1998, ਪੰਨਾਂ ਸੰਖਿਆਂ-27
2. ਵਰਿਆਮ ਸਿੰਘ ਜਗਦੀਸ਼, ਵਰਿਆਮ(ਪਤ੍ਰਿਕਾ), ਮਈ-2002, ਪੰਨਾਂ ਸੰਖਿਆਂ-7
3. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਪੰਨਾਂ ਸੰਖਿਆਂ-4
4. ਨਾਹਰ ਸਿੰਘ, ਨਾਮਧਾਰੀ ਇਤਿਹਾਸ, ਪਹਿਲਾ ਸੰਸਕਰਣ, ਪੰਨਾਂ ਸੰਖਿਆਂ-53
5. ਸਿੱਖ ਇਤਿਹਾਸ ਦੇ ਚੌਣਵੇਂ ਸਵਾਲ-ਜਵਾਬ, ਭੈਣੀ ਸਾਹਿਬ, ਪੰਨਾਂ ਸੰਖਿਆਂ-62
6. ਹਰਦੇਵ ਸਿੰਘ, ਸਤਿਗੁਰੂ ਰਾਮ ਸਿੰਘ ਜੀ ਇੱਕ ਮਹਾਨ ਸਤਿਗੁਰੂ, ਨਿਰੀਅਕ ਮਾਸਿਕ ਪਤ੍ਰਿਕਾ, ਮਾਰਚ-1985, ਪੰਨਾਂ ਸੰਖਿਆਂ-35
7. ਨਾਹਰ ਸਿੰਘ, (ਪਹਿਲਾ ਖੰਡ), ਨਾਮਧਾਰੀ ਇਤਿਹਾਸ, ਪੰਨਾਂ ਸੰਖਿਆਂ-46
8. ਸਤਿਗੁਰੂ ਹਰੀ ਸਿੰਘ ਪ੍ਰਕਾਸ਼ ਸ਼ਤਾਬਦੀ ਅੰਕ, ਪੰਨਾਂ ਸੰਖਿਆਂ-91
9. ਸਤਿਗੁਰੂ ਹਰੀ ਸਿੰਘ ਪ੍ਰਕਾਸ਼ ਸ਼ਤਾਬਦੀ ਅੰਕ, ਪੰਨਾਂ ਸੰਖਿਆਂ-53
10. ਪ੍ਰੀਤਮ ਸਿੰਘ ਆਰਸੀ, ਮਹਾਂਨੂਰ, ਨਵਯੁਗ ਪਬਲੀਸ਼ਰਜ਼ ਦਿੱਲੀ, ਪੰਨਾ ਸੰਖਿਆਂ-204
11. मीरा मदान नामधारी सिक्ख सम्प्रदाय की हिन्दुस्तानी शास्त्रीय संगीत को देन, पृ. 44
12. ਤਰਨ ਸਿੰਘ ਵਹਿਮੀ, ਜੱਸ ਜੀਵਨ -1, ਪੰਨਾਂ ਸੰਖਿਆਂ-121-122
13. मीरा मदान, नामधारी सिक्ख सम्प्रदाय की हिन्दुस्तानी शास्त्री संगीत को देन, पृ. 45
14. ਗੁਰਦਿੱਤ ਸਿੰਘ, ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਨੂੰ ਯੋਗਦਾਨ, ਪੰਨਾਂ ਸੰਖਿਆਂ-88
15. ਸਤਿਗੁਰੂ ਜੀ ਕਲਾਕਾਰ ਦੀ ਨਜਰ ਵਿੱਚ ਉਸਤਾਦ ਅਮਜ਼ਦ ਅਲੀ ਖਾਂ, ਸਤਿਗੁਰੂ ਜਗਜੀਤ ਸਿੰਘ ਵਿਸ਼ੇਸ਼ ਅੰਕ (6) 1978, ਪੰਨਾਂ ਸੰਖਿਆਂ-46

16. मीरा मदान, नामधारी सिक्ख सम्प्रदाय की हिन्दुस्तानी शास्त्री संगीत को देन, पृ. 42
17. ਹਰਵਿੰਦਰ ਸਿੰਘ ਹੰਸਪਾਲ, ਸਤਿਯੁੱਗ(ਪਤ੍ਰਿਕਾ)ਵਿਸ਼ੇਸ਼ ਅੰਕ ਸੰਨ-2000, ਪੰਨਾਂ ਸੰਖਿਆਂ-129-130
18. ਹਰਪਾਲ਼ ਸਿੰਘ, ਵਿਸ਼ਵ ਨਾਮਧਾਰੀ ਸੰਗੀਤ ਪਤ੍ਰਿਕਾ, ਪੰਨਾ ਸੰਖਿਆਂ-5
19. ਹਰਵਿੰਦਰਾ ਸਿੰਘ ਹੰਸਪਾਲ, ਸਤਿਯੁੱਗ ਪਤ੍ਰਿਕਾ, ਵਿਸ਼ੇਸ਼ ਅੰਕ ਸੰਨ-2000, ਪੰਨਾਂ ਸੰਖਿਆਂ-131
20. ਹਰਵਿੰਦਰ ਸਿੰਘ ਹੰਸਪਾਲ, ਸ਼ਤਿਜੁਗ ਵਿਸ਼ੇਸ਼ ਅੰਕ, ਸੰਨ 2000, ਪੰਨਾਂ ਸੰਖਿਆਂ-36
21. ਪ੍ਰੀਤਮ ਸਿੰਘ ਆਰਸੀ, ਮਹਾਨੂਰ, ਨਵਯੁੱਗ ਪਬਲੀਸ਼ਰਜ਼(ਦਿੱਲੀ) ਪੰਨਾਂ ਸੰਖਿਆਂ-229
22. (ਡਾਂ) ਜਾਗੀਰ ਸਿੰਘ, ਅੰਮ੍ਰਿਤ ਕੀਰਤਨ ਪਤ੍ਰਿਕਾ, ਫਰਵਰੀ 2004, ਵਿਸਮਾਦੁ ਨਾਦ, ਪੰਨਾਂ ਸੰਖਿਆਂ-6
23. (ਡਾਂ) ਜਾਗੀਰ ਸਿੰਘ, ਅੰਮ੍ਰਿਤ ਕੀਰਤਨ ਪਤ੍ਰਿਕਾ, ਫਰਵਰੀ 2004, ਵਿਸਮਾਦੁ ਨਾਦ, ਪੰਨਾਂ ਸੰਖਿਆਂ-6
24. ਸਿੱਖ ਇਤਿਹਾਸ, ਨਾਮਧਾਰੀ ਵਿਦਿਅਕ ਜੱਥਾ, ਪੰਨਾਂ ਸੰਖਿਆਂ-118
25. ਜਗਦੀਸ਼ ਸਿੰਘ ਵਰਿਆਮ, ਵਰਿਆਮ ਪਤ੍ਰਿਕਾ, ਅਕਤੂਬਰ 1983
26. ਗੁਰਦਿੱਤ ਸਿੰਘ, ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਨੂੰ ਯੋਗਦਾਨ, ਪੰਨਾ ਸੰਖਿਆਂ-209
27. ਕਵੀ ਪ੍ਰੀਤਮ ਸਿੰਘ, ਬੀਤੇ ਦੀਆ ਪੈੜਾਂ-2, ਪੰਨਾਂ ਸੰਖਿਆਂ-310
28. ਗੁਰਦਿੱਤ ਸਿੰਘ, ਸ਼੍ਰੀ ਜਗਜੀਤ ਸਿੰਘ ਜੀ ਦਾ ਸੰਗੀਤ ਨੂੰ ਯੋਗਦਾਨ, ਪੰਨਾ ਸੰਖਿਆਂ-212
29. ਗੁਰਦਿੱਤ ਸਿੰਘ, ਸ਼੍ਰੀ ਜਗਜੀਤ ਸਿੰਘ ਜੀ ਦਾ ਸੰਗੀਤ ਨੂੰ ਯੋਗਦਾਨ, ਪੰਨਾਂ ਸੰਖਿਆਂ-214
30. ਜਗਦੀਸ਼ ਸਿੰਘ ਵਰਿਆਮ, ਵਰਿਆਮ (ਪੱਤ੍ਰਿਕਾ), ਜੁਲਾਈ 1994, ਪੰਨਾ ਸੰਖਿਆਂ-31

31. ਗੁਰਦਿੱਤ ਸਿੰਘ, ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਨੂੰ ਯੋਗਦਾਨ, ਪੰਨਾ ਸੰਖਿਆਂ-217

32. ਜਗਦੀਸ਼ ਸਿੰਘ ਵਰਿਆਮ, ਵਰਿਆਮ ਪੱਤ੍ਰਿਕਾ, ਨਵੰਬਰ 1995, ਪੰਨਾਂ ਸੰਖਿਆਂ-26-27

33. ਜਗਦੀਸ਼ ਸਿੰਘ ਵਰਿਆਮ, ਵਰਿਆਮ ਪੱਤ੍ਰਿਕਾ, ਸਤੰਬਰ, 1999, ਪੰਨਾ ਸੰਖਿਆਂ-18

34. ਗੁਰਦਿੱਤ ਸਿੰਘ, ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਨੂੰ ਯੋਗਦਾਨ, ਪੰਨਾ ਸੰਖਿਆਂ-221

35. http://www.youtube.com

36. ਪ੍ਰੀਤਮ ਸਿੰਘ ਆਰਸੀ, ਮਹਾਨੂਰ, ਨਵਯੁੱਗ ਪਬਲੀਸ਼ਰਜ, ਦਿੱਲੀ, ਪੰਨਾ ਸੰਖਿਆਂ-216

37. मीरा मदान, नामधारी सिक्ख सम्प्रदाय की हिन्दुस्तानी शास्त्री संगीत को देन, पृ. 7

38. ਤਰਨ ਸਿੰਘ ਵਹਿਮੀ, ਜੱਸ ਜੀਵਨ-3, ਪੰਨਾ ਸੰਖਿਆਂ-249

39. ਪ੍ਰੀਤਮ ਸਿੰਘ, ਮਹਾਨੂਰ-ਨਵਯੁੱਗ ਪਬਲੀਕੇਸ਼ਨ ਦਿੱਲੀ, ਪੰਨਾ ਸੰਖਿਆਂ-125

40. ਬੇਅੰਤ ਪਾਤਸ਼ਾਹ, ਨਾਮਧਾਰੀ ਦਰਬਾਰ, ਸ਼੍ਰੀ ਭੈਣੀ ਸਾਹਿਬ ਪੰਨਾ ਸੰਖਿਆਂ-131

41. ਗੁਰਦਿੱਤ ਸਿੰਘ, ਸ਼੍ਰੀ ਸਤਿਗੁਰੂ ਸਿੰਘ ਜੀ ਦਾ ਸੰਗੀਤ ਨੂੰ ਯੋਗਦਾਨ, ਪੰਨਾ ਸੰਖਿਆਂ-246

# 2

# ਨਾਮਧਾਰੀ ਸਿੱਖ ਸੰਪ੍ਰਦਾਇ ਦੁਆਰਾ ਪ੍ਰੋਤਸਾਹਿਤ ਪੁਰਸ਼ ਕਲਾਕਾਰ (ਜੀਵਨ ਦਰਸ਼ਨ)

ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਪੁਰਸ਼ ਕਲਾਕਾਰਾਂ ਦੇ ਸੰਗੀਤਕ ਦੌਰ ਦਾ ਆਰੰਭ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਹੋਇਆ। ਜਿੰਨਾਂ ਵਿੱਚ ਆਸਾ ਦੀ ਵਾਰ ਦਾ ਕੀਰਤਨ, ਹੱਲੇ ਦੇ ਦੀਵਾਨ, ਜੋਟੀਆ ਦੇ ਸ਼ਬਦ, ਕਵੀਸ਼ਰੀ ਅਤੇ ਕਵਾਲੀ ਵੀ ਸ਼ਾਮਿਲ ਸਨ। ਜੋ ਕਿ ਅੱਜ ਵੀ ਚੱਲੇ ਆ ਰਹੇ ਹਨ। ਪੁਰਾਤਨ ਸਮੇਂ ਦੇ ਗੁਰੂ ਸਹਿਬਾਨਾਂ ਦੇ ਸਮੇਂ ਤੋ ਹੀ ਰਾਗੀ-ਰਬਾਬੀ ਕੀਰਤਨ ਕਰਦੇ ਆ ਰਹੇ ਹਨ। ਅਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਵੀ ਕੀਰਤਨੀ ਜਥੇਦਾਰ ਅਤੇ ਰਾਗੀ ਉਹਨਾਂ ਦੇ ਨਾਲ ਹੀ ਰਿਹਾ ਕਰਦੇ ਸਨ।

"ਜਿੰਨਾਂ ਵਿੱਚ ਭਾਈ ਹਰਨਾਮ ਸਿੰਘ ਚਵਿੰਡਾ (ਜ਼ਿਲਾਂ ਅੰਮ੍ਰਿਤਸਰ), ਸੰਤ ਲਾਲ ਸਿੰਘ ਜੀ ਭੂਰੇ ਗਿੱਲ, ਸੰਤ ਨਿਧਾਨ ਸਿੰਘ ਜੀ ਆਲਮ-ਲੋਪੋਕੇ (ਜ਼ਿਲਾਂ ਅੰਮ੍ਰਿਤਸਰ), ਭਾਈ ਗਣੇਸ਼ਾ ਸਿੰਘ ਗੁੱਜਰਾਵਾਲ ਭਾਈ ਬਸੰਤ ਸਿੰਘ, ਭਾਈ ਹਰਨਾਮ ਸਿੰਘ, ਭਾਈ ਗੁਰਬਖਸ਼ ਸਿੰਘ ਲੁਧਿਆਣਾ, ਭਾਈ ਨਿਰਮਲ ਸਿੰਘ ਸੰਤ ਦਰਸ਼ਨ ਸਿੰਘ ਤੇ ਸੰਤ ਖਜਾਨ ਸਿੰਘ ਪਿੰਡ ਚੀਚਾ ਭਕਨਾ (ਜ਼ਿਲ੍ਹਾ ਅੰਮ੍ਰਿਤਸਰ) ਦੇ ਨਾਮ ਆਉਦੇ ਹਨ।"[1]


ਨਾਮਧਾਰੀ ਸੰਪ੍ਰਦਾਇ ਵਿੱਚ ਸੰਗੀਤ ਦੇ ਕਲਾਕਾਰਾਂ ਨੂੰ ਪ੍ਰੋਤਸਾਹਿਤ ਕਰਨ ਵਿੱਚ ਨਾਮਧਾਰੀ ਸਤਿਗੁਰਾਂ ਦਾ ਵਿਸ਼ੇਸ਼ ਯੋਗਦਾਨ ਰਿਹਾ ਹੈ। ਜੋ ਪ੍ਰੇਰਣਾ ਦਾ ਆਧਾਰ ਬਣਦੇ ਆ ਰਹੇ ਹਨ। ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਨੂੰ ਲਹੂ ਦੀ ਤਰਾਂ ਹਰ ਵਿਅਕਤੀ ਦੀ ਰਗ-ਰਗ ਵਿੱਚ ਭਰ ਦਿੱਤਾ ਜੋ ਉਹਨਾਂ ਦਾ ਵਿਸ਼ੇਸ਼ ਯੋਗਦਾਨ ਮੰਨਿਆ ਜਾਦਾਂ ਹੈ। ਹੇਠਾਂ ਨਾਮਧਾਰੀ ਸੰਪ੍ਰਦਾਇ ਦੁਆਰਾ ਪ੍ਰੋਤਸਾਹਿਤ ਪੁਰਸ਼ ਕਲਾਕਾਰਾਂ ਦੀ ਸਾਰਣੀ ਸੂਚੀ ਦਾ ਵੇਰਵਾ ਦਿੱਤਾ ਗਿਆ ਹੈ।


1. ਉਸਤਾਦ ਹਰਭਜਨ ਸਿੰਘ
2. ਉਸਤਾਦ ਗੁਰਦੇਵ ਸਿੰਘ
3. ਉਸਤਾਦ ਮੋਹਨ ਸਿੰਘ
4. ਉਸਤਾਦ ਸੁਖਦੇਵ ਸਿੰਘ



5. ਉਸਤਾਦ ਬਲਜੀਤ ਸਿੰਘ
6. ਉਸਤਾਦ ਬਲਵੰਤ ਸਿੰਘ
7. ਉਸਤਾਦ ਹਰਜਿੰਦਰਪਾਲ ਸਿੰਘ
8. ਉਸਤਾਦ ਸੁਰਜੀਤ ਸਿੰਘ
9. ਉਸਤਾਦ ਸ਼ਮਿੰਦਰਪਾਲ ਸਿੰਘ
10. ਸ਼੍ਰੀ ਰਾਜ਼ੇਸ ਮਾਲਵੀਆ
11. ਉਸਤਾਦ ਪਿਆਰਾ ਸਿੰਘ
12. ਸ਼੍ਰੀ ਸੁਖਵਿੰਦਰ ਸਿੰਘ (ਪਿੰਕੀ)
13. ਸ਼੍ਰੀ ਹਰਪ੍ਰੀਤ ਸਿੰਘ
14. ਸ਼੍ਰੀ ਕਿਰਨਪਾਲ ਸਿੰਘ
15. ਗੁਰਦਿਆਲ ਸਿੰਘ
16. ਹਰਵਿੰਦਰ ਸਿੰਘ
17. ਕਿਰਪਾਲ ਸਿੰਘ ਪਨੇਸਰ
18. ਈਸ਼ਰ ਸਿੰਘ
19. ਅਮਨਦੀਪ ਸਿੰਘ
20. ਗਿਆਨ ਸਿੰਘ
21. ਗੁਰਦਿੱਤ ਸਿੰਘ
22. ਬੀਰ ਸਿੰਘ
23. ਠਾਕੁਰ ਸਿੰਘ
24. ਵਰਿੰਦਰ ਸਿੰਘ

# ਸਾਰਣੀ ਸੂਚੀ

## ਨਾਮਧਾਰੀ ਸਿੱਖ ਸੰਪ੍ਰਦਾਇ ਦੁਆਰਾ ਪ੍ਰੋਤਸਾਹਿਤ ਪੁਰਸ਼ ਕਲਾਕਾਰਾਂ ਦਾ ਵੇਰਵਾ

| ਕ੍ਰਮ | ਨਾਮ | ਤਸਵੀਰ | ਜੀਵਨ-ਕਾਲ | ਸੰਖੇਪ ਜੀਵਨ ਦਰਸ਼ਨ |
|---|---|---|---|---|
| 1. | ਉਸਤਾਦ ਹਰਭਜਨ ਸਿੰਘ |  | 1945 | ਆਪ ਜੀ ਨੂੰ ਗਾਇਨ ਦੇ ਖੇਤਰ ਵਿੱਚ ਪਲੇਠੇ ਅਧਿਆਪਕ ਹੋਣ ਦਾ ਮਾਣ ਪ੍ਰਾਪਤ ਹੈ। |
| 2. | ਉਸਤਾਦ ਗੁਰਦੇਵ ਸਿੰਘ |  | 15 ਜਨਵਰੀ 1948 | ਆਪ ਜੀ ਨੇ ਅੰਤਰ-ਰਾਸ਼ਟਰੀ ਪ੍ਰਸਤੁਤੀਆਂ ਵੀ ਦਿੱਤੀਆਂ। |
| 3. | ਉਸਤਾਦ ਮੋਹਨ ਸਿੰਘ |  | 1963-2015 | ਆਪ ਜੀ ਨੂੰ ਯੁਗਲ-ਗਾਇਕ ਦੇ ਰੂਪ ਵਿੱਚ ਪ੍ਰਸਿੱਧੀ ਪ੍ਰਾਪਤ ਸੀ। |
| 4. | ਉਸਤਾਦ ਸੁਖਦੇਵ ਸਿੰਘ |  | 7 ਅਕਤੂਬਰ 1963 | ਆਪ ਦੀ ਯੁਗਲ-ਬੱਧ ਜੋੜੀ ਨੂੰ 1996 ਵਿੱਚ ਕਨੈਡਾ ਸਰਕਾਰ ਦੁਆਰਾ ਸਨਮਾਨਿਤ ਕੀਤਾ ਗਿਆ |
| 5. | ਉਸਤਾਦ ਬਲਜੀਤ ਸਿੰਘ |  | 12 ਨਵੰਬਰ 1962 | ਆਪ ਜੀ ਨੂੰ(2004-5) ਵਿੱਚ ਸ਼੍ਰੋਮਣੀ ਰਾਗੀਅਵਾਰਡ ਵੀ ਪ੍ਰਾਪਤ ਹੈ। |
| 6. | ਉਸਤਾਦ ਬਲਵੰਤ ਸਿੰਘ |  | 25 ਅਕਤੂਬਰ 1980 | ਆਪ ਜੀ ਨੂੰ ਵਰਤਮਾਨ ਸਮੇਂ ਦੇ ਪ੍ਰਸਿੱਧ ਕਲਾਕਾਰ ਵਜੋਂ ਜਾਣਿਆ ਜਾਂਦਾਹੈ। |

| | | | | |
|---|---|---|---|---|
| 7. | ਹਰਜ਼ਿੰਦਰ ਪਾਲ ਸਿੰਘ |  | 1953 | ਆਪ ਜੀ ਨੂੰ ਸੰਤੂਰ ਵਾਦਨ ਵਿੱਚ ਪ੍ਰਸਿੱਧੀ ਪ੍ਰਾਪਤ ਹੈ। |
| 8. | ਸੁਰਜੀਤ ਸਿੰਘ |  | 1957 | ਆਪ ਜੀ ਨੂੰ ਸਾਰੰਗੀ ਵਾਦਨ ਵਿੱਚ ਪ੍ਰਸਿੱਧੀ ਪ੍ਰਾਪਤ ਹੈ। |
| 9. | ਰਾਜ਼ੇਸ਼ ਮਾਲਵੀਆਂ |  | 4ਦਸੰਬਰ 1968 | ਆਪ ਜੀ ਨੇ ਨਾਮਧਾਰੀ ਸੰਪ੍ਰਦਾਇ ਵਿੱਚ ਤਬਲਾਵਾਦਕ ਵਿੱਚ ਇੱਕ ਵਿਲੱਖਣ ਪਹਿਚਾਣ ਬਣਾਈ। |
| 10. | ਉਸਤਾਦ ਪਿਆਰਾ ਸਿੰਘ |  | 1924-1976 | ਆਪ ਜੀ ਨੂੰ ਤਾਰਸ਼ਹਿਨਾਈ ਦਾ ਪਹਿਲਾ ਜਨਮਦਾਤਾ ਮੰਨਿਆ ਗਿਆ ਹੈ। |
| 11. | ਸੁਖਵਿੰਦਰ ਸਿੰਘ |  | 1966 | ਆਪ ਜੀ ਨੂੰ ਤਬਲਾ ਵਾਦਕ ਦੇ ਰੂਪ ਵਿੱਚ ਪ੍ਰਸਿੱਧੀ ਪ੍ਰਾਪਤ ਹੈ। |
| 12. | ਉਸਤਾਦ ਹਰਪ੍ਰੀਤ ਸਿੰਘ |  | 1982 | ਆਪ ਜੀ ਨੂੰ ਤਬਲਾ ਵਾਦਕ ਦੇ ਰੂਪ ਵਿੱਚ ਪ੍ਰਸਿੱਧੀ ਪ੍ਰਾਪਤ ਹੈ। |
| 13. | ਗੁਰਦਿਆਲ ਸਿੰਘ |  | 20 ਜੁਲਾਈ 1985 | ਆਪ ਜੀ ਨੂੰ ਸਿਤਾਰ ਵਿੱਚ ਮੁਹਾਰਤ ਹਾਸਿਲ ਹੈ। |

| | | | | |
|---|---|---|---|---|
| 14. | ਹਰਵਿੰਦ ਰ ਸਿੰਘ |  | 10ਫਰਵਰੀ 1989 | ਆਪ ਜੀ ਨੇ ਸੰਗੀਤ ਦੇ ਖੇਤਰ ਵਿੱਚ ਪੀ.ਐਚ ਡੀ ਦੀ ਡਿਗਰੀ ਵੀ ਪ੍ਰਾਪਤ ਕੀਤੀ। |
| 15. | ਕਿਰਪਾ ਲ ਸਿੰਘ |  | 18 ਮਈ | ਆਪ ਜੀ ਨੂੰ ਤਾਰਸ਼ਹਿਨਾਈ ਦੀ ਮੁਹਾਰਤ ਹਾਸਿਲ ਹੈ। |
| 16. | ਈਸ਼ਰ ਸਿੰਘ |  | 7 ਅਗਸਤ 1991 | ਆਪ ਜੀ ਨੂੰ ਤਾਰਸ਼ਹਿਨਾਈ ਦੇ ਉਭਰਦੇ ਕਲਾਕਾਰ ਵਜੋਂ ਜਾਣਿਆ ਜਾਂਦਾ ਹੈ। |
| 17. | ਗਿਆਨ ਸਿੰਘ |  | 10 ਸਤੰਬਰ 1990 | ਆਪ ਜੀ ਨੂੰ ਪਖਾਵਜ ਵਿੱਚ ਮੁਹਾਰਤ ਹਾਸਿਲ ਹੈ। |
| 18. | ਗੁਰਦਿੱਤ ਸਿੰਘ |  | 1872 | ਆਪ ਜੀ ਨੇ ਸੰਗੀਤ ਦੇ ਖੇਤਰ ਵਿੱਚ ਪੀ.ਐਚ ਡੀ ਦੀ ਡਿਗਰੀ ਵੀ ਪ੍ਰਾਪਤ ਕੀਤੀ। |
| 19. | ਬੀਰ ਸਿੰਘ |  | 2 ਜਨਵਰੀ 1988 | ਆਪ ਜੀ ਸ਼ਾਸਤਰੀ ਗਾਇਨ ਵਿੱਚ ਮੁਹਾਰਤ ਹਾਸਿਲ ਹੈ। |

| | | | | |
|---|---|---|---|---|
| 20. | ਠਾਕੁਰ ਸਿੰਘ |  | 15 ਜੂਨ 1987 | ਆਪ ਜੀ ਨੇ ਸੰਗੀਤ ਦੇ ਖੇਤਰ ਵਿੱਚ ਪੀ.ਐਚ,ਡੀ ਦੀ ਡਿਗਰੀ ਵੀ ਹਾਸਿਲ ਕੀਤੀ। |
| 21. | ਵਰਿੰਦਰ ਸਿੰਘ |  | 1990 | ਆਪ ਜੀ ਨੂੰ ਸਿਤਾਰ ਦੀ ਮੁਹਾਰਤ ਹਾਸਿਲ ਹੈ। |

## ਉਸਤਾਦ ਹਰਭਜਨ ਸਿੰਘ (ਗਾਇਕ ਅਤੇ ਸਿਤਾਰ ਵਾਦਕ)

**ਜਨਮ ਅਤੇ ਸੰਗੀਤ ਸਿੱਖਿਆ:** ਉਸਤਾਦ ਹਰਭਜਨ ਸਿੰਘ ਜੀ ਦਾ ਜਨਮ 1945 ਈਂ ਵਿੱਚ ਜ਼ਿਲ੍ਹਾਂ (ਪਾਕਿਸਤਾਨ) ਦੇ ਪਿੰਡ ਕੁੱਜਰ ਵਿੱਚ ਹੋਇਆ।ਆਪ ਜੀ ਨੇ ਆਪਣਾ ਸੰਗੀਤਕ ਸਫਰ 10-11 ਸਾਲ ਦੀ ਉਮਰ ਵਿੱਚ ਆਰੰਭ ਕੀਤਾ।ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਬਖਸ਼ਿਸ਼ ਨਾਲ ਆਪ ਹਰਮੋਨੀਅਮ ਨਾਲ ਕੀਰਤਨ ਦੀ ਸੇਵਾ ਨਿਭਾਇਆ ਕਰਦੇ ਸਨ।ਆਪ ਜੀ ਦੀ ਸੰਗੀਤਕ ਲਗਨ ਨੂੰ ਦੇਖਦੇ ਹੋਏ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੰਗੀਤ ਦੀ ਸਿੱਖਿਆ ਲੈਣ ਲਈ ਆਪ ਜੀ ਨੂੰ ਉਸਤਾਦ ਤਾਰਾ ਸਿੰਘ ਜੀ ਕੋਲ ਭੇਜਿਆ।ਜਿੰਨਾਂ ਪਾਸੋਂ ਆਪ ਜੀ ਨੇ ਦਿਲਰੁਬਾ ਦੀ ਸਿੱਖਿਆ ਲਈ।

ਜਿਸ ਪਿਛੋਂ ਆਪ ਤਲਵੰਡੀ ਘਰਾਣੇ ਦੀ ਗਾਇਕੀ ਸਿੱਖਣ ਲਈ ਮਹਾਰਾਜਾ ਬੀਰ ਸਿੰਘ ਜੀ ਕੋਲ ਵੀ ਗਏ।ਜਿਨਾਂ ਤੋਂ ਆਪ ਜੀ ਨੇ ਧਰੁਪਦ-ਧਮਾਰ ਅਤੇ ਖਿਆਲ ਗਾਇਕੀ ਦੀ ਸਿੱਖਿਆ ਲਈ।ਇਨਾਂ ਤੋਂ ਇਲਾਵਾ ਆਪ ਜੀ ਨੇ ਸ਼ਾਸਤਰੀ ਸੰਗੀਤ ਦੇ ਪ੍ਰਸਿੱਧ ਪੰਡਿਤ ਮਹਾਦੇਵ ਪ੍ਰਸ਼ਾਦ (ਕੱਥਕ) ਅਤੇ ਸ਼੍ਰੀ ਹਜੂਰ ਸਿੰਘ 'ਚੰਦਰਹੰਸ' ਜੀ ਤੋਂ ਵੀ ਸਿੱਖਿਆ ਪ੍ਰਾਪਤ ਕੀਤੀ।

ਆਪ ਜੀ ਨੇ ਗਾਇਨ ਦੇ ਨਾਲ-ਨਾਲ ਦਿਲਰੁਬਾ ਸਾਜ਼ ਦੀ ਸਿੱਖਿਆ ਵੀ ਲਈ।ਜਿਸ ਪਿਛੋਂ 10 ਸਾਲ ਤੱਕ ਕਰੜੀ ਮਿਹਨਤ ਦੇ ਸਦਕਾ ਆਪ ਜੀ ਨੇ ਗੁਰਬਾਣੀ ਕੀਰਤਨ ਦੇ ਨਾਲ- ਨਾਲ ਧਰੁਪਦ-ਧਮਾਰ ਗਾਇਕੀ ਵਿੱਚ ਮੁਹਾਰਤ ਹਾਸਿਲ ਕੀਤੀ।ਆਪ ਜੀ ਨੇ 1967 ਈਂ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਸਦਕਾ ਸਰੋਦ ਵਾਦਕ ਉਸਤਾਦ ਅਮਜ਼ਦ ਅਲੀ ਖਾਂ ਜੀ ਨੂੰ ਆਪਣਾ ਗੁਰੂ ਧਾਰਨ ਕੀਤਾ।ਆਪ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਗਰਾਨੀ ਹੇਠ ਸਿਤਾਰ ਦੀ ਸਿੱਖਿਆ ਪ੍ਰਾਪਤ ਕੀਤੀ।

**ਸ਼ਿਸ਼ ਪ੍ਰੰਪਰਾ:** "ਉਸਤਾਦ ਹਰਭਜਨ ਸਿੰਘ ਜੀ ਨੇ ਪੰਡਿਤ ਮਹਾਂਦੇਵ ਪ੍ਰਸਾਦ (ਕੱਥਕ) ਜੀ ਤੋਂ ਸ੍ਰੀ ਭੈਣੀ ਸਾਹਿਬ ਵਿਖੇ ਜਾਂ ਸ੍ਰੀ ਜੀਵਨ ਨਗਰ ਵਿੱਚ ਗਾਇਨ ਦੀ ਸਿੱਖਿਆ ਪ੍ਰਾਪਤ ਕਰਿਆ ਕਰਦੇ ਸਨ। ਪੰਡਿਤ ਜੀ ਦੇ ਪਿੱਛੋ ਉਸਤਾਦ ਤਾਰਾ ਸਿੰਘ ਜੀ ਸਿੱਖਿਆ ਦੇਣ ਲੱਗੇ।ਪ੍ਰੰਤੂ ਕੁਝ ਸਾਲਾਂ ਬਾਅਦ ਉਸਤਾਦ ਤਾਰਾ ਸਿੰਘ ਜੀ ਵੀ ਭੈਣੀ ਸਾਹਿਬ ਛੱਡ ਗਏ।ਜਿਸ ਪਿੱਛੋਂ ਸੰਗੀਤ ਦੇ ਯੋਗ ਅਧਿਆਪਕਾਂ ਦੀ ਕਮੀ ਨੂੰ ਮਹਿਸੂਸ ਕਰਦੇ ਹੋਏ ਪੰਡਿਤ ਮਹਾਂਦੇਵ ਜੀ ਦੇ ਸ਼ਾਗਿਰਦ ਉਸਤਾਦ ਹਰਭਜਨ ਸਿੰਘ ਜੀ ਨੂੰ ਨਿਯੁਕਤ ਕੀਤਾ।"[2]

ਜਿਸ ਪਿਛੋਂ ਉਸਤਾਦ ਹਰਭਜਨ ਸਿੰਘ ਜੀ ਨੇ 1970 ਈ: ਦੇ ਨੇੜੇ ਤੇੜੇ ਗੁਰੁ-ਸ਼ਿਸ਼ ਪ੍ਰੰਪਰਾ ਅਧੀਨ ਗੁਰਮਿਤ ਅਤੇ ਸ਼ਾਸਤਰੀ ਸੰਗੀਤ ਦੀ ਸਿੱਖਿਆ ਦੇਣੀ

ਆਰੰਭ ਕੀਤੀ।ਜਿੰਨਾਂ ਵਿੱਚੋ ਵੱਡੇ-ਵੱਡੇ ਕਲਾਕਾਰ ਅੱਜ ਦੇਸ਼ਾਂ-ਵਿਦੇਸ਼ਾਂ ਵਿੱਚ ਸ਼ਾਸਤਰੀ ਸੰਗੀਤ ਦਾ ਪ੍ਰਚਾਰ ਕਰਦੇ ਦੇਖੇ ਜਾ ਸਕਦੇ ਹਨ।ਆਪ ਜੀ ਨੇ ਵਧੇਰੇ ਸੰਗੀਤ ਦੀ ਸੇਵਾ ਭੈਣੀ ਸਾਹਿਬ ਵਿਖੇ ਸਥਾਪਿਤ **'ਸੰਗੀਤ ਕਲਾ ਕੇਂਦਰ'** ਵਿੱਚ ਹੀ ਨਿਭਾਈ।ਜੋ ਨਾਮਧਾਰੀ ਸਿੱਖ ਸੰਪ੍ਰਦਾਇ ਦਾ ਸਭ ਤੋਂ ਪੁਰਾਣਾ ਸੰਗੀਤ ਵਿਦਿਆਲਿਆ ਕਿਹਾ ਜਾ ਸਕਦਾ ਹੈ ਉਸਤਾਦ ਹਰਭਜਨ ਸਿੰਘ ਜੀ ਨੇ ਉਸਤਾਦ ਮਹਿੰਦਰ ਸਿੰਘ ਜੀ ਨਾਲ ਮਿਲ ਕੇ ਸਿਖਿਆਰਥੀਆਂ ਨੂੰ ਸੰਗੀਤ ਸਿਖਾਉਣਾ।ਜਿਸ ਪਿਛੋ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਦਾ ਪਾਲਣ ਕਰਦੇ ਹੋਏ ਦਿੱਲੀ ਵਿਖੇ ਵੀ ਸੰਗੀਤ ਸਿੱਖਿਆ ਦੇਣੀ ਆਰੰਭ ਕੀਤੀ ।

ਉਸਤਾਦ ਹਰਭਜਨ ਸਿੰਘ ਜੀ ਇੱਕ ਵਧੀਆ ਗਾਇਕ ਹੋਣ ਦੇ ਨਾਲ ਨਾਲ ਵਧੀਆ ਵਾਦਕ ਵੀ ਹਨ ।ਜਿੰਨਾਂ ਦੇ ਪੰਸਦੀਦਾ ਸਾਜ਼ ਸਿਤਾਰ ਅਤੇ ਦਿਲਰੁਬਾ ਹਨ।ਆਪ ਜੀ ਨੇ ਗੁਰਮਤਿ ਸੰਗੀਤ ਦੇ ਨਾਲ ਨਾਲ ਸ਼ਾਸਤਰੀ ਅੰਗ ਦੀ ਖਿਆਲ ਗਾਇਕੀ ਅਤੇ ਧਰੁਪਦ-ਧਮਾਰ ਦੀਆਂ ਪੁਰਾਤਨ ਬੰਦਿਸਾਂ ਵੀ ਸਿੱਖੀਆ।ਜਿੰਨਾਂ ਨੂੰ ਕੇਵਲ ਆਪਣੇ ਤੱਕ ਹੀ ਸੀਮਿਤ ਨਾ ਰੱਖਦਿਆਂ ਵੱਡੇ-ਵੱਡੇ ਕਲਾਕਾਰਾਂ ਨੂੰ ਵੀ ਸਿਖਾਇਆ।

ਆਪ ਜੀ ਨੇ ਆਪਣੀ ਕਲਾ ਨੂੰ ਵੱਖੋ ਵੱਖਰੇ ਰੰਗਾਂ ਵਿੱਚ ਪੇਸ਼ ਕੀਤਾ।ਆਪ ਜੀ ਨੇ ਗੁਰਬਾਣੀ ਸੰਗੀਤ ਦੀ ਸ਼ਾਸਤਰੀ ਸੰਗੀਤ ਬੰਧਤਾ ਨੂੰ ਕਾਇਮ ਰੱਖਦੇ ਹੋਏ ਗਾਇਕੀ ਦੇ ਵੱਖੋ-ਵੱਖਰੇ ਢੰਗਾ ਨੂੰ ਪੇਸ਼ ਕੀਤਾ।ਆਪ ਜੀ ਜਿਥੇ ਇੱਕ ਅਧਿਆਪਕ ਦੀ ਭੂਮਿਕਾ ਨਿਭਾਉਦੇਂ ਰਹੇ,ਉਥੇ ਹੀ ਇਕ ਪ੍ਰਸਿੱਧ ਹਜੂਰੀ ਕੀਰਤਨਕਾਰ ਵੀ ਮੰਨੇ ਜਾਦੇ ਹਨ ਜਿੰਨਾ ਨੇ ਕਈ ਸਾਲ ਸਤਿਗੁਰਾਂ ਦੇ ਨਾਲ ਕੀਰਤਨ ਦੀ ਸੇਵਾ ਵੀ ਨਿਭਾਈ ਜੋ ਅੱਜ ਵੀ ਕਰਦੇ ਆ ਰਹੇ ਹਨ।ਜਿਸ ਦੇ ਸਿਲਸਿਲੇ ਵਿੱਚ ਕਨੇਡਾ, ਅਮਰੀਕਾ, ਇੰਗਲੈਡ, ਥਾਈਲੈਂਡ, ਲੰਦਨ, ਕੀਨੀਆਂ, ਯੂਰਪ ਵਰਗੇ ਦੇਸ਼ਾਂ ਵਿੱਚ ਵੀ ਸੰਗੀਤ ਦਾ ਪ੍ਰਚਾਰ ਕੀਤਾ।ਜੋ ਅੱਜ ਵੀ ਜਾਰੀ ਹੈ।

**ਕਲਾਕਾਰ ਦੇ ਰੂਪ ਵਿੱਚ:** ਉਸਤਾਦ ਹਰਭਜਨ ਸਿੰਘ ਜੀ ਇੱਕ ਕਲਾਕਾਰ ਦੇ ਰੂਪ ਵਿੱਚ ਗੁਰਮਿਤ ਸੰਗੀਤ ਤੋ ਸ਼ੁਰੂਆਤ ਕੀਤੀ।ਜੋ ਕੇਵਲ ਇੱਕ ਘਰਾਣੇ ਤੱਕ ਹੀ ਸੀਮਿਤ ਨਾ ਰਹੇ।ਆਪ ਜੀ ਨੇ ਤਲਵੰਡੀ ਘਰਾਣੇ ਦੀ ਗਾਇਕੀ ਤੋ ਸ਼ੁਰੂਆਤ ਕਰ ਅਨੇਕਾ ਉਸਤਾਦਾਂ ਤੋ ਸਿੱਖਿਆਂ ਗ੍ਰਹਿਣ ਕੀਤੀ।ਜਿਸ ਦੇ ਅਧਾਰ ਤੇ ਨਾਮਧਾਰੀ ਸਿੱਖ ਸੰਪ੍ਰਦਾਇਕ ਵੱਖੋ-ਵਖਰੇ ਘਰਾਣਿਆਂ ਦਾ ਗੁਲਦਸਤਾ ਕਿਹਾ ਜਾ ਸਕਦਾ ਹੈ।ਜਿਸ ਵਿੱਚ ਹਰ ਘਰਾਣੇ ਦੇ ਫੁੱਲ ਸ਼ਾਮਿਲ ਹਨ।

**ਰਾਸ਼ਟਰੀ ਅਤੇ ਅੰਤਰ-ਰਾਸਟਰੀ ਮੰਚ ਉਪਰ ਪ੍ਰਦਰਸ਼ਨ:** ਔਰੰਗਾਬਾਦ, ਗਵਾਲੀਅਰ, ਦਿੱਲੀ, ਬੰਬਈ, ਲਖਨਉ, ਕੈਨੇਡਾ, ਅਮਰੀਕਾ, ਯੂਕੇ, ਕੀਨੀਆਂ, ਥਾਈਲੈਂਡ, ਇੰਗਲੈਂਡ।

**ਕਲਾਤਮਕ ਪ੍ਰਾਪਤੀਆਂ:** ਆਪ ਜੀ ਨੇ 2010 ਈ: ਵਿੱਚ ਸੰਗੀਤ ਨਾਟਕ ਅਕੈਡਮੀ ਵਲੋਂ ਪੰਜਾਬ ਦਾ ਗੁਰਬਾਣੀ ਸੰਗੀਤ ਅਵਾਰਡ ਪ੍ਰਾਪਤ ਕੀਤਾ ।

**ਵਿਅਕਤੀਤਵ ਦੇ ਪਹਿਲੂ:** ਆਪ ਜੀ ਦੇ ਪਹਿਰਾਵੇਂ ਅਤੇ ਸੁਭਾਅ ਦੀ ਗੰਭੀਰਤਾ ਤੋਂ ਨਿਸ਼ਠਾ ਅਤੇ ਗਾਇਨ ਪ੍ਰਾਪਤੀ ਦਾ ਪਤਾ ਲਗਦਾ ਹੈ।

**ਸੰਗੀਤਕ ਪ੍ਰੋਗਰਾਮ:**

- 31 ਮਾਰਚ ਅਤੇ 1 ਅਪ੍ਰੈਲ 1973 ਈ: ਨੂੰ ਵਿਸ਼ਾਲ (ਸ਼ੰਕਰ ਲਾਲ) ਹਾਲ ਮਾਡਰਨ ਸਕੂਲ ਬਾਗ ਖੰਬਾਰੰਡ ਨਵੀਂ ਦਿੱਲੀ ।
- 9 ਅਪ੍ਰੈਲ,1997 ਈ: ਵਿੱਚ ਦਿੱਲੀ ਦੇ ਆਵਾਨ-ਏ-ਗਾਲਿਬ ਹਾਲ ।
- ਤੋਂ 8 ਅਪ੍ਰੈਲ 1978 ਈ: ਬੰਬਈ ਵਿੱਚ ਬਿਰਲਾ ਸਾਸ਼ਤਰੀ ਹਾਲ ।
- ਛੇਵਾਂ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ ਲਖਨਊ (2 ਤੋਂ 6 ਫਰਵਰੀ 1979) ਵਿੱਚ ਰਵਿੰਦਗਲੇ ਹਾਲ ।
- ਸਤਵਾਂ ਸੰਗੀਤ ਸੰਮੇਲਨ ਔਰੰਗਾਬਾਦ 14 ਦਸੰਬਰ 1980 ਨੂੰ "ਮਾਰਠਵਾੜਾ ਮੰਡਪ"।
- "ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ,6-7 ਮਈ, 1994 ਈ. ਨੂੰ ਜੰਮੂ।
- 1985 ਈ: ਵਿੱਚ ਤਨਜਾਨੀਆ ਕਲਚਰਲ ਸੈਂਟਰ ਵਿਖੇ ਸਿਤਾਰ ਵਾਦਨ ਦੀ ਪ੍ਰਸਤੂਤੀ।
- ਵਿਸ਼ੇਸ਼ ਸੰਗੀਤ ਗੋਸ਼ਟੀ ਤੇ ਸੰਮੇਲਨ ਸ਼੍ਰੀ ਭੈਣੀ ਸਾਹਿਬ 10 ਅਗਸਤ, 1988.
- ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ 16,17 ਨਵੰਬਰ,2013.

ਇਹਨਾਂ ਤੋਂ ਇਲਾਵਾ ਆਪ ਜੀ ਨੇ ਦੇਸ਼ਾਂ-ਵਿਦੇਸ਼ਾਂ ਵਿੱਚ ਆਪਣੀਆ ਕਲਾ ਪ੍ਰਸਤੂਤੀਆ ਦਿੱਤੀਆ ਹਨ।[3]

## ਉਸਤਾਦ ਗੁਰਦੇਵ ਸਿੰਘ (ਸਰੋਦ ਵਾਦਕ)

ਉਸਤਾਦ ਗੁਰਦੇਵ ਸਿੰਘ ਜੀ ਦਾ ਨਾਮ ਇੱਕ ਪ੍ਰਸਿੱਧ ਸਰੋਦ ਵਾਦਕ ਅਤੇ ਦਿਲਰੁਬਾ ਵਾਦਕ ਵਜੋ ਲਿਆ ਜਾਦਾਂ ਹੈ।ਜਿੰਨਾ ਨੇ ਉਸਤਾਦ ਅਮਜਦ ਅਲੀ ਖਾਂ ਦੇ ਅਸ਼ੀਰਵਾਦ ਸਦਕਾ ਆਪਣਾ ਮੁਕਾਮ ਹਾਸਿਲ ਕੀਤਾ।

**ਜਨਮ ਅਤੇ ਸੰਗੀਤ ਸਿੱਖਿਆ**: ਆਪ ਜੀ ਦਾ ਜਨਮ 15 ਜਨਵਰੀ 1948 ਈ: ਵਿੱਚ ਉੱਤਰ-ਭਾਰਤ ਦੇ ਹਰਿਆਣਾ ਵਿਖੇ ਹੋਇਆ।ਆਪ ਜੀ ਨੇ ਸੰਗੀਤ ਦੀ ਸਿੱਖਿਆ 7 ਸਾਲ ਵਿੱਚ ਲੈਣੀ ਆਰੰਭ ਕੀਤੀ।ਆਪ ਜੀ ਨੇ ਉਸਤਾਦ ਤਾਰ ਸਿੰਘ ਜੀ ਅਤੇ ਉਸਤਾਦ ਪਿਆਰਾ ਸਿੰਘ ਜੀ ਪਾਸੋ ਦਿਲਰੁਬਾ ਦੀ ਸਿੱਖਿਆ ਲਈ।ਆਪ ਨੇ ਵਿੱਚ **ਧਰੁਪਦ ਗਾਇਨ** ਦੀ ਸਿੱਖਿਆ ਪੰਡਿਤ ਮਹਾਦੇਵ ਪ੍ਰਸਾਦ ਪਾਸੋਂ ਪ੍ਰਾਪਤ ਕੀਤੀ।ਆਪ ਜੀ ਉਪਰ ਸਤਿਗੁਰੂ ਜਗਜੀਤ ਸਿੰਘ ਦੀ ਅਪਾਰ ਬਖਸ਼ਿਸ ਸੀ।ਜਿਹਨਾਂ ਦੀ ਬਖਸ਼ਿਸ ਸਦਕਾ ਹੀ ਆਪ ਜੀ ਨੂੰ 1967 ਈ: ਵਿੱਚ ਪ੍ਰਸਿੱਧ ਸਰੋਧ ਵਾਦਕ ਉਸਤਾਦ ਅਮਜਦ ਅਲੀ ਖਾਂ ਸਾਹਿਬ ਕੋਲ ਸਰੋਦ ਸਿੱਖਣ ਲਈ ਭੇਜਿਆ ਗਿਆ।

**ਸ਼ਿਸ ਪ੍ਰੰਪਰਾ:** ਉਸਤਾਦ ਗੁਰਦੇਵ ਸਿੰਘ ਜੀ ਨੇ ਸੰਗੀਤ ਦੀ ਸਿੱਖਿਆ ਸ਼ਿਸ਼ ਪ੍ਰੰਪਰਾ ਦੇ ਅਧੀਨ ਦੇਣੀ ਆਰੰਭ ਕੀਤੀ।ਆਪ ਜੀ ਨੇ ਭੈਣੀ ਸਾਹਿਬ ਸਥਿਤ ਸੰਗੀਤ ਕਲਾ ਕੇਂਦਰ ਦੇ ਨਾਲ-ਨਾਲ ਦਿੱਲੀ ਸੰਗੀਤ ਕੇਂਦਰਾ ਵਿੱਚ ਵੀ ਸੇਵਾ ਨਿਭਾਈ।ਆਪ ਜੀ ਦੇ ਵਧੇਰੇ ਸ਼ਿਸ ਇੰਗਲੈਂਡ ਵਿੱਚ ਵੇਖੇ ਜਾ ਸਕਦੇ ਹਨ।ਜਿੱਥੇ ਆਪ ਜੀ ਵੀ ਸੰਗੀਤ ਦੇ ਵਿਦਿਆਰਥੀਆ ਨੂੰ ਗਾਇਨ ਦੇ ਨਾਲ-ਨਾਲ ਵਾਦਨ ਦੀ ਸਿੱਖਿਆ ਦੇ ਰਹੇ ਹਨ।ਅੱਜ ਆਪ ਜੀ ਦਾ ਨਾਮ ਇੱਕ ਪ੍ਰਸਿੱਧ ਸਰੋਦ ਵਾਦਕ ਦੇ ਨਾਮ ਨਾਲ ਜਾਣਿਆ ਜਾਂਦਾ ਹੈ।ਉਸਤਾਦ ਜੀ ਨੇ ਜਿੱਥੇ ਇੱਕ ਕੀਰਤਕਾਰ ਵਜੋ ਨਾਮ ਬਣਾਇਆ,ਉਥੇ ਹੀ ਇੱਕ ਚੰਗੇ ਗੁਰੁ ਜਾ ਉਸਤਾਦ ਵਜੋਂ ਵੀ ਜਾਣੇ ਜਾਂਦੇ ਹਨ।ਆਪ ਜੀ ਨੇ ਕਈ ਵਾਰੀ ਉਸਤਾਦ ਹਰਭਜਨ ਸਿੰਘ ਨਾਲ ਮਿਲ ਗੁਰਬਾਣੀ ਕੀਰਤਨ ਦੇ ਪ੍ਰੋਗਰਾਮਾਂ ਦੀ ਪ੍ਰਸਤੁਤੀ ਵੀ ਦਿੱਤੀ।

## ਰਾਸਟਰੀ ਅਤੇ ਅੰਤਰ-ਰਾਸ਼ਟਰੀ ਮੰਚ ਉਪਰ ਪ੍ਰਦਰਸ਼ਨ

- ਬੀ.ਬੀ.ਸੀ (ਯੂ-ਕੇ)
- ਮਿਡਲੈਂਡ ਰੀਬੀ
- ਐਡਿਨ ਬਰਗ
- ਫਰਿੰਗੇ ਉਤਸਵ
- ਭਾਰਤੀ ਵਿਦਿਆ ਭਵਨ
- ਆਕਸਫੋਰਟ ਯੂਨੀਵਰਸਿਟੀ
- 1984 ਵਿੱਚ ਲੀਵਰ ਪੂਲ ਗਾਰਡਨ ਉਤਸਵ (ਸਾਊਥ ਹਾਲ )
- ਉੱਤਰੀ ਅਮਰੀਕਾ ਦੇ ਵੈਕੂਵਰ

- ਅਮੀਰ ਖੁਸ਼ਰੋ ਸੁਸਾਇਟੀ (ਸ਼ਕਾਗੋਂ)
- ਸਵੀਟਜਰਲੈਂਡ, ਡੈਨਮਾਰਕ, ਯੂਰਪੀ ਦੇਸਾਂ
- ਸੈਟਲ ਯੂਨੀਵਰਸਿਟੀ
- ਬਾਠ ਅਤੇ ਆਕਸਫੋਰਟ ਯੂਨੀਵਰਸਿਟੀ
- ਨਿਊਯਾਰਕ, ਲਾਸ ਏਂਜਲਸ

## ਸੰਗੀਤ ਸੰਮੇਲਨਾਂ ਵਿੱਚ ਪ੍ਰਸਤੂਤੀ

- ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ 31 ਮਾਰਚ 1973 ਈ: ਨੂੰ ਦਿੱਲੀ ਸਰੋਦ ਵਾਦਨ ਅਤੇ ਸ਼ਬਦ ਗਾਇਨ (ਗਰੁੱਪ) ਦੀ ਪ੍ਰਸਤੁਤੀ।
- 10 ਅਪ੍ਰੈਲ 1977 ਈ: ਨੂੰ ਸ਼ਾਮ ਦੀ ਸਭਾ ਵਿੱਚ ਸਰੋਦ ਵਾਦਨ ਦੀ ਪ੍ਰਸਤੁਤੀ।
- 3 ਅਪ੍ਰੈਲ 1978 ਈ: (ਸੋਮਵਾਰ) ਵਿੱਚ ਬੰਬਈ ਵਿਖੇ ਵਾਦਨ ਦੀ ਪ੍ਰਸਤੁਤੀ।
- ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ 4 ਅਪ੍ਰੈਲ 1978 ਈ:(ਮੰਗਲਵਾਰ) ਵਿੱਚ ਦਿਲਰੁਬਾ ਦੀ ਪ੍ਰਸਤੁਤੀ।
- ਛੇਵਾਂ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ 5 ਫਰਵਰੀ 1979 ਈ: (ਸੋਮਵਾਰ) ਨੂੰ ਸਰੋਦ ਵਾਦਨ ਦੀ ਪ੍ਰਸਤੁਤੀ।
- ਸਤਵਾਂ ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ 14 ਦਸੰਬਰ 1980 ਈ:(ਐਤਵਾਰ) ਨੂੰ 'ਮਾਰਠਵਾੜਾ ਮੰਡਪ' ਔਰੰਗਾਬਾਦ ਵਿਖੇ ਸਰੋਦ ਵਾਦਨ ਦੀ ਪ੍ਰਸਤੁਤੀ।
- ਸਤਿਗੁਰੂ ਪ੍ਰਤਾਪ ਸਿੰਘ ਸ੍ਰਿਮਤੀ ਸੰਗੀਤ ਸੰਮੇਲਨ 24 ਫਰਵਰੀ 1994 ਈ: ਨੂੰ ਔਰੰਗਾਬਾਦ ਵਿਖੇ ਸਰੋਦ ਵਾਦਨ ਦੀ ਪ੍ਰਸਤੁਤੀ।
- ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ 14 ਸਤੰਬਰ 1983 ਈ: ਨੂੰ 'ਸੇਂਟ ਜਾਰਜਿਜ਼ ਈਸਾਈ ਚਰਚ' ਸਾਊਥਾਲ ਵਿਖੇ ਸਰੋਦ ਵਾਦਨ ਦੀ ਪ੍ਰਸਤੁਤੀ।
- ਸੰਗੀਤ ਦਰਬਾਰ ਵਿੱਚ 22 ਅਪ੍ਰੈਲ 1984 ਈ: ਵਿੱਚ ਇੰਗਲੈਂਡ ਵਿਖੇ ਸਰੋਦ ਵਾਦਨ ਦੀ ਪ੍ਰਸਤੁਤੀ।

- ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ 1 ਅਪ੍ਰੈਲ 1996 ਈ: ਨੂੰ ਲੰਡਨ ਵਿਖੇ ਸਰੋਦ ਦੀ ਪ੍ਰਸਤੁਤੀ।
- ਸਤਿਗੁਰੂ ਜਗਜੀਤ ਸਿੰਘ ਜੀ ਦੇ 82ਵੇਂ ਜਨਮ ਦਿਵਸ ਤੇਂ 1ਦਸੰਬਰ 2002 ਈ: ਨੂੰ ਸੁਰਨਾਦ ਅਕੈਡਮੀ ਦੇ 'ਡੋਮਿਨਿਅਮ ਆਰਟ ਸੈਂਟਰ' ਸਾਊਥਹਾਲ ਵਿਖੇ ਸਰੋਦ ਦੀ ਪ੍ਰਸਤੂਤੀ।
- ਸਤਿਗੁਰੂ ਜਗਜੀਤ ਸਿੰਘ ਜੀ ਦੇ 83 ਵੇਂ ਜਨਮ ਦਿਵਸ ਤੇਂ 7 ਦਸੰਬਰ 2003 ਈ: ਨੂੰ ਸੰਗੀਤ ਸੰਮੇਲਨ ਕਰਵਾਇਆ ਗਿਆ ।

ਇਹਨਾਂ ਸੰਗੀਤ ਸੰਮੇਲਨਾਂ ਤੋਂ ਇਲਾਵਾ ਅਨੇਕਾਂ ਹੀ ਅੰਤਰਰਾਸ਼ਟਰੀ ਪ੍ਰੋਗਰਾਮਾਂ ਵਿੱਚ ਗਾਇਨ ਅਤੇ ਵਾਦਨ ਦੀ ਪ੍ਰਸਤੂਤੀ ਦਿੰਦੇ ਰਹੇ ਹਨ ਜੋ ਅੱਜ ਵੀ ਅੰਤਰਰਾਸ਼ਟਰੀ ਪੱਧਰ ਤੇ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ।[4]

## ਉਸਤਾਦ ਮੋਹਨ ਸਿੰਘ

**ਜਨਮ ਅਤ ਸੰਗੀਤ ਸਿੱਖਿਆ:** ਨਾਮਧਾਰੀ ਸਿੱਖ ਸੰਪ੍ਰਦਾਇ ਦੇ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਉਣ ਵਾਲੇ ਉਸਤਾਦ ਮੋਹਨ ਸਿੰਘ ਜੀ ਦਾ ਜਨਮ 18 ਸੰਤਬਰ 1963 ਈ: ਵਿੱਚ ਮਾਤਾ ਬਲਵੀਰ ਕੌਰ ਦੇ ਘਰ ਲੁਧਿਆਣਾ ਵਿਖੇ ਹੋਇਆ।ਆਪ ਜੀ ਨੇ ਸੰਗੀਤ ਦਾ ਸਫਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ ਨਾਲ ਸ਼ੁਰੂ ਕੀਤਾ।ਆਪ ਜੀ ਨੂੰ ਉਸਤਾਦ ਮੋਹਨ ਸਿੰਘ ਹਜੂਰੀ ਰਾਗੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ।ਆਪ ਜੀ ਨੂੰ ਇੱਕ ਯੁਗਲ-ਗਾਇਕ ਦੇ ਰੂਪ ਵਿੱਚ ਜਾਣਿਆ ਜਾਂਦਾ ਹੈ।

ਉਸਤਾਦ ਮੋਹਨ ਸਿੰਘ ਜੀ ਨੂੰ ਸ਼ਾਸਤਰੀ ਸੰਗੀਤ ਦੇ ਨਾਲ-ਨਾਲ ਗੁਰਮਤਿ ਸੰਗੀਤ ਵਿੱਚ ਵੀ ਮਹਾਰਤ ਹਾਸਿਲ ਸੀ।ਆਪ ਜੀ ਨੇ ਗੁਰਬਾਣੀ ਕੀਰਤਨ ਦੇ ਅੰਤਰਗਤ ਧਰੁਪਦ, ਧਮਾਰ ਖਿਆਲ ਵਰਗੀਆਂ ਗਾਇਨ ਸੈਲੀਆ ਨੂੰ ਦਰੁੱਤ, ਵਿਲੰਬਿਤ ਅਤੇ ਵਿਲਿੰਬਤ ਲੈਅ ਬੱਧ ਕਰ ਗਾਇਆ।ਜਿਸ ਵਿੱਚ ਇਹਨਾਂ ਦੀ ਵਧੇਰੇ ਪ੍ਰਸਿੱਧੀ ਸਮਝੀ ਜਾਂਦੀ ਸੀ।ਆਪ ਜੀ ਨੇ ਆਪਨੀ ਸੰਗੀਤਕ ਸਿੱਖਿਆ ਸਤਿਗੁਰੂ ਜਗਜੀਤ ਸਿੰਘ ਜੀ, ਉਸਤਾਦ ਮਹਿੰਦਰ ਸਿੰਘ ਜੀ ਅਤੇ ਉਸਤਾਦ ਹਰਭਜਨ ਸਿੰਘ ਜੀ ਪਾਸੋ ਲੈਣੀ ਆਰੰਭ ਕੀਤੀ।ਸਤਿਗੁਰੂ ਜੀ ਨੇ ਆਪ ਜੀ ਨੂੰ ਪੰਡਿਤ ਰਾਜਨ-ਸਾਜਨ ਮਿਸ਼ਰਾ ਜੀ ਕਲੋ ਸ਼ਾਸਤਰੀ ਸੰਗੀਤ ਦੀ ਖਿਆਲ ਗਾਇਕੀ ਸਿਖਣ ਲਈ ਭੇਜਿਆ।ਆਪ ਜੀ ਨੇ ਖਿਆਲ ਗਾਇਕੀ ਦੇ ਅਨੇਕਾਂ ਹੀ ਰੂਪ ਆਪਣੇ ਸਰੋਤਿਆ ਤੱਕ ਪਹੁਚਾਏ।

**ਕਲਾਕਾਰ ਦੇ ਰੂਪ ਵਿੱਚ:** ਉਸਤਾਦ ਮੋਹਨ ਸਿੰਘ ਜੀ ਨੇ ਕਲਾਕਾਰ ਦੇ ਰੂਪ ਵਿੱਚ ਗੁਰਮਿਤ ਸੰਗੀਤ ਅਤੇ ਧਰੁਪਦ ਖਿਆਲ ਗਾਇਕੀ ਵਿੱਚ ਆਪਣੀ ਵਿਲਿੱਖਣ ਪਹਿਚਾਣ ਬਣਾਈ।ਆਪ ਜੀ ਨੇ ਉਸਤਾਦ ਸੁਖਦੇਵ ਸਿੰਘ ਜੀ ਨਾਲ ਯੁਗਲ ਗਾਇਕ ਜੋੜੀ ਬਣਾ ਕਾਫੀ ਸਮਾਂ ਗੁਰਮਤਿ ਅਤੇ ਸ਼ਾਸਤਰੀ ਸੰਗੀਤ ਦੀ ਪ੍ਰਸਤੂਤੀ ਦਿੱਤੀ।ਆਪ ਜੀ ਨੂੰ ਇੱਕ ਯੁਗਲ-ਬੱਧ ਜੋੜੀ ਦੇ ਰੂਪ ਵਿੱਚ ਪ੍ਰਸਿੱਧੀ ਪ੍ਰਾਪਤ ਸੀ।

**ਸੰਗੀਤ ਪ੍ਰਚਾਰਕ:** ਉਸਤਾਦ ਮੋਹਨ ਸਿੰਘ ਜੀ ਨੇ ਆਪਣੀ ਯੁਗਲ ਜੋੜੀ ਉਸਤਾਦ ਸੁਖਦੇਵ ਸਿੰਘ ਜੀ ਨਾਲ ਹਜੂਰੀ ਜੱਥਾ ਬਣਾ ਸ੍ਰੀ ਭੈਣੀ ਸਾਹਿਬ ਵਿਖੇ ਕਈ ਵਾਰੀ ਪ੍ਰਸਤੂਤੀ ਦਿੱਤੀ।ਇਹਨਾਂ ਹੀ ਨਹੀ ਆਪ ਜੀ ਨੇ ਰਾਸ਼ਟਰੀ ਅਤੇ ਅੰਤਰ-ਰਾਸਟਰੀ ਪੱਧਰ ਤੇ ਵੀ ਸੰਗੀਤ ਦਾ ਪ੍ਰਚਾਰ ਕੀਤਾ,ਜਿਵੇ ਕਿ ਬੰਗਲੌਰ, ਜਲੰਧਰ, ਬੰਬਈ, ਗਵਾਲੀਅਰ, ਔਰੰਗਾਬਾਦ, ਚੰਡੀਗੜ, ਲਖਨਊ, ਦਿੱਲੀ, ਲੁਧਿਆਣਾ ਅਤੇ ਅੰਤਰ-ਰਾਸਟਰੀ ਦੇਸ ਇੰਗਲੈਂਡ, ਯੂਰਪ, ਕਨੈਡਾ, ਅਮਰੀਕਾ, ਈਸਟ ਏਸ਼ੀਆਂ ਅਤੇ ਅਫਰੀਕਾ।ਆਪ ਜੀ ਨੇ ਦੇਸਾ-ਵਿਦੇਸਾਂ ਤੱਕ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।ਆਪ ਜੀ ਨੂੰ ਹਰੀਵੱਲਬ ਸੰਗੀਤ ਸਮਾਰੋਹ ਦਾ ਹਿੱਸਾ ਬਨਣ ਦਾ ਵੀ ਕਈ ਵਾਰ ਮੌਕਾ ਮਿਲਿਆ।

ਆਪ ਜੀ ਦਾ ਪਹਿਰਾਵਾ ਅਤੇ ਸੁਭਾਅ ਦੀ ਗੰਭੀਰਤਾ ਉਹਨਾ ਦੀ ਨਿਸ਼ਠਾ ਅਤੇ ਗਾਇਨ ਪ੍ਰਸਤੁਤੀ ਦਾ ਗਿਆਤ ਕਰਵਾਉਦੀ ਹੈ।ਆਪ ਜੀ ਨੂੰ ਇੱਕ ਯੁਗਲ ਜੋੜੀ ਦੇ ਰੂਪ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੇ ਸ਼ਾਗਿਰਦ ਹੋਣ ਦਾ ਵੀ ਮਾਣ ਪ੍ਰਾਪਤ ਸੀ।ਜੋ ਉਹਨਾ ਲਈ ਸਭ ਤੋ ਵੱਡੀ ਪ੍ਰਾਪਤੀ ਮੰਨੀ ਜਾਂਦੀ ਸੀ।

## ਸੰਗੀਤਕ ਪ੍ਰੋਗਰਾਮ

- 1985 ਈ: ਵਿੱਚ ਤਨਜਾਨੀਆਂ ਕਲਚਰਲ ਸੈਂਟਰ ਵਿਖੇ ਯੁਗਲ ਗਾਇਨ ਦੀ ਪ੍ਰਸਤੁਤੀ।
- ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਸ੍ਰਿਮਤੀ ਸੰਗੀਤ ਸੰਮੇਲਨ 1993 ਈ:(ਬੰਗਲੌਰ) ਵਿਖੇ ਯੁਗਲ ਗਾਇਨ ਦੀ ਪ੍ਰਸਤੁਤੀ ਦਿੱਤੀ।
- ਨਾਮਧਾਰੀ ਸੰਗੀਤ ਸੰਮੇਲਨ ਵਿੱਚ ਚੰਡੀਗੜ੍ਹ ਦੇ ਟੈਗੋਰ ਥੀਏਟਰ ਵਿਖੇ 2 ਅਗਸਤ 1993 ਈ: ਨੂੰ ਯੁਗਲ-ਗਾਇਨ ਦੀ ਪ੍ਰਸਤੁਤੀ ਦਿੱਤੀ।
- ਨਾਮਧਾਰੀ ਸੰਗੀਤ ਸੰਮੇਲਨ ਵਿੱਚ 25 ਫਰਵਰੀ 1994 ਈ: ਨੂੰ ਯੁਗਲ-ਪ੍ਰਸਤੁਤੀ ਦਿੱਤੀ।
- ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਸਿਮ੍ਰਤੀ ਸੰਗੀਤ ਸੰਮੇਲਨ ਵਿੱਚ 7 ਮਈ 1994 ਈ:(ਜੰਮੂ) ਨੂੰ ਯੁਗਲ-ਗਾਇਨ ਦੀ ਪ੍ਰਸਤੁਤੀ ਦਿੱਤੀ।

- ਨਾਮਧਾਰੀ ਸੰਗੀਤ ਸੰਮੇਲਨ ਵਿੱਚ 28 ਜਨਵਰੀ (ਗਵਾਲੀਅਰ) ਅਤੇ 8 ਨਵੰਬਰ 1995 ਈ:(ਜਲੰਧਰ) ਨੂੰ ਯੁਗਲ-ਗਾਇਨ ਦੀ ਪ੍ਰਸਤੁਤੀ ਦਿੱਤੀ।
- ਸੁਰ-ਨਾਦ ਸੰਗੀਤ ਸੰਮੇਲਨ ਦੀ ਵਿਸ਼ੇਸ਼ ਸੰਗੀਤ ਗੋਸ਼ਟੀ 15 ਅਗਸਤ 1999 ਈ: (ਦਿੱਲੀ) ਵਿੱਚ ਗਾਇਨ ਦੀ ਪ੍ਰਸਤੁਤੀ ਦਿੱਤੀ।

ਇਹਨਾਂ ਤੋਂ ਇਲਾਵਾ ਆਪ ਜੀ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਵੀ ਯੁਗਲ-ਗਾਇਨ ਦੀਆਂ ਅਨੇਕਾਂ ਪ੍ਰਸਤੁਤੀਆਂ ਦਿੱਤੀਆਂ।ਜਿੰਨਾਂ ਦੀਆਂ ਵੀਡਿਉਜ਼ youtube ਉਪਰ ਉਪਲੱਬਧ ਹਨ।ਆਪ ਜੀ ਨੇ ਆਪਣਾ ਪੂਰਾ ਜੀਵਨ ਸੰਗੀਤ ਨੂੰ ਹੀ ਸਮਰਪਿਤ ਕਰ ਦਿੱਤਾ।ਆਪ ਜੀ ਦੀ ਜੋੜੀ ਨੂੰ ਵਧੇਰੇ ਪ੍ਰਸਿੱਧੀ ਪ੍ਰਾਪਤ ਹੋਈ।ਆਪ ਜੀ ਨੇ ਆਪਣੇ 51 ਸਾਲਾਂ ਤੋਂ ਲੱਗੇ ਸ਼ੁਗਰ ਦੇ ਸ਼ਰੀਰਕ ਕਸ਼ਟ ਨੂੰ ਦੇਖਦੇ ਹੋਏ ਜਾਂਦੇ-ਜਾਂਦੇ ਆਪਣੀ ਗਾਇਕੀ ਦੇ ਹੁਨਰ ਨੂੰ ਆਪਣੀਆ ਬੇਟੀਆ ਨੂੰ ਸੌਂਪ ਦਿੱਤਾ।ਜੋ ਅੱਜ ਆਪ ਜੀ ਦੇ ਦੱਸੇ ਗਏ ਮਾਰਗ ਤੇ ਚੱਲ ਸ਼ਾਸਤਰੀ ਸੰਗੀਤ ਦੀ ਸੇਵਾ ਕਰ ਰਹੀਆ ਹਨ।ਆਪ ਜੀ ਨੇ ਸੰਗੀਤ ਦੀ ਸੇਵਾ ਕਰਦੇ ਹੋਏ 2014 ਈ: ਵਿੱਚ ਆਪਣਾ ਸ਼ਰੀਰ ਤਿਆਗ ਦਿੱਤਾ।ਆਪ ਜੀ ਨੇ ਆਪਣੇ ਸ਼ਰੀਰਕ ਕਸ਼ਟ ਦੀ ਪ੍ਰਵਾਹ ਕੀਤੇ ਬਗੈਰ ਸ਼ਾਸਤਰੀ ਸੰਗੀਤ ਦੀ ਸਾਰੀ ਉਮਰ ਸੇਵਾ ਕੀਤੀ।[5]

## ਉਸਤਾਦ ਸੁਖਦੇਵ ਸਿੰਘ

**ਜਨਮ ਅਤੇ ਸਿੱਖਿਆ**: ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਉਸਤਾਦ ਸੁਖਦੇਵ ਸਿੰਘ ਜੀ ਨੂੰ ਜੁਗਲ-ਬੰਧ ਗਾਇਕ ਜੋੜੀ ਦੇ ਰੂਪ ਵਿੱਚ ਕੌਣ ਨਹੀਂ ਜਾਣਦਾ।ਆਪ ਜੀ ਨੇ ਉਸਤਾਦ ਮੋਹਣ ਸਿੰਘ ਜੀ ਨਾਲ ਮਿਲ ਸ਼ਾਸਤਰੀ ਸੰਗੀਤ ਦੇ ਪ੍ਰਚਾਰ-ਪ੍ਰਸਾਰ ਵਿੱਚ ਵਿਸ਼ੇਸ਼ ਯੋਗਦਾਨ ਪਾਇਆ।ਆਪ ਜੀ ਦਾ ਜਨਮ 7 ਅਕਤੂਬਰ 1963 ਈ: ਵਿੱਚ ਲੁਧਿਆਣਾ ਸ਼ਹਿਰ ਵਿੱਚ ਹੋਇਆ।ਆਪ ਜੀ ਦੇ ਪਿਤਾ ਸੰਤ ਸੰਤੋਖ ਸਿੰਘ ਅਤੇ ਮਾਤਾ ਅਮਰਜੀਤ ਕੌਰ ਨਾਮਧਾਰੀ ਸਿੱਖ ਸੰਪ੍ਰਦਾਇ ਨਾਲ ਹੀ ਸੰਬੰਧ ਰੱਖਦੇ ਸਨ।ਜਿਸ ਵਿੱਚ ਗੁੜਤੀ ਹੀ ਸੰਗੀਤ ਦੀ ਮਿਲਦੀ ਹੈ।

ਆਪ ਜੀ ਨੇ ਸੰਗੀਤ ਦੀ ਸਿੱਖਿਆ ਆਪਣੇ ਨਾਨਾ ਜੀ ਸੰਤ ਸਿੰਘ ਪਨੇਸਰ ਜੀ ਤੋਂ ਲੈਣੀ ਆਰੰਭ ਕੀਤੀ।ਜਿਸ ਸਮੇਂ ਆਪ ਜੀ ਦੀ ਉਮਰ ਕੇਂਵਲ 6-7 ਸਾਲ ਦੀ ਹੀ ਸੀ।ਆਪ ਜੀ ਨੂੰ ਸੰਗੀਤ ਪ੍ਰਤੀ ਲਗਾਵ ਪਹਿਲਾਂ ਹੀ ਸੀ ਕਿਉਂਕਿ ਆਪ ਜੀ ਦੇ ਨਾਨਾ ਜੀ ਵੀ ਵਧੀਆ ਕਲਾਕਾਰ ਸਨ ਜੋ ਸ਼ਾਸਤਰੀ ਸੰਗੀਤ ਦੀ ਵਧੇਰੇ ਰੁਚੀ ਰੱਖਦੇ ਸਨ।ਆਪ ਜੀ ਦੇ ਨਾਨਾ ਜੀ ਦੇ ਗਾਇਕਾ ਸੁਰਿੰਦਰ ਕੌਰ ਜੀ ਨਾਲ ਵਧੀਆ ਪਰਿਵਾਰਿਕ ਸੰਬੰਧ ਹੋਣ ਕਾਰਨ ਸ਼ਾਸਤਰੀ ਸੰਗੀਤ ਸਿੱਖਣ ਦਾ ਅਵਸਰ ਪ੍ਰਾਪਤ ਹੋਇਆ।ਜਿਸ ਪਿਛੋਂ ਆਪ ਨੂੰ ਸਤਿਗੁਰੂ ਜੀ ਦੀ ਮੇਹਰ ਸਦਕਾ ਕੀਰਤਨ ਸਿੱਖਣ ਦਾ ਸੁਭਾਗ ਪ੍ਰਾਪਤ ਹੋਇਆ।

ਆਪ ਨੂੰ ਸੰਗੀਤ ਦੀ ਸਿੱਖਿਆ ਸਤਿਗੁਰੂ ਜੀ ਨੇ ਆਪ ਦੇਣੀ ਆਰੰਭ ਕੀਤੀ।ਜਿਸ ਪਿਛੋਂ ਆਪ ਜੀ ਨੇ 1972 ਈ: ਵਿੱਚ ਉਸਤਾਦ ਮਹਿੰਦਰ ਸਿੰਘ ਜੀ,ਉਸਤਾਦ ਹਰਭਜਨ ਸਿੰਘ ਜੀ ਅਤੇ 1977 ਈ: ਵਿੱਚ ਬਨਾਰਸ ਘਰਾਣੇ ਦੇ ਉਸਤਾਦ ਰਾਜਨ-ਸਾਜਨ ਮਿਸ਼ਰਾ ਜੀ ਤੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ।ਆਪ ਨੇ ਉਸਤਾਦ ਰਾਜਨ-ਸਾਜਨ ਮਿਸ਼ਰਾ ਜੀ ਤੋਂ ਬਨਾਰਸ ਘਰਾਣੇ ਦੀਆ ਪੁਰਾਤਨ ਬੰਦਿਸ਼ਾਂ, ਧਰੁਪਦ, ਖਿਆਲ, ਤਰਾਨੇ ਅਤੇ ਠੁਮਰੀ ਦੀ ਸਿਖਿਆ ਗ੍ਰਹਿਣ ਕੀਤੀ।

**ਸੰਗੀਤਕ ਪ੍ਰੋਗਰਾਮ:** ਆਪ ਜੀ ਨੇ ਸ਼ਾਸਤਰੀ ਗਾਇਨ ਦੇ ਨਾਲ ਨਾਲ ਗੁਰਮਤਿ ਸੰਗੀਤ ਦਾ ਵੀ ਪ੍ਰਚਾਰ ਕੀਤਾ।ਆਪ ਜੀ ਨੇ ਕਨੇਡਾ, ਇੰਗਲੈਂਡ, ਅਮਰੀਕਾ, ਥਾਈਲੈਂਡ, ਅਫਰੀਕਾ, ਯੂ.ਕੇ ਦੇ ਅਨੇਕਾਂ ਸ਼ਹਿਰਾਂ ਵਿੱਚ ਸੰਗੀਤ ਦਾ ਪ੍ਰਚਾਰ ਕੀਤਾ।ਆਪ ਜੀ ਨੂੰ ਹਰਿਵੱਲਭ ਸੰਗੀਤ ਸੰਮੇਲਨ, ਸਪਤਕ ਸੰਗੀਤ ਸੰਮੇਲਨ, ਸੰਕਟ ਮੋਚਨ ਸੰਗੀਤ ਸੰਮੇਲਨ ਤੋਂ ਇਲਾਵਾ ਬਨਾਰਸ ਅਤੇ ਕਲਕੱਤਾ ਦੇ ਅਨੇਕਾਂ ਸੰਗੀਤ ਸੰਮੇਲਨਾਂ ਵਿੱਚ ਪ੍ਰਸਤੁਤੀ ਦੇਣ ਦਾ ਅਵਸਰ ਪ੍ਰਾਪਤ ਹੋਇਆ।

**ਕਲਾਤਮਕ ਪ੍ਰਾਪਤੀਆ:** ਆਪ ਜੀ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਅਨੇਕਾਂ ਪੁਰਸਕਾਰ ਪ੍ਰਾਪਤ ਕੀਤੇ।ਜਿੰਨਾਂ ਵਿੱਚ ਕਨੇਡਾਂ, ਅਮਰੀਕਾ, ਅਫਰੀਕਾ, ਥਾਈਲੈਂਡ ਅਤੇ ਯੂਰਪ ਵਰਗੇ ਦੇਸ਼ ਸ਼ਾਮਿਲ ਹਨ।ਆਪ ਜੀ ਨੂੰ ਕੈਨਡਾ ਦੀ ਸਰਕਾਰ ਦੁਆਰਾ 1996 ਈ: ਵਿੱਚ ਆਪ ਜੀ ਦੀ ਯੁਗਲ ਜੋੜੀ ਨੂੰ 'ਬਾਲਟੀਮੋਰ' ਨਾਮਕ ਸ਼ਹਿਰ ਵਿਖੇ ਸੰਗੀਤ ਸੋਸਾਇਟੀ ਦੁਆਰਾ ਵੀ ਸਨਮਾਨਿਤ ਕੀਤਾ ਗਿਆ।ਜਿੰਨਾਂ ਸ਼ਹਿਰਾਂ ਵਿੱਚ ਸ਼ਾਸਤਰੀ ਸੰਗੀਤ ਦਾ ਪ੍ਰਚਾਰ ਅੱਜ ਵੀ ਕੀਤਾ ਜਾ ਰਿਹਾ ਹੈ।ਜਿਸ ਦੇ ਨਤੀਜੇ ਵਜੋਂ ਆਪ ਜੀ ਦੇ ਅਨੇਕਾਂ ਸ਼ਿਸ਼ ਦੇਸ਼ਾਂ-ਪ੍ਰਦੇਸ਼ਾਂ ਵਿੱਚ ਵੀ ਦੇਖੇ ਜਾ ਸਕਦੇ ਹਨ।[6]

## ਉਸਤਾਦ ਬਲਜੀਤ ਸਿੰਘ (ਤਾਰ ਸ਼ਹਿਨਾਈ ਵਾਦਕ)

ਉਸਤਾਦ ਬਲਜੀਤ ਸਿੰਘ ਜੀ ਨੂੰ ਸ਼ਾਸਤਰੀ ਅਤੇ ਗੁਰਮਤਿ ਸੰਗੀਤ ਦੇ ਪ੍ਰਸਿੱਧ ਕਲਾਕਾਰ ਹੋਣ ਦਾ ਮਾਣ ਪ੍ਰਾਪਤ ਹੈ ਜੋ ਇੱਕ ਯੁਗਲਬੱਧ ਜੋੜੀ ਦੇ ਰੂਪ ਵਿੱਚ ਸ੍ਹਾਮਣੇ ਆਏ।ਭਾਈ ਬਲਜੀਤ ਸਿੰਘ ਜੀ ਦਾ ਜਨਮ 12 ਨਵੰਬਰ 1962 ਈ: ਵਿੱਚ ਥਾਪੜ ਖੇੜੀ ਅੰਮ੍ਰਿਤਸਰ ਵਿਖੇ ਹੋਇਆ।ਆਪ ਜੀ ਦਾ ਸੰਬੰਧ ਮੱਧ-ਪ੍ਰਦੇਸ ਨਾਲ ਜੋੜਿਆ ਜਾਂਦਾ ਹੈ।ਆਪ ਜੀ ਦੇ ਪਿਤਾ ਗੁਰਬਚਨ ਸਿੰਘ ਅਤੇ ਮਾਤਾ ਪ੍ਰੀਤਮ ਕੋਰ ਜੀ ਹਨ।ਆਪ ਜੀ ਨੇ ਦਿਲਰੁਬਾ ਸਾਜ਼ ਦੀ ਸਿੱਖਿਆ ਸਤਿਗੁਰੂ ਜਗਜੀਤ ਸਿੰਘ ਜੀ ਕੋਲੋ ਲੈਣੀ ਆਰੰਭ ਕੀਤੀ।ਜਿਸ ਪਿੱਛੋ ਸਤਿਗੁਰੂ ਜੀ ਦੇ ਹੁਕਮਾ ਦਾ ਪਾਲਣ ਕਰਦੇ ਹੋਏ ਠੁਮਰੀ ਗਾਇਨ ਦੀ ਸਿੱਖਿਆ ਲਈ ਉਸਤਾਦ ਮਹਿੰਦਰ ਜੀ ਦੇ ਕੋਲ ਗਏ।

ਆਪ ਨੇ ਦਿਲਰੁਬਾ ਪਿਛੇ ਤਾਰ-ਸਹਿਨਾਈ ਸਾਜ ਨੂੰ ਵਜਾਉਣਾ ਆਰੰਭ ਕੀਤਾ।ਜੋ ਅੱਜ ਆਪ ਜੀ ਦੀ ਪਹਿਚਾਨ ਮੰਨੀ ਜਾਂਦੀ ਹੈ।ਆਪ ਜੀ ਨੇ ਇੰਨ੍ਹਾਂ ਤੋ ਇਲਾਵਾ ਉਸਤਾਦ ਪਿਆਰਾ ਸਿੰਘ ਜੀ ਤਾਰ ਸਹਿਨਾਈ, ਪੰਡਿਤ ਗੋਪਾਲ ਮਿਸਰਾ (ਦਿੱਲੀ), ਪੰਡਿਤ ਰਾਜਨ-ਸਾਜਨ ਮਿਸਰਾ, ਉਸਤਾਦ ਬਿਸਮ੍ਰਿਲਾ ਖਾਂ ਵਰਗੇ ਉਸਤਾਦਾਂ ਨੂੰ ਆਪਣਾ ਗੁਰੂ ਧਾਰਨ ਕੀਤਾ।

**ਕਲਾਕਾਰ ਦੇ ਰੂਪ ਵਿੱਚ:** ਆਪ ਜੀ ਨੂੰ ਗਾਇਨ ਦੇ ਨਾਲ-ਨਾਲ ਇੱਕ ਪ੍ਰਸਿੱਧ ਵਾਦਕ ਹੋਣ ਦੀ ਵੀ ਮੁਹਾਰਤ ਹਾਸਿਲ ਹੈ।ਆਪ ਜੀ ਨੇ ਵਧੇਰੇ ਪ੍ਰਸਤੁਤੀ ਗੁਰਮਤਿ ਸੰਗੀਤ ਦੀ ਹੀ ਦਿੱਤੀ ਹੈ।ਪ੍ਰੰਤ ਆਪ ਜੀ ਸ਼ਾਸਤਰੀ ਸੰਗੀਤ ਵਿਧਾਵਾ ਦਾ ਵੀ ਹਿੱਸਾ ਬਣੇ।

**ਕਲਾਤਮਕ ਪ੍ਰਾਪਤੀਆ:** ਆਪ ਜੀ ਨੂੰ ਦੇਸਾ-ਵਿਦੇਸਾਂ ਵਿੱਚ ਅਨੇਕਾ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਗਿਆ ਹੈ।ਜੋ ਹੇਠਾ ਲਿਖੇ ਹਨ।

1. ਦਿੱਲੀ ਦੀ ਮੁੱਖ ਮੰਤਰੀ ਸ੍ਰੀ ਮਤੀ ਸ਼ੀਲਾ ਦਿਕਸ਼ਤ ਦੁਆਰਾ।
2. 1998 ਵਿੱਚ ਭਾਈ ਮਰਦਾਨਾ ਅਵਾਰਡ।
3. 2004 ਈ: ਵਿੱਚ ਭਾਸ਼ਾ ਵਿਭਾਗ ਪੰਜਾਬ, ਪਟਿਆਲਾ ਦਾ ਸ਼੍ਰੋਮਣੀ ਰਾਗੀ ਅਵਾਰਡ।
4. 2005 ਈ: ਵਿੱਚ ਸ਼੍ਰੋਮਣੀ ਰਾਗੀ ਅਵਾਰਡ, ਪੰਜਾਬੀ ਅਕੈਡਮੀ, (ਦਿੱਲੀ)

**ਐਲਬਮਜ਼:** ਆਪ ਜੀ ਦੀਆ ਅਨੇਕਾਂ ਐਲਬਮਜ਼ ਮਾਰਕੀਟ ਵਿੱਚ ਮੌਜੂਦ ਹਨ।ਜਿੰਨਾਂ ਨੂੰ ਇੰਟਰਨੈਂਟ ਦੀ ਸਹਾਇਤਾ ਨਾਲ ਵੇਖਿਆ ਜਾ ਸਕਦਾ ਹੈ।ਆਪ ਜੀ ਦੀਆਂ ਕੁਝ ਐਲਬਮਜ਼ ਦਾ ਵੇਰਵਾ ਹੇਠ ਦਿੱਤਾ ਗਿਆ ਹੈ।

- ਪ੍ਰਗਟਿਉ ਖਾਲਸਾ
- ਤੇਰਾ ਦਿਤਾ ਖਾਵਣਾ
- ਜਲੇ ਹਰੀ ਥਲੇ ਹਰੀ
- ਆਜ ਮੋਰੇ ਆਏ ਹੈ

**ਸੰਗੀਤਕ ਪ੍ਰੋਗਰਾਮ:** 7 ਜੁਲਾਈ, 2016 ਵੀਰਵਾਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਮਾਨਸਾਰੋਵਰ ਗਾਰਡਨ, ਨਵੀ ਦਿੱਲੀ।

1. 5 ਜੁਲਾਈ, 2016 ਮੰਗਲਵਾਰ, ਗੁਰਦੁਆਰਾ ਸ੍ਰੀ ਟਾਹਲੀ ਸਾਹਿਬ, ਟਾਂਡਾ ਜਿਲਾਂ ਹੁਸਿਆਰਪੁਰ, ਪੰਜਾਬ ।

2. 27 ਜੂਨ 2016, ਜਵੱਦੀ ਟਕਸਾਲ, ਲੁਧਿਆਣਾ ।
3. 27, 28, 29 ਜੂਨ 2016, ਗੁਰਦੁਆਰਾ ਮਾਨਸਰੋਵਰ, ਬਰਸੀ ਬਾਬਾ ਜੋਗਿੰਦਰ ਸਿੰਘ, ਪੂਨਾ
4. 26 ਜੂਨ 2016 ਐਤਵਾਰ, ਨਵੀ ਦਿੱਲੀ, ਪੰਚਸੀਲ ਇਨਕੈਂਟ ।
5. 21 ਜੂਨ 2016, ਗੁਰਦੁਆਰਾ ਸਿੰਘ ਸਭਾ ਰਜੌਰੀ ਗਾਰਡਨ, ਨਵੀ ਦਿੱਲੀ।
6. 13 ਜੂਨ 2016, ਅਰਾਧਨਾ ਅਪਾਰਟਮੈਂਟ, ਨਵੀ ਦਿੱਲੀ।
7. 9 ਜੂਨ 2016, ਗੁਰਦੁਆਰਾ ਪਾਊਂਟਾ ਸਾਹਿਬ ।
8. 17 ਮਈ 2016, ਕਰੋਲ ਬਾਗ, ਨਵੀ ਦਿੱਲੀ ।
9. 21 ਮਈ 2016, ਸ਼ਨੀਵਾਰ, ਗੁਰਦੁਆਰਾ ਪਾਊਂਟਾ ਸਾਹਿਬ, ਹਿਮਾਚਲ ਪ੍ਰਦੇਸ।
10. 30 ਅਪ੍ਰੈਲ 2016, ਗੁਰਬਾਣੀ ਰਾਗ ਪ੍ਰੋਗਰਾਮ, ਗੁਰਦੁਆਰਾ ਸ੍ਰੀ ਸਿੰਘ ਸਭਾ, ਕੋਟ ਇਨਕਲੇਵ, ਪ੍ਰੀਤਮਪੁਰਾ, ਨਵੀ ਦਿੱਲੀ।

ਆਪ ਜੀ ਦੇ ਅਨੇਕਾਂ ਪ੍ਰੋਗਰਾਮਾਂ ਦਾ ਵੇਰਵਾ ਇਟਰਨੈਂਟ ਉਪਰ ਉਪਲੱਬਧ ਹੈ।ਆਪ ਜੀ ਨੂੰ ਨਾਮਧਾਰੀ ਸੰਗੀਤ ਸੰਮੇਲਨਾਂ ਤੋਂ ਇਲਾਵਾ ਹਰੀਵੱਲਬ ਸੰਗੀਤ ਸੰਮੇਲਨਾਂ ਵਿੱਚ ਵੀ ਸੰਗੀਤ ਪ੍ਰਸਤੂਤੀ ਦੇਣ ਤੇਂ ਸਨਮਾਨਿਤ ਕੀਤਾ ਗਿਆ ਹੈ।ਜੋ ਅੰਤਰਰਾਸ਼ਟਰੀ ਪੱਧਰ ਤੇਂ ਅੱਜ ਵੀ ਹੋ ਰਹੇ ਹਨ।[7]

## ਉਸਤਾਦ ਬਲਵੰਤ ਸਿੰਘ (ਗਾਇਕ ਅਤੇ ਵਾਦਕ)

ਨਾਮਧਾਰੀ ਸਿੱਖ ਸੰਪ੍ਰਦਾਇ ਦੇ ਪ੍ਰਸਿੱਧ ਕਲਾਕਾਰ ਉਸਤਾਦ ਬਲਵੰਤ ਸਿੰਘ ਜੀ ਦਾ ਜਨਮ 25 ਅਕਤੂਬਰ,1980 ਈ: ਵਿੱਚ ਮਾਤਾ ਸੁਰਿੰਦਰ ਕੌਰ ਜੀ ਦੇ ਕੁਖੋਂ ਹੋਇਆ।ਆਪ ਜੀ ਦਾ ਪਾਲਣ-ਪੋਸ਼ਣ ਸ੍ਰੀ ਭੈਣੀ ਸਾਹਿਬ ਵਿਖੇ ਹੀ ਹੋਇਆ।ਆਪ ਜੀ ਦੇ ਪਿਤਾ ਜੋਗਿੰਦਰ ਸਿੰਘ ਜੀ ਵੀ ਸੰਗੀਤ ਪ੍ਰੇਮੀ ਸਨ।ਪ੍ਰੰਤੂ ਸ਼ਾਸਤਰੀ ਸੰਗੀਤ ਬਾਰੇ ਵਧੇਰੇ ਜਾਣਕਾਰੀ ਨਹੀ ਸਨ ਰੱਖਦੇ।

**ਸੰਗੀਤ ਸਿੱਖਿਆ**: ਆਪ ਜੀ ਨੇ ਆਪਣਾ ਸੰਗੀਤਕ ਸਫਰ 1985 ਈ: ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਨਾਲ ਆਰੰਭ ਕੀਤਾ।ਆਪ ਜੀ ਨੇ ਸਤਿਗੁਰੂ ਜੀ ਦੇ ਕਹਿਣ ਤੇ ਬੀਬੀ ਨਰਿੰਦਰ ਕੌਰ ਜੀ ਤੋਂ ਸੰਗੀਤ ਸਿੱਖਣਾ ਸ਼ੁਰੂ ਕੀਤਾ।ਜਿਸ ਦੇ ਨਾਲ-ਨਾਲ ਆਪ ਆਪਣੇ ਮਾਮਾ ਜੀ ਉਸਤਾਦ ਮੋਹਨ ਸਿੰਘ ਜੀ ਤੋਂ ਵੀ ਸੰਗੀਤ ਸਿਖਦੇ ਰਹੇ।ਇਹਨਾਂ ਤੋਂ ਇਲਾਵਾ ਆਪ ਜੀ ਨੇ ਉਸਤਾਦ ਹਰਭਜਨ

ਸਿੰਘ ਜੀ ਤੋਂ ਗੁਰਬਾਣੀ ਕੀਰਤਨ, ਧਰੁਪਦ-ਧਮਾਰ ਅਤੇ ਖਿਆਲ ਗਾਇਕੀ ਦੀਆ ਬੰਦਿੰਸ਼ਾਂ ਦਾ ਵੀ ਗਿਆਨ ਪ੍ਰਾਪਤ ਕੀਤਾ।ਆਪ ਜੀ ਨੇ ਗਾਇਨ ਦੇ ਨਾਲ-ਨਾਲ ਵਾਦਨ ਦੀ ਸਿੱਖਿਆ ਵੀ ਪ੍ਰਾਪਤ ਕੀਤੀ।

ਜਿੰਨਾਂ ਵਿੱਚ ਉਸਤਾਦ ਸੁਰਜੀਤ ਸਿੰਘ ਜੀ ਤੋਂ ਦਿਲਰੁਬਾ, ਉਸਤਾਦ ਸੁਖਵਿੰਦਰ ਸਿੰਘ (ਪਿੰਕੀ) ਜੀ ਤੋਂ ਪਖਾਵਜ, ਉਸਤਾਦ ਹਰਜਿੰਦਰਪਾਲ ਸਿੰਘ ਜੀ ਤੋਂ ਸੰਤੂਰ (ਤੰਤੀ ਸਾਜ਼), ਉਸਤਾਦ ਰਾਜ਼ੇਸ਼ ਮਾਲਵੀਆ ਜੀ ਤੋਂ ਤਬਲਾ, ਡਾਂ ਵਰਿੰਦਰ ਕੁਮਾਰ ਜੀ ਤੋਂ ਸਿਤਾਰ ਆਦਿ ਕਲਾਕਾਰਾਂ ਦੇ ਨਾਮ ਸ਼ਾਮਿਲ ਹਨ। ਆਪ ਜੀ ਨੇ 1992 ਈ: ਵਿੱਚ ਅਨੇਕਾਂ ਤਲਵੰਡੀ ਘਰਾਣੇ ਦੀਆਂ ਬੰਦਿਸ਼ਾਂ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਸਿੱਖਿਆ।ਜਿੰਨਾਂ ਨੂੰ ਸਤਿਗੁਰੂ ਜੀ ਨੇ ਸਵਾ,ਸਾਢੇਂ ਅਤੇ ਪੌਣੇ ਮਾਤਾਰਾਵਾਂ ਵਿੱਚ ਵੰਡਿਆ।ਆਪ ਜੀ ਨੂੰ ਉਸਤਾਦ ਵਿਲਾਇਤ ਖਾਂ ਸਾਹਿਬ ਵਰਗੇ ਵੱਡੇ ਕਲਾਕਾਰਾਂ ਤੋ ਵੀ ਸਿੱਖਣ ਦਾ ਮੌਕਾ ਮਿਲਿਆ।

ਆਪ ਜੀ ਨੂੰ ਗਾਇਨ ਦੇ ਨਾਲ-ਨਾਲ ਅਨੇਕਾਂ ਵਾਦਾਂ ਦੀ ਵੀ ਮੁਹਾਰਤ ਹਾਸਿਲ ਹੈ।ਜਿੰਨਾਂ ਦਾ ਪ੍ਰਦਰਸ਼ਨ ਆਪ ਦੁਆਰਾ ਦੇਸ਼ਾਂ-ਵਿਦੇਸ਼ਾਂ ਵਿੱਚ ਕੀਤਾ ਜਾਂਦਾ ਹੈ।ਜਿਸ ਦੀ ਸਭ ਤੋਂ ਵੱਡੀ ਮਿਸਾਲ 'ਇਨਸਾਇਕਲੋਪੀਡੀਆ' ਵੇਖੀ ਜਾ ਸਕਦੀ ਹੈ।

**ਕਲਾਤਮਕ ਪ੍ਰਾਪਤੀਆਂ:** ਆਪ ਜੀ ਦੀਆ ਸੰਗੀਤ ਦੇ ਖੇਤਰ ਵਿੱਚ ਅਨੇਕਾਂ ਪ੍ਰਾਪਤੀਆ ਵੇਖੀਆਂ ਜਾ ਸਕਦੀਆਂ ਹਨ।ਜਿੰਨਾਂ ਵਿੱਚ ਪੰਜਾਬ ਸਰਕਾਰ ਦੁਆਰਾ 2002 ਈ: ਵਿੱਚ ਸਰਟੀਫਿਕੇਟ ਆਫ ਮੈਰਿਟ ਅਤੇ ਧਨ ਰਾਸ਼ੀ ਨਾਲ ਆਪ ਨੂੰ ਸਨਮਾਨਿਤ ਕੀਤਾ ਗਿਆ।ਆਪ ਜੀ ਨੂੰ ਸੰਤੂਰ ਵਾਦਨ ਦੀ ਪ੍ਰਸਤੂਤੀ ਲਈ ਹਰਿਵੱਲਭ ਸੰਗੀਤ ਸੰਮੇਲਨ ਵਿਖੇ ਵੀ ਸਨਮਾਨਿਤ ਕੀਤਾ ਗਿਆ।

**ਸ਼ਿੰਸ਼ ਪ੍ਰੰਪਰਾ:** ਆਪ ਦੁਆਰਾ ਗੁਰਮਤਿ ਸੰਗੀਤ ਦੇ ਨਾਲ-ਨਾਲ ਸ਼ਾਸਤਰੀ ਸੰਗੀਤ ਦੀ ਸਿੱਖਿਆ ਵੀ ਦਿੱਤੀ ਜਾਂਦੀ ਹੈ।ਜੋ ਸਤਿਗੁਰੂ ਜਗਜੀਤ ਸਿੰਘ ਜੀ ਦੀ ਚਲਾਈ ਪ੍ਰੰਪਰਾ ਅਨੁਸਾਰ ਅੱਜ ਵੀ ਲਾਗੂ ਹੈ।ਆਪ ਦੁਆਰਾ ਕੇਵਲ ਸ਼੍ਰੀ ਭੈਣੀ ਸਾਹਿਬ ਵਿੱਚ ਹੀ ਨਹੀਂ ਬਲਕਿ ਇੰਟਰਨੈਟ ਦੀ ਸਹਾਇਤਾ ਨਾਲ ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਸੰਗੀਤ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।ਵਿਦੇਸ਼ਾਂ ਵਿੱਚ ਸੰਗੀਤ ਸਿੱਖਿਆ ਕੇਂਦਰ ਵੀ ਖੋਲੇ ਗਏ ਹਨ।ਜਿਥੇ ਗਾਇਨ ਅਤੇ ਵਾਦਨ ਦੀ ਸਿੱਖਿਆ ਦਿੱਤੀ ਜਾਂਦੀ ਹੈ।

**ਸੰਗੀਤਕ ਪ੍ਰੋਗਰਾਮਾਂ**: ਆਪ ਜੀ ਨੇ ਨਾਮਧਾਰੀ ਸੰਗੀਤ ਸੰਮੇਲਨਾਂ ਤੋਂ ਇਲਾਵਾ ਹਰੀਵੱਲਬ ਸੰਗੀਤ ਸਮਾਗਮਾਂ ਅਤੇ ਅਨੇਕਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪ੍ਰਗਰਾਮਾਂ ਵਿੱਚ ਪ੍ਰਸਤੁਤੀ ਦਿੱਤੀ।ਜਿੰਨਾਂ ਨਾਲ ਅੱਜ ਵੀ ਜੁੜੇ ਹੋਏ ਹਨ।[8]

## ਹਰਜਿੰਦਰਪਾਲ ਸਿੰਘ

**ਜਨਮ ਅਤੇ ਸਿੱਖਿਆ:** ਆਪ ਜੀ ਦਾ ਜਨਮ 1953 ਈ: ਵਿੱਚ ਮੱਧ ਪ੍ਰਦੇਸ਼ ਦੇ ਜਬੱਲਪੁਰ ਸ਼ਹਿਰ ਵਿੱਚ ਹੋਇਆ।ਆਪ ਜੀ ਨੂੰ ਪੰਡਿਤ ਸ਼ਿਵ ਕੁਮਾਰ ਸ਼ਰਮਾ ਜੀ ਦੇ ਸ਼ਿਸ਼ ਹੋਣ ਦਾ ਮਾਣ ਪ੍ਰਾਪਤ ਹੈ।ਆਪ ਜੀ ਨੇ ਆਪਣੀ **ਬੀ.ਏ** ਦੀ ਡਿਗਰੀ ਵਿਗਿਆਨ ਵਿਸ਼ੇ ਵਿੱਚ ਹਾਸਿਲ ਕੀਤੀ।ਆਪ ਜੀ ਨੇ ਸੰਗੀਤ ਦਾ ਸਫਰ 14 ਸਾਲ ਦੀ ਉਮਰ ਵਿੱਚ ਆਰੰਭ ਕੀਤਾ।ਆਪ ਜੀ ਨੇ ਤਬਲੇ ਦੀ ਸਿੱਖਿਆ ਭਾਈ ਲਾਭ ਸਿੰਘ ਜੀ ਤੋਂ ਅਤੇ ਪਖਾਵਜ਼ ਦੀ ਸਿੱਖਿਆ ਉਸਤਾਦ ਨਿਹਾਲ ਸਿੰਘ ਜੀ ਤੋਂ ਪ੍ਰਾਪਤੀ ਕੀਤੀ।ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਜੀ ਦੀ ਰੁਚੀ ਨੂੰ ਵੇਖਦੇ ਹੋਏ ਸੰਤੂਰ ਵਾਦਕ ਪੰਡਿਤ ਸ਼ਿਵ ਕੁਮਾਰ ਸ਼ਰਮਾ ਜੀ ਕੋਲੋਂ ਸੰਤੂਰ ਦੀ ਸਿੱਖਿਆਂ ਲੈਣ ਲਈ ਭੇਜਿਆ।

**ਕਲਾਤਮਕ ਪ੍ਰਾਪਤੀਆਂ:** ਆਪ ਜੀ ਨੂੰ ਮੱਧ ਪ੍ਰਦੇਸ਼ ਦੀ ਸਰਕਾਰ ਨੇ ਤਿੰਨ ਸਾਲ ਦੇ ਲਈ ਉਸਤਾਦ ਅਲਾਉਦੀਨ ਖਾਂ ਸਕਾਲਰਸ਼ਿਪ ਪ੍ਰਦਾਨ ਕੀਤੀ।

- 1986 ਈ: ਵਿੱਚ ਦੇਸ਼ ਦੇ ਅਲੱਗ ਅਲੱਗ ਦੇਸ਼ਾਂ (ਮੁੰਬਈ, ਬੰਗਲੌਰ, ਪੂਨਾ, ਦਿੱਲੀ, ਬਨਾਰਸ, ਭੂਪਾਲ, ਗਵਾਲੀਅਰ, ਚੰਡੀਗੜ, ਜੰਮੂ, ਲੰਡਨ, ਨਰੋਬੀ ਆਦਿ ਵਿੱਚ ਆਪਣੀ ਪ੍ਰਸਤੁਤੀ ਦਿੱਤੀ।
- ਆਪ ਨੇ ਵਿਸ਼ਨੂੰ ਦਿਗੰਬਰ ਪੁਲਸਕਰ ਜੈਅੰਤੀ ਸਮਾਰੋਹ ਦਿੱਲੀ ਵਿਖੇ ਵੀ ਪ੍ਰੋਗਰਾਮ ਪ੍ਰਸਤੁਤ ਕੀਤਾ।[9]

## ਸੁਰਜੀਤ ਸਿੰਘ (ਸਾਰੰਗੀ)

**ਜਨਮ ਅਤੇ ਸਿੱਖਿਆ:** ਆਪ ਜੀ ਦਾ ਜਨਮ ਦਿੱਲੀ ਵਿਖੇ ਇੱਕ ਨਾਮਧਾਰੀ ਪਰਿਵਾਰ ਵਿੱਚ ਹੋਇਆ।ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਆਪ ਜੀ ਨੂੰ ਸਾਰੰਗੀ ਵਾਦਕ ਹੋਣ ਦਾ ਮਾਣ ਪ੍ਰਾਪਤ ਹੈ।ਆਪ ਜੀ ਨੇ ਸੰਗੀਤ ਦਾ ਸਫਰ 11 ਸਾਲ ਦੀ ਉਮਰ ਵਿੱਚ ਆਰੰਭ ਕੀਤਾ।ਆਪ ਜੀ ਨੇ 14 ਸਾਲ ਦੀ ਉਮਰ ਵਿੱਚ ਉਸਤਾਦ ਹਰਭਜਨ ਸਿੰਘ ਜੀ ਤੋਂ ਸ਼ਬਦ ਦੀਆਂ ਰਚਨਾਵਾਂ ਅਤੇ ਦਿਲਰੁਬਾ ਸਿੱਖਣਾ ਆਰੰਭ ਕੀਤਾ।ਆਪ ਜੀ ਦੀ ਸੰਗੀਤ ਪ੍ਰਤੀ ਲਗਨ ਨੂੰ ਦੇਖਦੇ ਹੋਏ ਸਤਿਗੁਰੂ ਜਗਜੀਤ ਸਿੰਘ ਜੀ ਨੇ ਆਪ ਨੂੰ 15 ਸਾਲ ਦੀ ਉਮਰ ਵਿੱਚ ਸਾਰੰਗੀ ਸਾਜ਼ ਸਿੱਖਣ ਲਈ ਪਡਿੰਤ ਰਾਮ ਨਰਾਇਣ ਜੀ ਕੋਲ ਮੁਬੰਈ ਭੇਜਿਆ ਗਿਆ।

**ਕਲਾਕਾਰ ਦੇ ਰੂਪ ਵਿੱਚ:** ਆਪ ਨੇ ਕਲਾ ਦੇ ਪ੍ਰਦਰਸ਼ਨ ਲਈ ਅਨੇਕਾਂ ਸ਼ਹਿਰਾਂ ਦਾ ਦੌਰਾ ਕੀਤਾ।ਜਿਵੇਂ ਕਿ-ਦਿੱਲੀ, ਬੰਗਲੌਰ, ਭੂਪਾਲ, ਜਲੰਧਰ, ਗਵਾਲਿਅਰ, ਔਰੰਗਾਬਾਦ, ਜੰਮੂ ਅਨੇਕਾਂ ਸ਼ਹਿਰਾ ਵਿੱਚ ਗਏ।ਜਿਥੇ ਅਨੇਕਾਂ ਸੰਗੀਤ ਸੰਮੇਲਨਾਂ ਦੀ

ਪ੍ਰਸਤੁਤੀ ਦਿੰਦੇ ਹਨ।ਆਪ ਜੀ ਨੂੰ ਵੱਡੇ-ਵੱਡੇ ਕਲਾਕਾਰਾਂ ਨਾਲ ਸੰਗਤ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ।ਜਿਨਾਂ ਵਿੱਚ ਉਸਤਾਦ ਸਲਾਮਤ ਅਲੀ ਖਾਂ, ਪ੍ਰੋ. ਜਸ਼ਪਾਲ ਅਤੇ ਪੰਡਿਤ ਰਾਜਨ ਸਾਜਨ ਮਿਸ਼ਰਾ ਜੀ ਵਰਗੇ ਕਲਾਕਾਰਾਂ ਦੇ ਨਾਮ ਸ਼ਾਮਿਲ ਹਨ।ਆਪ ਜੀ ਨੇ ਲੰਡਨ ਵਿਖੇ ਸੀ.ਡੀ ਅਤੇ ਐਂਲ ਪੀ ਰਿਕਾਡਸ ਵੀ ਲਾਂਚ ਕੀਤੇ।ਜਿਸ ਵਿੱਚ ਆਪ ਜੀ ਦੁਆਰਾ ਸਾਰੰਗੀ ਦਾ ਯੋਗਦਾਨ ਦਿੱਤਾ ਗਿਆ ਹੈ

**ਗੁਰੂ ਦੇ ਰੂਪ ਵਿੱਚ:** ਆਪ ਜੀ ਨੇ ਸ੍ਰੀ ਭੈਣੀ ਸਾਹਿਬ ਵਿਖੇ ਸਥਿਤ ‘ਸੰਗੀਤ ਕਲਾ ਕੇਂਦਰ’ ਵਿੱਚ ਵੀ ਗੁਰੁ ਸ਼ਿਸ਼ ਪ੍ਰੰਪਰਾ ਅਧੀਨ ਦਿਲਰੁਬਾ, ਤਾਊਸ ਅਤੇ ਇਸਰਾਜ ਵਰਗੇ ਸਾਜ਼ਾਂ ਦੀ ਸਿੱਖਿਆ ਵੀ ਦਿੱਤੀ।ਆਪ ਜੀ ਦੇ ਕਲਾਕਾਰਾਂ ਵਿੱਚ ਰਣਬੀਰ ਸਿੰਘ, ਅਮਨਦੀਪ ਸਿੰਘ ਵਰਗੇ ਕਲਾਕਾਰ ਵੀ ਸ਼ਾਮਿਲ ਹਨ।ਜਿਨਾਂ ਨੂੰ ਆਪ ਜੀ ਦੇ ਸਾਥ ਜੁਗਲਬੰਦੀ ਦਾ ਸੁਭਾਗ ਵੀ ਪ੍ਰਾਪਤ ਹੋਇਆ।

**ਕਲਾਤਮਕ ਪ੍ਰਾਪਤੀਆਂ:** ਆਪ ਜੀ ਨੂੰ ਆਪਣੇ ਸਾਜ਼ ਦੀ ਸਿੱਖਿਆਂ ਲਈ ‘ਸੰਗੀਤ ਨਾਟਕ ਅਕੈਡਮੀ’ ਵਲੋਂ ਸਕਾਲਰਸ਼ਿਪ ਵੀ ਪ੍ਰਾਪਤ ਹੋਈ।ਆਪ ਜੀ ਨੂੰ ਏਸ਼ੀਅਨ ਮਿਊਜਕ ਯੂ.ਕੇ ਦੀ ਰਾਜ ਅਕੈਡਮੀ ਵਿਖੇ  ਨੌਕਰੀ ਦਾ ਵੀ ਸੁਭਾਗ ਪ੍ਰਾਪਤ ਹੋਇਆ।[10]

## ਸ਼ਮਿੰਦਰਪਾਲ ਸਿੰਘ (ਸਾਰੰਗੀ ਵਾਦਕ)

**ਜਨਮ ਅਤੇ ਸਿੱਖਿਆ**:ਆਪ ਜੀ ਦਾ ਜਨਮ 25 ਜੂਨ,1961 ਈ: ਵਿੱਚ ਮੁਕਤਸਰ ਵਿਖੇ ਹੋਇਆ।ਆਪ ਜੀ ਦੇ ਪਿਤਾ ਸਰਦਾਰ ਹਰਚੰਦ ਸਿੰਘ ਜੀ ਦਾ ਵੀ ਸੰਗੀਤ ਨਾਲ ਬਹੁਤ ਲਗਾਵ ਸੀ।ਆਪ ਜੀ ਨੂੰ ਸੰਗੀਤ ਦੀ ਸਿੱਖਿਆਂ ਘਰ ਤੋਂ ਹੀ ਪ੍ਰਾਪਤ ਹੋਈ।ਆਪ ਜੀ ਨੂੰ ਸੰਗੀਤਕ ਮਾਹੌਲ ਮਿਲਿਆ ਹੋਣ ਕਾਰਨ ਅਨੇਕਾਂ ਖਾਨਦਾਨੀ ਅਤੇ ਪ੍ਰੰਪਰਾਗਤ ਬੰਦਿਸ਼ਾਂ ਨੂੰ ਸਿੱਖਣ ਦਾ ਅਵਸਰ ਪ੍ਰਾਪਤ ਹੋਇਆ।ਆਪ ਜੀ ਨੇ ਮੁਕਤਸਰ ਕਾਲਜ, ਜਲੰਧਰ ਦੇ ਏ ਪੀ.ਜੇ ਕਾਲਜ਼ ਅਤੇ ਗੁਰੁ ਨਾਨਕ ਦੇਵ ਯੂਨੀਵਰਸਿਟੀ ਵਿਖੇ ਸੰਗੀਤ ਦੀ **ਐਂਮ.ਏ** ਦੀ ਡਿਗਰੀ ਪ੍ਰਾਪਤ ਕੀਤੀ।ਆਪ ਨੇ ਸਾਰੰਗੀ ਦੀ ਸਿੱਖਿਆ ਮੁਰਾਦਾਬਾਦ ਦੇ ਉਸਤਾਦ ਲਤੀਫ ਅਹਮਦ ਖਾਂ, ਸੇਨੀਆਂ ਘਰਾਣੇ ਦੇ ਉਸਤਾਦ ਸਾਬਰੀ ਖਾਂ ਤੋਂ ਪ੍ਰਾਪਤ ਕੀਤੀ।ਜਿਥੇ ਰਹਿ ਕੇ ਆਪ ਨੇ ਕਠਿਨ ਸਾਧਨਾ ਕੀਤੀ।

**ਪ੍ਰਸਤੂਤੀਆਂ:** ਆਪ ਦੁਆਰਾ ਅਨੇਕਾਂ ਸ਼ਹਿਰਾਂ ਵਿੱਚ ਸਾਰੰਗੀ ਦੀ ਪ੍ਰਸਤੁਤੀ ਦਿੱਤੀ ਗਈ।ਆਪ ਨੇ ਸਾਹਿਤ ਕਲਾ ਪਰਿਸ਼ਦ, ਦਿੱਲੀ ਵਿਖੇ, ਬਾਬਾ ਹਰਿਵੱਲਬ ਸੰਮੇਲਨ ਦੇ ਮਲਹਾਰ ਉਤਸਵ ਵਿੱਚ, ਉਸਤਾਦ ਇਫਾਕ ਹੁਸੈਨ ਯਾਦਗਾਰੀ ਸੰਗੀਤ ਸੰਮੇਲਨ (ਬਾਰਾਦਰੀ ਲਖਨਊ) ਵਿੱਚ, ਭਾਈ ਸੰਗੀਤ ਸੰਮੇਲਨ (ਪਟਿਆਲਾ) ਅਤੇ ਪ੍ਰਕਾਸ਼ ਸਿੰਘ ਬਾਦਲ ਦੀ ਉਪਸਥਿਤੀ ਵਿੱਚ ਸਾਰੰਗੀ ਦੀ ਪ੍ਰਸਤੁਤੀ ਦਿੱਤੀ।

**ਕਲਾਕਾਰਾਂ ਨਾਲ ਵਾਦਨ:** ਆਪ ਜੀ ਨੂੰ ਅਨੇਕਾਂ ਕਲਾਕਾਰਾਂ ਨਾਲ ਵਾਦਨ ਕਰਨ ਦਾ ਮੌਕਾ ਮਿਲਿਆ।ਆਪ ਜੀ ਨੇ ਵੱਡੇ-ਵੱਡੇ ਕਲਾਕਾਰਾਂ ਜਿਵੇਂ ਕਿ-ਪਦਮ ਵਿਭੂਸ਼ਣ, ਪੰਡਿਤ ਬਿਰਜੂ ਮਹਾਰਾਜ, ਸ਼੍ਰੀਮਤੀ ਉਰਮਿਲਾ ਨਗਰ, ਸ਼੍ਰੀਮਤੀ ਸ਼ੋਭਨਾ ਨਾਰਾਇਣ (ਨ੍ਰਿਤਕਾਰ), ਸ਼੍ਰੀਮਤੀ ਸ਼ਾਤੀ, ਹੀਰਾ ਚੰਦ, ਸ਼੍ਰੀ ਯਸ਼ਪਾਲ(ਆਗਰਾ ਘਰਾਨਾ), ਪ੍ਰੋ.ਬੀ.ਐਸ ਨਾਰੰਗ, ਸਿੰਘ ਬੰਧੂ,ਉਸਤਾਦ ਅਲਤਾਫ ਹੁਸੈਨ ਖਾਂ ਅਫਗਾਨਿਸਤਾਨ (ਗਾਇਕ), ਤਬਲਾ ਨਵਾਜ ਉਸਤਾਦ ਲਕਸ਼ਮਣ ਸਿੰਘ ਸੀਨ, ਉਸਤਾਦ ਅਬਦੁਲ ਸਿਤਾਰ ਖਾਂ ਤਾਰੀ, ਪੰਡਿਤ ਕਾਲੇ ਰਾਮ, ਮਿਸ ਅਨੁਰਾਧਾ ਪਾਲ ਜੀ, ਅਤੇ ਗਜ਼ਲ ਗਾਇਕ ਅਹਿਮਦ ਹੁਸੈਨ,ਮੁਹੰਮਦ ਹੁਸੈਨ, ਸ਼੍ਰੀ ਮਤੀ ਦਿਲਰਾਜ ਕੌਰ, ਸ਼੍ਰੀਮਤੀ ਸੁਰਿੰਦਰ ਕੌਰ, ਡਾਲੀ ਗੁਲੇਰੀਆ, ਪਦਮਸ਼੍ਰੀ ਹੰਸ ਰਾਜ ਹੰਸ, ਵਡਾਲੀ ਭਰਾ, ਸ਼੍ਰੀ ਬਰਕਤ ਸਿੱਧੂ, ਅਤੇ ਨਰਿੰਦਰ ਬੀਬਾ ਜੀ ਨਾਲ ਸੰਗਤ ਕੀਤੀ।ਜਿੰਨਾਂ ਵਿੱਚੋ ਕੁਝ ਗਜ਼ਲ-ਗਾਇਕ, ਉਪਸ਼ਾਸਤਰੀ ਅਤੇ ਲੋਕ-ਗਾਇਕ ਅੰਤਰ-ਰਾਸ਼ਟਰੀ ਹਨ।

ਆਪ ਜੀ ਨੂੰ ਭਾਰਤ ਦੇ ਬਾਲੀਵੁੱਡ ਗਾਇਕਾ ਅਤੇ ਨਿਰਦੇਸ਼ਕਾਂ ਨਾਲ ਵੀ ਵਾਦਨ ਕਰਨ ਦਾ ਮੌਕਾ ਮਿਲਿਆ।ਜਿਨਾਂ ਵਿੱਚ ਵੱਡੇ-ਵੱਡੇ ਕਲਾਕਾਰਾਂ ਜਿਵੇਂ ਕਿ ਸੁਨੀਧੀ ਚੌਹਾਨ, ਅਲਕਾ ਜੀ, ਪ੍ਰੀਤੀ ਉਤਮ, ਉਤਮ ਸਿੰਘ, ਪ੍ਰੀਤਮ, ਸ਼ਾਜਿਆ, ਹਿਮੇਸ਼ ਅਤੇ ਇਸ਼ਮਿਤ ਆਦਿ ਦੇ ਨਾਮ ਸ਼ਾਮਿਲ ਹਨ।

**ਕੀਰਤਨਕਾਰ:** ਆਪ ਜੀ ਨੂੰ ਕੀਰਤਕਾਰ ਦੇ ਰੂਪ ਵਿੱਚ ਅਨੇਕਾਂ ਧਾਰਮਿਕ ਸੰਸਥਾਵਾਂ ਜਿਵੇਂ ਕਿ ਸ਼੍ਰੀ ਪਟਨਾ ਸਾਹਿਬ, ਸ਼੍ਰੀ ਦਮਦਮਾ ਸਾਹਿਬ, ਸ਼੍ਰੀ ਹਜ਼ੂਰ ਸਾਹਿਬ, ਸ਼੍ਰੀ ਕੇਸਗੜ੍ਹ ਸਾਹਿਬ,ਸ਼੍ਰੀ ਅਕਾਲ ਤਖਤ ਹਰਿਮੰਦਰ ਸਾਹਿਬ ਅਤੇ ਜਵੱਦੀ ਟਕਸਾਲ (ਲੁਧਿਆਣਾ) ਵਿਖੇ ਕੀਰਤਨ ਕਰਨ ਦਾ ਮੌਕਾ ਮਿਲਿਆ।ਆਪ ਨੂੰ ਗਾਇਨ ਅਤੇ ਵਾਦਨ ਦੋਨਾਂ ਦਾ ਹੀ ਗਿਆਨ ਹੈ।ਆਪ ਜੀ ਦੇ ਪਿਤਾ ਸ਼੍ਰੀ ਹਰਚੰਦ ਸਿੰਘ, ਨਾਨਾ ਸਰਦਾਰ ਗੁਰਦਿਆਲ ਸਿੰਘ ਅਤੇ ਮਾਮਾ ਅਜਾਇਬ ਸਿੰਘ ਵਧੀਆ ਕੀਰਤਨਕਾਰ ਸਨ।ਜਿੰਨਾਂ ਤੋਂ ਆਪ ਜੀ ਨੇ ਕੀਰਤਨ ਦੀ ਸਿੱਖਿਆ ਲਈ।ਆਪ ਜੀ ਨੂੰ ਵੱਡੇ-ਵੱਡੇ ਕੀਰਤਨਕਾਰਾਂ ਨਾਲ ਕੀਰਤਨ ਕਰਨ ਦਾ ਮੌਕਾ ਮਿਲਿਆ।ਜਿੰਨਾਂ ਵਿੱਚ ਭਾਈ ਨਿਰਮਲ ਸਿੰਘ ਜੀ, ਭਾਈ ਦਿਲਬਾਗ ਸਿੰਘ ਜੀ, ਭਾਈ ਬਲਦੀਪ ਸਿੰਘ ਜੀ (ਦਿੱਲੀ), ਸ਼੍ਰੋਮਣੀ ਰਾਗੀ ਬਲਬੀਰ ਸਿੰਘ ਜੀ, ਡਾਂ ਗੁਰਨਾਮ ਸਿੰਘ ਜੀ, ਭਾਈ ਅਮਰੀਕ ਸਿੰਘ ਜੀ ਜਖਮੀ, ਅਤੇ ਭਾਈ ਗੁਲਬਾਗ ਸਿੰਘ ਜੀ ਦੇ ਨਾਮ ਸ਼ਾਮਿਲ ਹਨ।ਆਪ ਜੀ ਦੀ ਤਰਾਂ ਹੀ ਸਾਰੰਗੀ ਦੀ ਪ੍ਰੰਪਰਾ ਨੂੰ ਆਪ ਜੀ ਦੇ ਸ਼ਿਸ ਅਤੇ ਆਪ ਜੀ ਦਾ ਸਪੁੱਤਰ ਅੱਗੇ ਵਧਾ ਰਿਹਾ ਹੈ।[11]

## ਰਾਜ਼ੇਸ਼ ਮਾਲਵੀਆ (ਤਬਲਾ ਵਾਦਕ)

ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਆਪਣੀ ਵਿਲੱਖਣ ਪਹਿਚਾਣ ਬਣਾਉਣ ਵਾਲੇ ਸ਼੍ਰੀ ਰਾਜ਼ੇਸ਼ ਮਾਲਵੀਆ ਜੀ ਨੂੰ ਅੱਜ ਇੱਕ ਪ੍ਰਸਿੱਧ ਤਬਲਾ ਵਾਦਕ ਦੇ ਰੂਪ ਵਿੱਚ ਜਾਣਿਆ ਜ਼ਾਂਦਾ ਹੈ।

**ਜਨਮ:** ਆਪ ਜੀ ਦਾ ਜਨਮ 4 ਦਸੰਬਰ,1968 ਈ: ਵਿੱਚ ਜਬਲਪੁਰ ਦੇ ਇੱਕ ਮੱਧ ਵਰਗੀ ਪਰਿਵਾਰ ਵਿੱਚ ਹੋਇਆ।ਆਪ ਜੀ ਦਾ ਪਿਛੋਕੜ ਨਾਮਧਾਰੀ ਨਹੀਂ ਸੀ।ਆਪ ਜੀ ਦੇ ਪਿਤਾ ਪੰਡਿਤ ਰਵੀ ਸ਼ੰਕਰ ਮਾਲਵੀਆ ਜੀ ਅਤੇ ਮਾਤਾ ਅੰਜਲੀ ਦੇਵੀ ਜੀ ਨੂੰ ਸੰਗੀਤ ਨਾਲ ਬਹੁਤ ਲਗਾਵ ਸੀ।ਜਿਸ ਤੋਂ ਪਤਾ ਲਗਦਾ ਹੈ ਕਿ ਆਪ ਜੀ ਨੂੰ ਸੰਗੀਤ ਦੀ ਪ੍ਰੇਰਣਾ ਘਰ ਤੋਂ ਹੀ ਪ੍ਰਾਪਤ ਹੋਈ।

ਆਪ ਜੀ ਨੇ ਆਪਣੇ ਪਰਿਵਾਰਿਕ ਸੰਗੀਤਕ ਮਾਹੌਲ ਤੋਂ ਪ੍ਰਭਾਵਿਤ ਹੋ ਕੇ 10 ਸਾਲ ਦੀ ਉਮਰ ਵਿੱਚ ਗੁਰੂ ਮਹੇਸ਼ ਸਿੰਘ ਠਾਕੁਰ ਜੀ ਤੋਂ ਤਬਲਾ ਸਿੱਖਣਾ ਆਰੰਭ ਕੀਤਾ।ਜਿਸ ਪਿਛੋਂ 1992 ਈ: ਵਿੱਚ ਉਸਤਾਦ ਅੱਲਾ ਰੱਖਾ ਖਾਂ ਸਾਹਿਬ ਤੋਂ ਤਬਲਾ ਵਾਦਨ ਦਾ ਗਿਆਨ ਪ੍ਰਾਪਤ ਕੀਤਾ।ਆਪ ਜੀ ਦੀ ਸੰਗੀਤਕ ਲਗਨ ਨੇ ਹੀ ਆਪ ਨੂੰ ਨਾਮਧਾਰੀ ਸਿੱਖ ਸੰਪ੍ਰਦਾਇ ਨਾਲ ਜੋੜਿਆ।ਜੋ ਵਰਤਮਾਨ ਸਮੇਂ ਵਿੱਚ ਸ਼੍ਰੀ ਭੈਣੀ ਸਾਹਿਬ ਵਿਖੇ ਰਹਿ ਕੇ ਬੱਚਿਆਂ ਨੂੰ ਤਬਲੇ ਦੀ ਸਿੱਖਿਆ ਪ੍ਰਦਾਨ ਕਰ ਰਹੇ ਹਨ।ਆਪ ਜੀ ਅਨੁਸਾਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਅਪਾਰ ਬਖਸ਼ਿਸ਼ ਸਦਕਾ ਹੀ ਆਪ ਸੰਗੀਤ ਦੀ ਸੇਵਾ ਨਿਭਾਅ ਰਹੇ ਹਨ।

**ਗੁਰੂ-ਸ਼ਿਸ਼ ਪ੍ਰੰਪਰਾ**: ਆਪ ਜੀ ਨੂੰ 1992 ਈ: ਵਿੱਚ ਸੰਗੀਤ ਦੇ ਅਧਿਆਪਕ ਵਜੋਂ ਨਿਯੁਕਤ ਕੀਤਾ ਗਿਆ।ਆਪ ਜੀ ਦੁਆਰਾ ਸ਼੍ਰੀ ਭੈਣੀ ਸਾਹਿਬ ਸਥਿਤ ਸੰਗੀਤ ਕਲਾ ਕੇਂਦਰ ਵਿੱਚ ਤਬਲੇ ਦੀ ਸਿੱਖਿਆ ਗੁਰੂ-ਸ਼ਿਸ਼ ਪ੍ਰਪੰਰਾ ਦੇ ਅਧੀਨ ਦਿੱਤੀ ਜਾ ਰਹੀ ਹੈ।ਜੋ ਕਿ ਹਰ ਵਰਗ ਲਈ ਮੌਜੂਦ ਹੈ।ਆਪ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਇੱਛਾ ਅਨੁਸਾਰ ਆਮ ਤਾਲਾਂ ਦੇ ਨਾਲ ਨਾਲ ਪੌਣੇ ਗਿਆਰਾਂ, ਪੌਣੇ ਪੰਦਰਾਂ ਆਦਿ ਤਾਲਾਂ ਦੀ ਸਿੱਖਿਆਂ ਵੀ ਦਿੱਤੀ।

**ਪ੍ਰਸਤੁਤੀਆਂ:** ਆਪ ਜੀ ਨੇ ਨਾਮਧਾਰੀ ਸਿੱਖ ਸੰਪ੍ਰਦਾਇ ਦੇ ਸੰਗੀਤ ਸੰਮੇਲਨਾਂ ਵਿੱਚ ਵੀ ਬਹੁਤ ਵਾਰ ਪ੍ਰਸਤੁਤੀ ਪੇਸ਼ ਕੀਤੀ।ਜ਼ਿਨਾਂ ਤੋਂ ਇਲਾਵਾ ਆਪ ਹਰਿਵੱਲਬ ਸੰਗੀਤ ਸੰਮੇਲਨਾਂ ਦਾ ਹਿੱਸਾ ਵੀ ਬਣੇ।ਅੱਜ ਆਪ ਜੀ ਦੀਆਂ ਅਨੇਕਾਂ ਵਿਡਿਉਜ਼ ਯੂ.ਟਿਊਬ ਤੇ ਉਪਲੱਬਧ ਹਨ।[12]

## ਉਸਤਾਦ ਪਿਆਰਾ ਸਿੰਘ (ਤਾਰ-ਸ਼ਹਿਨਾਈ)

**ਜਨਮ:** ਉਸਤਾਦ ਪਿਆਰਾ ਸਿੰਘ ਜੀ ਦਾ ਜਨਮ ਦਸੰਬਰ,1924 ਈ: ਵਿੱਚ ਜ਼ਿਲਾ ਸਿਆਲਕੋਟ ਵਿੱਚ ਹੋਇਆ।ਆਪ ਜੀ ਦੇ ਪਿਤਾ ਕੇਸਰ ਸਿੰਘ ਜੀ ਵੀ ਸੰਗੀਤ ਵਿੱਚ ਰੁਚੀ ਰੱਖਦੇ ਸਨ।ਆਪ ਜੀ ਦੇ ਪਿਤਾ ਵੀ ਸ਼ਾਸਤਰੀ ਸੰਗੀਤ ਦਾ ਗਇਨ ਕਰਦੇ ਸਨ।ਜਿਨਾਂ ਤੋ ਆਪ ਨੇ ਅਨੇਕਾਂ ਬੰਦਿਸ਼ਾਂ ਦੀ ਸਿਖਲਾਈ ਲਈ।ਆਪ ਜੀ ਦੀ ਸਾਜ਼ਾਂ ਨੂੰ ਵਜਾਉਣ ਦੀ ਦਿਲਚਸਪੀ ਨੂੰ ਦੇਖਦੇ ਹੋਏ ਆਪ ਜੀ ਦੇ ਪਿਤਾ ਜੀ ਨੇ ਆਪ ਨੂੰ ਦਿਲਰੁਬਾ ਸਿੱਖਣ ਲਈ ਉਸਤਾਦ ਇਮਾਮਦੀਨ ਸਿਆਲਕੋਟੀ ਜੀ ਕੋਲ ਭੇਜਿਆ।ਜਿਨਾਂ ਕੋਲੋਂ ਸ਼ਾਗਿਰਦੀ ਧਾਰਨ ਕੀਤੀ।

'ਇੱਕ ਵਾਰ ਉਸਤਾਦ ਪਿਆਰਾ ਸਿੰਘ ਜੀ ਦਿੱਲੀ ਵਿੱਚ ਬਿਮਾਰ ਪੈ ਗਏ।ਤਾਂ ਸਤਿਗੁਰੂ ਜਗਜੀਤ ਸਿੰਘ ਜੀ ਨੇ ਦੇਹ ਅਰੋਗਤਾ ਲਈ ਉਹਨਾਂ ਨੂੰ ਬੁਲਾਵਾ ਭੇਜਿਆ ਤਾਂ ਨੈਚਰੋਪੈਥੀ ਰਾਹੀਂ ਫਿਲੌਰ ਜਾਂ ਸ਼੍ਰੀ ਭੈਣੀ ਸਾਹਿਬ ਵਿਖੇ ਇਲਾਜ਼ ਕਰਵਾਇਆ ਜਾਵੇ।'ਜਿਸ ਤੋਂ ਉਹਨਾਂ ਦੇ ਸਤਿਗੁਰੂ ਜੀ ਦੇ ਪ੍ਰਤੀ ਅਥਾਹ ਪ੍ਰੇਮ-ਪਿਆਰ ਦਾ ਪਤਾ ਲਗਦਾ ਹੈ।[13]

**ਸੰਗੀਤਕ ਸਫਰ:** ਆਪ ਜੀ ਨੂੰ ਸਭ ਤੋਂ ਪਹਿਲਾ ਸ਼੍ਰੀ ਹਰਿਮੰਦਰ ਸਾਹਿਬ ਦੀ ਸੇਵਾ ਦਾ ਮੌਕਾ ਮਿਲਿਆ। ਜਿਸ ਪਿਛੋਂ ਆਪ ਜੀ ਨੇ ਭਾਈ ਤਾਬਾ ਜੀ ਪਾਸੋਂ ਪੁਰਾਤਨ ਸ਼ਬਦ ਰਚਨਾਵਾਂ ਪ੍ਰਾਪਤ ਕੀਤੀਆਂ।ਆਪ ਜੀ ਨੂੰ ਸਭ ਤੋਂ ਪਹਿਲਾ 1947 ਈ: ਵਿੱਚ ਆਲ ਇੰਡੀਆਂ ਰੇਡਿਉ (ਲਖਨਉ) ਵਿਖੇ ਨੌਕਰੀ ਕਰਨ ਦਾ ਅਵਸਰ ਪ੍ਰਾਪਤ ਹੋਇਆਂ।ਜਿਥੇ ਕਲਾਕਾਰ ਨਿਯੁਕਤ ਕੀਤੇ ਗਏ।ਜਿਸ ਤੋ ਦੋ ਸਾਲ ਬਾਅਦ ਆਪ ਨੇ ਦਿੱਲੀ ਦੇ ਰੇਡਿਉ ਸਟੇਸ਼ਨ ਤੇ ਵੀ ਸੇਵਾ ਸੰਭਾਲੀ।

**ਵਿਦੇਸ਼ਾਂ ਵਿੱਚ ਪ੍ਰਸਤੁਤੀ:** ਆਪ ਨੇ ਅਨੇਕਾਂ ਸ਼ਹਿਰਾ ਦਾ ਦੌਰਾ ਕੀਤਾ।1959 ਈ: ਵਿੱਚ ਆਪ ਕਾਬੁਲ, 1966 ਈ: ਵਿੱਚ ਸਰਕਾਰੀ ਰਾਸ਼ੀ ਤੇ ਵਿਦੇਸ਼ਾਂ ਵਿੱਚ ਵੀ ਗਏ।ਜਿਸ ਸਮੇਂ ਹੇਮੰਤ ਕੁਮਾਰ, ਆਸਾ ਸਿੰਘ ਮਸਤਾਨਾ ਅਤੇ ਗਾਇਕਾ ਸੁਰਿੰਦਰ ਕੌਰ ਜੀ ਵੀ ਆਪ ਜੀ ਦੇ ਨਾਲ ਸਨ।ਆਪ ਜੀ ਨੇ 1971 ਈ: ਇੰਗਲੈਂਡ ਵਰਗੇ ਸ਼ਹਿਰਾਂ ਵਿੱਚ ਵੀ ਸੰਗੀਤ ਦੀ ਪ੍ਰਸਤੁਤੀ ਦਿੱਤੀ।

**ਸੰਗੀਤਕ ਰਚਨਾਵਾਂ:** ਆਪ ਜੀ ਨੇ 1970 ਈ: ਵਿੱਚ 'ਸ਼ਬਦ ਸੰਗੀਤ' ਨਾਂ ਦੀ ਪੁਸਤਕ ਦੀ ਰਚਨਾ ਕੀਤੀ।ਆਪ ਨੇ 'ਗੁਰਬੰਦਨਾ ਸੰਗੀਤ' ਨਾਮਕ ਪੁਸਤਕ ਵੀ ਲਿਖੀ।ਜਿਸ ਦਾ ਸਾਰਾ ਖਰਚਾ ਆਪ ਨੇ ਹੀ ਕੀਤਾ।ਆਪ ਜੀ ਨੇ ਤਾਰ-ਸ਼ਹਿਨਾਈ ਵਰਗੇ ਸਾਜ ਨੂੰ ਵਿਦੇਸ਼ਾਂ ਵਿੱਚ ਵੀ ਪਹੁੰਚਾਇਆ।ਜਿਨਾਂ ਤੋਂ ਅੱਜ ਦੇ ਵੱਡੇ-ਵੱਡੇ ਕਲਾਕਾਰਾਂ ਨੇ ਸ਼ਾਗਿਰਦੀ ਵੀ ਪ੍ਰਾਪਤ ਕੀਤੀ।ਜਿਨਾਂ ਵਿੱਚ ਉਸਤਾਦ ਬਲਜੀਤ ਸਿੰਘ (ਦਿੱਲੀ)ਜੀ ਦਾ ਨਾਮ ਵੀ ਸ਼ਾਮਿਲ ਹੈ।ਆਪ ਜੀ ਦੀਆਂ ਅਨੇਕਾ ਵਿਡੀਓਜ

ਯੂ.ਟਿਓਬ ਦੀ ਸਹਾਇਤਾ ਨਾਲ ਵੇਖੀਆਂ ਜਾ ਸਕਦੀਆ ਹਨ।ਆਪ ਜੀ 1976 ਈ: ਵਿੱਚ ਸੰਗੀਤ ਦੇ ਸਫਰ ਨੂੰ ਸਦਾ ਲਈ ਅਲਵਿਦਾ ਕਹਿ ਗਏ।[14]

## ਸੁਖਵਿੰਦਰ ਸਿੰਘ (ਪਿੰਕੀ)

**ਜਨਮ ਅਤੇ ਸਿੱਖਿਆ:** ਆਪ ਜੀ ਨੂੰ ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਇੱਕ ਪ੍ਰਸਿੱਧ ਪਖਾਵਜੀ ਅਤੇ ਤਬਲਾ ਵਾਦਕ ਹੋਣ ਦਾ ਮਾਣ ਪ੍ਰਾਪਤ ਹੈ।ਆਪ ਜੀ ਦਾ ਜਨਮ 1966 ਈ:ਵਿੱਚ ਪਿੰਡ ਸ਼੍ਰੀ ਭੈਣੀ ਸਾਹਿਬ ਵਿਖੇ ਹੋਇਆ।ਆਪ ਜੀ ਨੇ ਸੰਗੀਤ ਦਾ ਸਫਰ 4 ਸਾਲ ਦੀ ਉਮਰ ਤੋਂ ਹੀ ਆਰੰਭ ਕੀਤਾ।ਆਪ ਨੇ ਸ਼ੁਰੂਆਤ ਵਿੱਚ ਢੋਲਕ ਅਤੇ ਜੋੜੀ ਸਿੱਖਣੀ ਆਰੰਭ ਕੀਤੀ।ਜੋ ਨਾਮਧਾਰੀ ਸੰਪ੍ਰਦਾਇ ਦੀਆ ਪੁਰਾਤਨ ਰੀਤਾਂ ਦੇ ਅਨੁਕੂਲ ਸੀ।ਆਪ ਜੀ ਨੇ ਪੰਜ ਸਾਲ ਦੀ ਉਮਰ ਵਿੱਚ ਉਸਤਾਦ ਨਿਹਾਲ ਸਿੰਘ ਜੀ ਨੂੰ ਗੁਰੂ ਧਾਰਨ ਕੀਤਾ।ਜਿਨਾਂ ਤੋਂ ਜੋੜੀ ਦੀ ਸਿੱਖਿਆਂ ਲਈ।ਆਪ ਜੀ ਨੇ ਪੰਜਾਬ ਘਰਾਣੇ,ਬਨਾਰਸ ਘਰਾਣੇ ਦੇ ਪੰਡਿਤ ਕ੍ਰਿਸ਼ਨ ਮਹਾਰਾਜ਼ ਜੀ ਤੋਂ ਤਬਲੇ ਦੀ ਸਿੱਖਿਆ ਲਈ।ਆਪ ਨੇ 1978 ਈ: ਵਿੱਚ ਤਬਲੇ ਦੀ ਸਿੱਖਿਆ ਲੈਣ ਲਈ ਆਪਣਾ ਘਰ-ਪਰਿਵਾਰ ਛੱਡ 18 ਸਾਲ ਬਨਾਰਸੀ ਵਿਖੇ ਹੀ ਬੀਤਾਏ।ਜਿਥੇ ਰਹਿ ਕੇ ਆਪ ਨੇ ਪੰਡਿਤ ਕ੍ਰਿਸ਼ਨ ਮਹਾਰਾਜ (ਬਨਾਰਸ ਘਰਾਣਾ)ਜੀ ਤੋਂ ਤਬਲੇ ਦੀ ਸਿੱਖਿਆ ਲਈ।

**ਕਲਾਤਮਕ ਪ੍ਰੋਗਰਾਮ:** ਆਪ ਜੀ ਨੇ ਪਹਿਲੀ ਸੋਲੋ ਪ੍ਰਸਤੁਤੀ 1978 ਈ: ਵਿੱਚ ਮੁੰਬਈ ਦੇ ਮਾਤੇਸ਼ਵਰੀ ਹਾਲ ਵਿੱਚ ਦਿੱਤੀ।ਆਪ ਜੀ ਨੇ ਉਸਤਾਦ ਅਮਜਦ ਅਲੀ ਖਾਂ ਜੀ ਨਾਲ ਹਾਊਸ ਆਫ ਲੰਡਨ, ਕੈਂਡੇ ਸੈਂਟਰ(ਯੂ.ਐੱਸ.ਏ), ਸਾਰਕ ਫੈਸਟੀਵਲ(ਢਾਕਾ), ਬੀ.ਬੀ.ਸੀ ਫਿਲਹਾਰਮੋਨਿਕ ਆਰਕੈਸਟਰਾ(ਲੰਡਨ)ਦੇ ਨਾਲ-ਨਾਲ ਅਨੇਕਾਂ ਹੋਰਨਾ ਥਾਵਾਂ ਤੇ ਪ੍ਰਸਤੁਤੀ ਦਿੱਤੀ।ਜੋ ਅੱਜ ਵੀ ਹੋ ਰਹੀਆ ਹਨ।ਆਪ ਦੇ ਵਾਦਨ ਪ੍ਰਸਤੂਤੀ ਦੀ ਇੱਕ ਵਿਸ਼ੇਸ਼ਤਾ ਪਖਾਵਜ ਅਤੇ ਬਨਾਰਸ ਬਾਜ ਦੇ ਤਬਲੇ ਦਾ ਸੁੰਦਰ ਸੁਮੇਲ ਵੀ ਹੈ।ਜੋ ਸਰੋਤਿਆ ਨੂੰ ਕੀਲ ਲੈਂਦਾ ਹੈ।

**ਵਿਦੇਸ਼ਾਂ ਵਿਚ ਸਫਰ:** ਆਪ ਜੀ ਨੂੰ ਪ੍ਰਸਿੱਧ ਤਬਲਾਵਾਦਕ ਹੋਣ ਦੇ ਨਾਲ ਨਾਲ ਵਧੀਆ ਪਖਾਵਜੀ ਹੋਣ ਦਾ ਵੀ ਮਾਣ ਪ੍ਰਾਪਤ ਹੈ।ਜਿਸ ਲਈ ਆਪ ਨੇ ਅਨੇਕਾਂ ਸ਼ਹਿਰਾਂ ਦੇ ਦੌਰੇ ਕੀਤੇ ਅਤੇ ਆਪ ਜੀ ਦੁਆਰਾ ਵਿਦੇਸ਼ਾਂ ਵਿਚ ਵੀ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ ਜਾਂਦਾ ਰਿਹਾ ਹੈ।ਜਿੰਨਾਂ ਵਿੱਚ ਥਾਈਲੈਂਡ, ਇੰਗਲ਼ੈਂਡ, ਕੀਨੀਆ, ਤਰਜਾਨੀਆ, ਕਨੇਡਾਂ, ਅਮਰੀਕਾ ਅਤੇ ਅਨੇਕਾਂ ਹੀ ਹੋਰਨਾਂ ਦੇਸ਼ ਸ਼ਾਮਿਲ ਹਨ।

**ਪ੍ਰਾਪਤੀਆਂ:** ਆਪ ਜੀ ਨੂੰ 1994 ਈ: ਵਿੱਚ 'A Meeting by the River' ਦਾ 'ਗਰੈਮੀ ਅਵਾਰਡ' (Grammy Award) ਮਿਲਿਆ। ਆਪ ਜੀ ਨੂੰ ਪਡਿੰਤ ਰਵੀ ਸ਼ੰਕਰ, ਉਸਤਾਦ ਵਿਲਾਇਤ ਖਾਂ, ਡਾਂ ਐੱਲ.ਸਭਰਮਨੀਯੂ (ਵਾਇਲਨ), ਉਸਤਾਦ ਅਮਜਦ ਅਲੀ ਖਾਂ(ਸਰੋਦ), ਪਡਿੰਤ ਹਰੀ ਪ੍ਰਸਾਦ ਜੀ (ਫਲੂਟ), ਉਸਤਾਦ ਅਮਰਤ

ਖਾਨ(ਸਿਤਾਰ), ਪੰਡਿਤ ਫਤਿਹ ਅਲੀ ਖਾਂ ਸਾਹਿਬ, ਯਸ਼ਰਾਜ ਜੀ(ਵੋਕਲ), ਉਸਤਾਦ ਰਾਮ ਨਾਰਾਇਣ, ਉਸਤਾਦ ਸ਼ਾਹਿਦ ਪ੍ਰਵੇਜ਼, ਪੰਡਿਤ ਰਾਜ਼ਨ-ਸਾਜ਼ਨ ਮਿਸ਼ਰਾ ਜੀ ਵਰਗੇ ਵੱਡੇ-ਵੱਡੇ ਕਲਾਕਾਰਾਂ ਤੋਂ ਸਿੱਖਣ ਅਤੇ ਕੰਮ ਕਰਨ ਦਾ ਸੁਭਾਗ ਪ੍ਰਾਪਤ ਹੋਇਆ।ਜੋ ਅੱਜ ਵੀ ਜਾਰੀ ਹੈ।[15]

## ਉਸਤਾਦ ਹਰਪ੍ਰੀਤ ਸਿੰਘ ਸੋਨੂੰ (ਤਬਲਾ ਵਾਦਕ)

**ਜਨਮ:** ਆਪ ਜੀ ਦਾ ਜਨਮ ਗਵਾਲੀਅਰ ਵਿਖੇ ਹੋਇਆ।ਆਪ ਜੀ ਨੂੰ ਸੰਗੀਤ ਨਾਲ ਪ੍ਰੇਮ ਬਚਪਨ ਤੋਂ ਹੀ ਸੀ।ਆਪਜੀ ਨੂੰ ਨਾਮਧਾਰੀ ਸੰਪ੍ਰਦਾਇ ਵਿੱਚ ਤਬਲਾ ਵਾਦਕ ਦੇ ਰੂਪ ਵਿੱਚ ਅਹਿਮ ਸਥਾਨ ਪ੍ਰਾਪਤ ਹੈ।ਆਪ ਜੀ ਨੇ ਤਬਲੇ ਦੀ ਸਿੱਖਿਆ ਬਚਪਨ ਵਿੱਚ ਹੀ ਗਵਾਲੀਅਰ ਦੇ ਪੰਡਿਤ ਨਰਾਇਣ ਪ੍ਰਸ਼ਾਦ ਜੀ ਤੋਂ ਲੈਣੀ ਆਰੰਭ ਕੀਤੀ।ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਆਪ ਜੀ ਨੇ ਬਨਾਰਸ ਘਰਾਣੇ ਦੇ ਪੰਡਿਤ ਰਾਮ ਜੀ ਮਿਸ਼ਰਾ ਜੀ, ਗਵਾਲੀ ਘਰਾਣੇ ਦੇ ਪੰਡਿਤ ਕ੍ਰਿਸ਼ਨ ਰਾਉ ਜੀ ਤੋਂ ਵੀ ਸਿੱਖਿਆ ਪ੍ਰਾਪਤ ਕੀਤੀ।ਆਪ ਜੀ ਨੇ ਮੱਧ ਪ੍ਰਦੇਸ਼ ਦੀ ਯੂਨੀਵਰਸਿਟੀ ਤੋਂ ਤਬਲੇ ਦੀ **(ਬੀ.ਏ)** ਡਿਗਰੀ ਵੀ ਪ੍ਰਾਪਤ ਕੀਤੀ।

**ਕਲਾਕਾਰਾਂ ਨਾਲ ਪ੍ਰਸਤੁਤੀ:** ਆਪ ਜੀ ਨੂੰ ਵੱਡੇ-ਵੱਡੇ ਕਲਾਕਾਰਾਂ ਨਾਲ ਪ੍ਰਸਤੁਤੀ ਦੇਣ ਦਾ ਅਵਸਰ ਪ੍ਰਾਪਤ ਹੋਇਆ।ਜਿੰਨਾਂ ਵਿੱਚ ਉਸਤਾਦ ਵਿਲਾਇਤ ਖਾਂ ਸਾਹਿਬ, ਪੰਡਿਤ ਰਾਜਨ-ਸਾਜਨ ਮਿਸ਼ਰਾ, ਉਸਤਾਦ ਜ਼ਾਕਿਰ ਹਾਸੈਨ, ਪੰਡਿਤ ਸ਼ਿਵ ਕੁਮਾਰ ਸ਼ਰਮਾ, ਉਸਤਾਦ ਸੁਲਤਾਨ ਖਾਨ, ਪੰਡਿਤ ਧਰੁਵ ਘੋਸ਼ ਵਰਗੇ ਕਲਾਕਾਰਾਂ ਦੇ ਨਾਮ ਸ਼ਾਮਿਲ ਹਨ।

**ਸੰਗੀਤ ਸੰਮੇਲਨਾਂ ਵਿੱਚ ਪ੍ਰਸਤੁਤੀਕਰਨ:** ਆਪ ਜੀ ਨੇ ਬਾਬਾ ਹਰਿਵੱਲਬ ਸੰਗੀਤ ਸੰਮੇਲਨ, ਤਾਨਸੇਨ ਸੰਗੀਤ ਸੰਮੇਲਨ, ਸਤਿਗੁਰੂ ਪ੍ਰਤਾਪ ਸਿੰਘ ਸੰਗੀਤ ਸੰਮੇਲਨ, ਸਤਿਗੁਰੂ ਜਗਜੀਤ ਸੰਗੀਤ ਸੰਮੇਲਨ ਵਿੱਚ ਤਬਲੇ ਦੀ ਪ੍ਰਸਤੁਤੀ ਪੇਸ਼ ਕੀਤੀ।ਆਪ ਜੀ ਨੂੰ ਗੁਰੂਪੁਰਨਮਾਂ ਉਤਸਵ ਵਿੱਚ ਵੀ ਕਈ ਵਾਰੀ ਵੱਡੇ-ਵੱਡੇ ਕਲਾਕਾਰਾਂ ਨਾਲ ਪ੍ਰਸਤੁਤੀ ਦਾ ਅਵਸਰ ਪ੍ਰਾਪਤ ਹੋਇਆ।

**ਸੰਗੀਤਕ ਯਾਤਰਾ:** ਆਪ ਜੀ ਨੇ ਸੰਗੀਤ ਦੇ ਪ੍ਰਚਾਰ ਲਈ ਦੇਸ਼ਾਂ-ਵਿਦੇਸ਼ਾਂ (ਅਮਰੀਕਾ, ਇੰਗਲੈਂਡ, ਥਾਈਲੈਂਡ, ਅਫਰੀਕਾ, ਅਸਟਰੇਲੀਆ) ਦੀ ਯਾਤਰਾ ਵੀ ਕੀਤੀ।ਵਰਤਮਾਨ ਸਮੇਂ ਵਿੱਚ ਸ਼੍ਰੀ ਭੈਣੀ ਸਾਹਿਬ ਵਿਖੇ ਸਥਿਤ ਸੰਗੀਤ ਕਲਾ ਕੇਂਦਰ ਵਿੱਚ ਤਬਲੇ ਦੀ ਸਿੱਖਿਆ ਦੇ ਰਹੇ ਹਨ।[16]

## ਕਿਰਨਪਾਲ ਸਿੰਘ (ਸੰਤੂਰ ਵਾਦਕ)

**ਜਨਮ ਅਤੇ ਸਿੱਖਿਆ:** ਆਪ ਜੀ ਦਾ ਜਨਮ 13 ਦਸੰਬਰ,1957 ਈ: ਨੂੰ ਅਫਰੀਕਾ ਵਿੱਚ ਹੋਇਆ।ਆਪ ਜੀ ਨੂੰ ਸੰਗੀਤ ਸਿੱਖਣ ਦੀ ਪ੍ਰੇਰਣਾ ਆਪਣੇ ਘਰ ਤੋਂ ਹੀ ਪ੍ਰਾਪਤ ਹੋਈ।ਆਪ ਨਾਮਧਾਰੀ ਪਰਿਵਾਰ ਨਾਲ ਸੰਬੰਧ ਰੱਖਦੇ ਹੋ।ਆਪ ਜੀ ਨੇ ਤਬਲੇ ਦੀ ਸਿੱਖਿਆ ਸ਼੍ਰੀ ਰਿਪੁਦਮਨ ਸਿੰਘ ਜੀ ਤੋਂ ਪ੍ਰਾਪਤ ਕੀਤੀ।ਜਿਸ ਪਿਛੋਂ ਆਪ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਨਾਲ ਪੰਡਿਤ ਸ਼ਿਵ ਕੁਮਾਰ ਸ਼ਰਮਾ ਜੀ ਤੋਂ ਸੰਤੂਰ ਸਿੱਖਣ ਦਾ ਅਵਸਰ ਪ੍ਰਾਪਤ ਹੋਇਆ।ਆਪ ਨੇ ਪੰਡਿਤ ਜੀ ਨੂੰ ਆਪਣਾ ਉਸਤਾਦ ਧਾਰਨ ਕੀਤਾ।ਆਪ ਜੀ ਨੇ 12 ਸਾਲ ਤੱਕ ਸਿੱਖਿਆ ਪ੍ਰਾਪਤ ਕੀਤੀ ਅਤੇ ਆਪਣੀ ਮਿਹਨਤ ਸਦਕਾ ਅਹਮ ਸਥਾਨ ਪ੍ਰਾਪਤ ਕੀਤਾ।

**ਅੰਤਰਰਾਸ਼ਟਰੀ ਪੱਧਰ ਤੇ ਪ੍ਰੋਗਰਾਮ:** ਆਪ ਨੇ ਆਪਣੀ ਕਲਾ ਦਾ ਪ੍ਰਦਰਸ਼ਨ ਅੰਤਰਰਾਸ਼ਟਰੀ ਪੱਧਰ ਤੇ ਅਨੇਕਾਂ ਥਾਵਾਂ ਤੇ ਕੀਤਾ।ਜਿਵੇਂ ਕਿ ਯੂਰਪ, ਇੰਗਲੈਂਡ, ਯੂ.ਕੇ, ਅਮਰੀਕਾ ਆਦਿ ਸ਼ਾਮਿਲ ਹਨ।ਅੱਜ-ਕਲ੍ਹ ਆਪ ਜੀ ਦਾ ਨਿਵਾਸ ਸਥਾਨ ਇੰਗਲੈਂਡ ਹੈ।ਜਿਥੇ ਆਪ ਦਾਆਰਾ ਸ਼ਾਸਤਰੀ ਸੰਗੀਤ ਦਾ ਪ੍ਰਚਾਰ ਕੀਤਾ ਜਾ ਰਿਹਾ ਹੈ।[17]

## ਗੁਰਦਿਆਲ ਸਿੰਘ ਲਾਲੀ (ਸਿਤਾਰ ਵਾਦਕ)

**ਜਨਮ ਅਤੇ ਸਿੱਖਿਆ:** ਆਪ ਜੀ ਦਾ ਨਾਮ ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਇੱਕ ਸਿਤਾਰ ਵਾਦਕ ਦੇ ਰੂਪ ਵਿੱਚ ਲਿਆ ਜਾਂਦਾ ਹੈ।ਆਪ ਜੀ ਦਾ ਜਨਮ 20 ਜੁਲਾਈ 1985 ਈ: ਵਿੱਚ ਹਿਮਾਚਲ ਪ੍ਰਦੇਸ਼ (ਮਨਾਲੀ )ਵਿਖੇ ਹੋਇਆ।ਆਪ ਦਾ ਪਰਿਵਾਰ ਨਾਮਧਾਰੀ ਸਿੱਖ ਸੰਪ੍ਰਦਾਇ ਦੇ ਗੁਰੂ ਸੇਵਕ ਪਰਿਵਾਰ ਨਾਲ ਸੰਬੰਧ ਰੱਖਦਾ ਹੈ।ਆਪ ਜੀ ਦਾ ਬਚਪਨ ਸ਼੍ਰੀ ਭੈਣੀ ਸਾਹਿਬ ਵਿਖੇ ਹੀ ਬੀਤਿਆ ਜਿਥੇ ਰਹਿ ਕੇ ਹੀ ਆਪ ਨੇ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ।

ਆਪ ਜੀ ਦਾ ਵਧੇਰੇ ਸਮਾਂ ਸ਼੍ਰੀ ਭੈਣੀ ਸਾਹਿਬ ਦੇ ਸੰਗੀਤਕ ਮਾਹੌਲ ਵਿੱਚ ਹੀ ਬੀਤਿਆ।ਆਪ ਜੀ ਦੀ ਸੰਗੀਤਕ ਰੁਚੀ ਨੂੰ ਦੇਖਦੇ ਹੋਏ ਆਪ ਜੀ ਦੇ ਪਿਤਾ ਗੁਰਮੁੱਖ ਸਿੰਘ ਜੀ ਨੇ ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਕੋਲ ਸੰਗੀਤ ਸਿਖਾਉਣ ਦੀ ਅਰਦਾਸ ਕੀਤੀ।ਜਿਸ ਪਿਛੋਂ ਆਪ ਜੀ ਨੂੰ ਸਭ ਤੋਂ ਪਹਿਲਾ ਉਸਤਾਦ ਹਰਭਜਨ ਸਿੰਘ ਜੀ ਕੋਲ ਗੁਰਮਤਿ ਸੰਗੀਤ ਦੀਆਂ ਬੰਦਿਸ਼ਾਂ ਸਿੱਖਣ ਲਈ ਭੇਜਿਆ।ਜਿਸ ਦੇ ਨਾਲ ਨਾਲ ਆਪ ਜੀ ਨੇ ਸ਼੍ਰੀ ਰਾਜ਼ੇਸ਼ ਮਾਲਵੀਆ ਜੀ ਤੋਂ ਤਬਲਾ ਵੀ ਸਿੱਖਿਆ।ਜੋ ਕਿ ਉਸਤਾਦ ਅੱਲਾ ਰੱਖਾ ਖਾਂ ਸਾਹਿਬ ਜੀ ਦੇ ਸ਼ਿਸ਼ ਹਨ।ਆਪ ਜੀ ਨੇ ਸਿਤਾਰ ਦੀ ਸਿੱਖਿਆ ਅੱਠ ਸਾਲ ਦੀ ਉਮਰ ਵਿੱਚ ਹੀ ਲੈਣੀ ਆਰੰਭ ਕਰ ਦਿੱਤੀ।ਜਿਸ ਦੇ ਪਹਿਲੇ ਗੁਰੂ ਡਾ ਵਰਿੰਦਰ ਕੁਮਾਰ ਜੀ ਸਨ।ਇਹਨਾਂ ਤੋਂ ਇਲਾਵਾ ਆਪ ਜੀ ਨੇ 13

ਅਕਤੂਬਰ,2001ਈ: ਨੂੰ ਉਸਤਾਦ ਸ਼ਾਹਿਦ ਪਰਵੇਜ਼ (ਇਟਾਵਾ) ਜੀ ਦੀ ਸ਼ਾਗਿਰਦੀ ਧਾਰਨ ਕੀਤੀ।

**ਕਲਾਤਮਕ ਪ੍ਰੋਗਰਾਮ**

- ਪਹਿਲੀ ਪ੍ਰਸਤੂਤੀ 1997 ਈ: ਦੇ ਵਿੱਚ ਦੇਸ਼ਭਗਤ ਹਾਲ (ਜਲੰਧਰ) ਵਿੱਚ ਹੋਈ।ਜੋ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਹੋਈ।
- 2001 ਈ: ਵਿੱਚ ਹਰਿਵੱਲਬ ਸੰਗੀਤ ਸੰਮੇਲਨ (ਜਲੰਧਰ) ਵਿੱਚ ਹੋਈ।
- 2002 ਈ: ਵਿੱਚ ਸਪਿੱਕ ਮੈਕੇ ਦੁਆਰਾ ਆਯੋਜਿਤ ਪ੍ਰੋਗਰਾਮ 'ਅੰਤਰਧਵਨੀ' (ਲੁਧਿਆਣਾ) ਵਿਖੇ ਹੋਈ।
- 2012 ਈ: ਵਿੱਚ ਪੰਡਿਤ ਕ੍ਰਿਸ਼ਨ ਮਹਾਰਾਜ ਦੇ ਉਤਸਵ ਤੇ ਵੀ ਸਿਤਾਰ ਵਾਦਨ ਦੀ ਪ੍ਰਸਤੂਤੀ ਦਿੱਤੀ।

**ਪ੍ਰਾਪਤੀਆਂ:** ਆਪ ਨੇ ਗਾਇਨ ਦੇ ਨਾਲ-ਨਾਲ ਸਿਤਾਰ ਵਾਦਨ ਦੀ ਡਿਗਰੀ ਵੀ ਹਾਸਿਲ ਕੀਤੀ।ਜਿਸ ਪਿਛੋਂ ਆਪ ਨੇ ਪੰਜਾਬ ਯੂਨੀਵਰਸਿਟੀ ਤੋਂ ਪੀ.ਐਚ.ਡੀ ਦੀ ਡਿਗਰੀ ਪ੍ਰਾਪਤ ਕੀਤੀ।[18]

## ਹਰਵਿੰਦਰ ਸਿੰਘ (ਗਾਇਕ ਅਤੇ ਦਿਲਰੁਬਾ ਵਾਦਕ)

**ਜਨਮ ਅਤੇ ਸਿੱਖਿਆ:** ਆਪ ਜੀ ਦਾ ਜਨਮ 10 ਫਰਵਰੀ 1989 ਈ: ਵਿੱਚ ਸ਼੍ਰੀ ਭੈਣੀ ਸਾਹਿਬ ਹੀ ਹੋਇਆ।ਆਪ ਜੀ ਦਾ ਪਰਿਵਾਰਿਕ ਪਿਛੋਕੜ ਨਾਮਧਾਰੀ ਸਿੱਖ ਸੰਪ੍ਰਦਾਇ ਨਾਲ ਹੀ ਸੰਬੰਧ ਰੱਖਦਾ ਹੈ।ਆਪ ਜੀ ਨੇ ਸੰਗੀਤ ਦੀ ਸਿੱਖਿਆ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਅਤੇ ਬੀਬੀ ਨਰਿੰਦਰ ਕੌਰ ਜੀ ਦੀ ਨਿਗਰਾਨੀ ਹੇਠ 9 ਸਾਲ ਦੀ ਉਮਰ ਵਿੱਚ ਲੈਣੀ ਆਰੰਭ ਕੀਤੀ।

ਆਪ ਜੀ ਨੇ ਗਾਇਨ ਦੀ ਸਿੱਖਿਆ ਉਸਤਾਦ ਬਲਵੰਤ ਸਿੰਘ ਜੀ, ਉਸਤਾਦ ਮੋਹਨ ਸਿੰਘ ਜੀ, ਅਤੇ ਉਸਤਾਦ ਹਰਭਜਨ ਸਿੰਘ ਜੀ ਪਾਸੋਂ ਪ੍ਰਾਪਤ ਕੀਤੀ।ਆਪ ਨੇ ਆਪਣੀ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਨ ਪਿਛੋਂ ਜੂਨ,2012 ਈ: ਵਿੱਚ ਸੰਗੀਤ ਦਾ **ਯੂ.ਜੀ.ਸੀ (ਨੈਂਟ)** ਦਾ ਇਮਤਿਹਾਨ ਪਾਸ ਕੀਤਾ।ਜਿਸ ਪਿਛੋਂ ਆਪ ਨੇ ਮਈ,2015 ਈ: ਵਿੱਚ ਡਾਂ ਨੀਲਮ ਪਾਲ ਦੀ ਨਿਗਰਾਨੀ ਹੇਠ ਪੰਜਾਬ ਯੂਨੀਵਰਸਿਟੀ (ਚੰਡੀਗੜ੍ਹ) ਤੋਂ **ਪੀ.ਐਚ.ਡੀ** ਦੀ ਡਿਗਰੀ ਹਾਸਿਲ ਕੀਤੀ।[19]

## ਕਿਰਪਾਲ ਸਿੰਘ ਪਨੇਸਰ (ਗਾਇਕ ਅਤੇ ਦਿਲਰਬ੍ਹਾ ਵਾਦਕ)

**ਜਨਮ**: ਆਪ ਜੀ ਦਾ ਜਨਮ 18 ਮਈ ਨੂੰ ਬਰਹਿੰਗਮ (ਯੂ.ਕੇ) ਵਿਖੇ ਹੋਇਆ।ਆਪ ਜੀ ਨੂੰ ਸੰਗੀਤ ਨਾਲ ਲਗਾਵ ਬਚਪਨ ਤੋਂ ਹੀ ਸੀ।ਆਪ ਜੀ ਦਾ ਬਚਪਨ ਸੰਗੀਤਕ

ਮਾਹੌਲ ਵਿੱਚ ਹੀ ਬੀਤਿਆ।ਆਪ ਜੀ ਨੇ ਆਪਣੀ ਸਕੂਲੀ ਸਿੱਖਿਆਂ ਬਰਹਿੰਘਮ (ਯੂ.ਕੇ) ਵਿਖੇ ਹੀ ਪੂਰੀ ਕੀਤੀ।ਜਿਸ ਪਿਛੋਂ ਆਪ ਨੇ ਦਿਲਰੁਬਾ ਅਤੇ ਤਾਰ-ਸ਼ਹਿਨਾਈ ਸਾਜ਼ ਸਿੱਖਣੇ ਆਰੰਭ ਕੀਤੇ।ਆਪ ਨੇ ਸਾਜ਼ਾਂ ਦੀ ਸਿੱਖਿਆ 1994 ਈ: ਵਿੱਚ ਉਸਤਾਦ ਸੁਰਜੀਤ ਸਿੰਘ ਜੀ ਤੋਂ ਲੈਣੀ ਆਰੰਭ ਕੀਤੀ।ਜਿਸ ਪਿਛੋਂ ਉਸਤਾਦ ਗੁਰਦੇਵ ਸਿੰਘ ਜੀ ਨੂੰ ਵੀ ਗੁਰੂ ਧਾਰਣ ਕੀਤਾ।ਆਪ ਜੀ ਨੂੰ ਸਤਿਗੁਰੁ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਸਦਕਾ ਹੋਰਨਾ ਕਲਾਕਾਰਾਂ ਤੋਂ ਸਿੱਖਣ ਦਾ ਵੀ ਅਵਸਰ ਪ੍ਰਾਪਤ ਹੋਇਆ।

**ਪ੍ਰਸਤੁਤੀਆਂ**: ਆਪ ਨੇ ਯੂ.ਕੇ ਦੇ ਲਾਉਰੀ ਥੇਟਰ, ਪੁਰਸਲ ਰੂਮ (ਲੰਡਨ), ਯੂਰਪ, ਸਾਊਥਹਾਲ ਅਨੇਕਾਂ ਥਾਵਾਂ ਤੇ ਪ੍ਰਸਤੁਤੀ ਦਿੱਤੀ।ਆਪ ਨੂੰ ਅਨੇਕਾਂ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੁਰਸਕਾਰ ਵੀ ਪ੍ਰਾਪਤ ਹੋਏ।ਆਪ ਜੀ ਨੂੰ ਵੱਡੇ-ਵੱਡੇ ਕਲਾਕਾਰਾਂ ਨਾਲ ਪ੍ਰਸਤੁਤ ਕਰਨ ਦਾ ਵੀ ਅਵਸਰ ਪ੍ਰਾਪਤ ਹੋਇਆ ਜਿੰਨਾਂ ਵਿੱਚ ਪੰਡਿਤ ਰਾਜਨ-ਸਾਜਨ ਮਿਸ਼ਰਾ ਜੀ, ਉਸਤਾਦ ਸੁਖਵਿੰਦਰ ਸਿੰਘ ਪਿੰਕੀ ਜੀ ਅਤੇ ਉਸਤਾਦ ਵਿਸਮਿਲਾ ਖਾਨ ਜੀ ਦੇ ਨਾਮ ਸ਼ਾਮਿਲ ਹਨ।[20]

## ਈਸ਼ਰ ਸਿੰਘ (ਤਾਰ ਸ਼ਹਿਨਾਈ)

**ਜਨਮ ਅਤੇ ਸਿੱਖਿਆ:** ਆਪ ਜੀ ਦਾ ਜਨਮ 7 ਅਗਸਤ,1991 ਈ: ਵਿੱਚ ਹਰਿਆਣਾ ਵਿਖੇ ਹੋਇਆ।ਆਪ ਜਨਮ ਪਿਛੋਂ 1996 ਈ:ਵਿੱਚ ਸ਼੍ਰੀ ਭੈਣੀ ਸਾਹਿਬ ਆ ਕੇ ਰਹਿਣ ਲਗੇ।ਆਪ ਜੀ ਨੂੰ ਸੰਗੀਤਕ ਮਾਹੌਲ ਆਪਣੇ ਪਰਿਵਾਰ ਵਿਚੋਂ ਹੀ ਪ੍ਰਾਪਤ ਹੋਇਆ।ਆਪ ਨੇ ਆਪਣੀ ਸਕੂਲੀ ਸਿੱਖਿਆ 2006-2009 ਈ: ਵਿੱਚ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ (ਸ਼੍ਰੀ ਭੈਣੀ ਸਾਹਿਬ) ਤੋਂ ਪ੍ਰਾਪਤ ਕੀਤੀ।ਜਿਸ ਪਿਛੋਂ **ਬੀ.ਏ** ਦੀ ਪੜਾਈ ਗੁਰੁ ਨਾਨਕ ਨੈਸ਼ਨਲ ਕਾਲਜ਼, ਦੋਰਾਹਾ ਅਤੇ ਸੰਗੀਤ ਦੀ **ਐਂਮ.ਏ** 2013-15 ਈ: ਵਿੱਚ, ਵਿਸ਼ਾਰਦ ਪ੍ਰਾਚੀਨ ਕਲਾ ਕੇਂਦਰ ਤੋਂ ਕੀਤੀ।

ਸ਼ਾਸਤਰੀ ਸੰਗੀਤ ਦੀ ਸਿੱਖਿਆ 9 ਸਾਲ ਦੀ ਉਮਰ ਵਿੱਚ ਹੀ ਲੈਣੀ ਆਰੰਭ ਕਰ ਦਿੱਤੀ।ਸਭ ਤੋਂ ਪਹਿਲਾ ਸੰਗੀਤ ਦੀ ਸਿੱਖਿਆ ਲੈਣੀ ਬੀਬੀ ਨਰਿੰਦਰ ਕੌਰ ਜੀ ਤੋਂ ਆਰੰਭ ਕੀਤੀ।ਜਿੰਨਾਂ ਤੋਂ ਗਾਇਨ ਦੀ ਸਿੱਖਿਆਂ ਲਈ।ਜਿਸ ਪਿਛੋਂ ਗਾਇਨ ਦੇ ਨਾਲ-ਨਾਲ ਸਾਜ਼ਾਂ ਨੂੰ ਸਿੱਖਣ ਦੀ ਇੱਛਾ ਵੀ ਪ੍ਰਗਟਾਈ।ਆਪ ਨੇ ਦਿਲਰੁਬਾ ਅਤੇ ਤਾਰ-ਸ਼ਹਿਨਾਈ ਸਾਜ਼ ਦੀ ਸਿੱਖਿਆ ਸ਼੍ਰੀ ਕਿਰਪਾਲ ਸਿੰਘ ਪਨੇਸਰ ਜੀ ਤੋਂ ਲੈਣੀ ਆਰੰਭ ਕੀਤੀ।ਇਹਨਾਂ ਤੋਂ ਇਲਾਵਾ ਦਿਲਰੁਬਾ ਦੀ ਸਿੱਖਿਆ ਡਾ ਵਰਿੰਦਰ ਕੁਮਾਰ ਜੀ ਤੋਂ ਅਤੇ ਤਬਲੇ ਦੀ ਸਿੱਖਿਆ ਸੋਨੂੰ ਜੀ ਤੋਂ ਪ੍ਰਾਪਤ ਕੀਤੀ।ਆਪ ਨੂੰ ਗੁਰਬਾਣੀ ਸੰਗੀਤ, ਖਿਆਲ, ਦਿਲਰੁਬਾ, ਤਾਰ-ਸ਼ਹਿਨਾਈ, ਇਸਰਾਜ਼ ਦੀ ਮੁਹਾਰਤ ਹਾਸਿਲ ਹੈ।ਆਪ ਜੀ ਨੇ ਉਸਤਾਦ ਗੁਰਦੇਵ ਸਿੰਘ ਜੀ ਨੂੰ ਗੁਰੂ ਧਾਰਨ ਕੀਤਾ।

## ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪ੍ਰਸਤੁਤੀ

- ਰੰਧਾਵਾ ਉਤਸਵ
- ਪੰਜਾਬ ਲਲਿਤ ਕਲਾ, ਪੰਜਾਬ ਸੰਗੀਤ ਨਾਟਕ ਅਕੈਡਮੀ, ਚੰਡੀਗੜ ,4 ਫਰਵਰੀ।
- ਸੰਗੀਤ ਸਭਾ (ਪੰਡਿਤ ਕ੍ਰਿਸ਼ਨ ਮਹਾਰਾਜ), ਕਾਸ਼ੀ(ਬਨਾਰਸ)-2013.
- ਧਵਨੀ, ਕੋਲਕੱਤਾ ਜਨਵਰੀ 2015.
- ਸਾਊਥ ਸੈਂਟਰ ਜ਼ੋਨ ਕਲਚਰਲ ਸੈਂਟਰ, ਨਾਗਪੁਰ 2016.
- ਗੁਜਰਾਤ (ਬੜੌਦਾ)2014 ਫਰਵਰੀ।
- ਸੁਰ-ਸਾਂਝ, ਪਟਿਆਲਾ ਫਰਵਰੀ 2014.
- ਸੰਗੀਤ ਸੰਧਿਆ(ਜਲੰਧਰ), ਦਸੰਬਰ 2012.
- ਸਰਸਵਤੀ ਮਹਾਂਉਤਸਵ, ਜਨਵਰੀ 2016.
- ਕਲਿਆਣੀ ਯੂਨੀਵਰਸਿਟੀ, ਵੈਸਟ ਬੰਗਾਲ।
- ਸੰਗੀਤ-ਏ-ਸ਼ਾਮ, ਈਸਟ ਅਫਰੀਕਾ, ਨਰੋਬੀ, ਅਕਤੂਬਰ 2015.

## ਟੀ.ਵੀ ਚੈਨਲਾਂ ਉਪਰ ਪ੍ਰਸਤੁਤੀ

- ਸਪਿੱਕ ਮੈਕੇ ਪ੍ਰਫੋਰਮੈਂਸ, ਡੀ.ਡੀ ਪੰਜਾਬੀ ਚੈਨਲ।
- ਰਿਆਲਿਟੀ ਸ਼ੋਅ ਕਲਰਜ਼, ਸੀਜ਼ਨ-1, ਜੀਅ ਬੀਜਨੈਂਸ।
- ਚੜਦੀ ਕਲਾ ਟਾਈਮ ਉੱਤੇ ਰਿਕਾਡਿੰਗ।
- ਲਾਈਵ ਪ੍ਰੋਗਰਾਮ, ਦਿਸ਼ਾ ਟੀ.ਵੀ ਚੈਨਲ।
- ਐਡ ਐਂਡ ਸ਼ਾਰਟ ਮੂਵੀ।

## ਪ੍ਰਾਪਤੀਆਂ

- ਗੋਲਡ ਮੈਡਲਿਸਟ, ਪੰਜਾਬੀ ਯੂਨੀਵਰਸਿਟੀ (ਪਟਿਆਲਾ), 2014 ਸੰਗੀਤ ਕਲਾ ਮੰਚ, ਪਹਿਲਾ ਸਥਾਨ, ਜਲੰਧਰ 2011.
- ਸੰਗੀਤ ਉਤਸਵ (ਪਠਾਨਕੋਟ) ਪਹਿਲਾ ਸਥਾਨ, ਅਪ੍ਰੈਲ 2014.

- ਸੀਲਵਰ ਮੈਡਲ, ਹਰਵੱਲਭ ਸੰਗੀਤ ਸਮਾਗਮ, ਦਸੰਬਰ 2015.
- ਗੁਰਮਤਿ ਸੰਗੀਤ ਸੰਮੇਲਨ, ਦੂਜਾ ਸਥਾਨ (2011), ਪੰਜਾਬੀ ਯੂਨੀਵਰਸਿਟੀ.[21]

## ਅਮਨਦੀਪ ਸਿੰਘ

**ਜਨਮ:** ਆਪ ਜੀ ਦਾ ਜਨਮ 25 ਅਪ੍ਰੈਲ,1979 ਈ: ਵਿੱਚ ਜਲੰਧਰ ਵਿਖੇ ਹੋਇਆ।ਆਪ ਦਾ ਪਿਛੋਕੜ ਨਾਮਧਾਰੀ ਸਿੱਖ ਸੰਪ੍ਰਦਾਇ ਨਾਲ ਹੀ ਸੰਬੰਧਿਤ ਹੈ।ਆਪ ਜੀ ਦੇ ਪਿਤਾ ਸ਼੍ਰੀ ਗੁਰਦੇਵ ਸਿੰਘ ਜੀ ਕੋਇਲ ਵੀ ਸੰਗੀਤ ਦੀ ਵਧੇਰੇ ਰੁੱਚੀ ਰੱਖਦੇ ਹਨ।ਜੋ ਆਪ ਵੀ ਲੋਕ ਗਾਇਕ ਹਨ।

**ਸੰਗੀਤ ਸਿੱਖਿਆ:** ਆਪ ਜੀ ਨੂੰ ਆਪਣੇ ਪਿਤਾ ਦੇ ਸੰਗੀਤਕ ਲਗਾਵ ਨੂੰ ਦੇਖਦੇ ਹੋਏ ਹੀ ਸੰਗੀਤ ਪ੍ਰਤੀ ਰੁਚੀ ਪੈਦਾ ਹੋਈ।ਆਪ ਨੇ ਸ਼੍ਰੀ ਭੈਣੀ ਸਾਹਿਬ ਵਿਖੇ ਉਸਤਾਦ ਸੁਰਜੀਤ ਸਿੰਘ ਜੀ ਤੋਂ ਦਿਲਰੁਬਾ ਦੀ ਸਿੱਖਿਆ ਪ੍ਰਾਪਤ ਕੀਤੀ।ਇਹਨਾਂ ਤੋ ਇਲਾਵਾ ਆਪ ਨੇ ਉਸਤਾਦ ਬਲਦੇਵ ਸ਼ਰਨ ਨਾਰੰਗ ਜੀ ਨੂੰ ਵੀ ਗੁਰੂ ਧਾਰਨ ਕੀਤਾ।ਜਿੰਨਾਂ ਤੋਂ ਆਪ ਨੇ ਗਾਇਨ ਦੀ ਸਿੱਖਿਆ ਵੀ ਗ੍ਰਹਿਣ ਕੀਤੀ।ਆਪ ਨੇ ਆਪਣੀ ਬੀ.ਏ.ਡੀ, ਏ ਜਲੰਧਰ ਕਾਲਜ਼ ਅਤੇ ਸੰਗੀਤ ਦੀ ਐਂਮ.ਏ ਗਾਇਨ ਅਤੇ ਵਾਦਨ ਵਿੱਚ ਪ੍ਰਾਇਵੇਟ ਹੀ ਪੂਰੀ ਕੀਤੀ।

**ਅੰਤਰਰਾਸ਼ਟਰੀ ਉਪਲੱਬਧੀਆਂ:** ਆਪ ਜੀ ਨੇ ਪੰਜਾਬ ਸਰਕਾਰ ਦੇ ਵਲੋਂ ਇੰਗਲੈਂਡ ਜਾਣ ਦਾ ਮੌਕਾ ਵੀ ਮਿਲਿਆ।

- 2000 ਈ: ਵਿੱਚ ਸਕਾਟਲੈਂਡ, ਪੰਜਾਬੀ ਕਮਿਊਨਟੀ ਵਿੱਚ ਵਾਦ-ਸੰਗੀਤ, ਨ੍ਰਿਤ, ਲੋਕਗੀਤ ਅਤੇ ਕੀਰਤਨ।
- ਸਿੰਘਾਪੁਰ, ਰਾਸ਼ਟਰੀ ਦਿਵਸ 2000 ਵਿੱਚ ਨ੍ਰਿਤ, ਲੋਕ ਸੰਗੀਤ ਤਥਾ ਕੀਰਤਨ।
- U.S.A ਗੁਰਮਤਿ ਕੀਰਤਨ ਪ੍ਰਸਤੂਤੀ।

**ਕਲਾਕਾਰ ਦੇ ਰੂਪ ਵਿੱਚ**: ਆਪ ਨੇ 1992 ਈ: ਵਿੱਚ ਆਲ ਇੰਡੀਆਂ ਰੇਡਿਉ ਸੰਗੀਤ ਪ੍ਰਤੀਯੋਗਤਾ ਵਿੱਚ ਵੀ ਤੰਤੀ ਵਾਦ ਲਈ ਭਾਗ ਲਿਆ।ਜਿਸ ਵਿੱਚ ਪਹਿਲਾ ਸਥਾਨ ਹਾਸਿਲ ਕੀਤਾ।

- ਸ਼ਾਸਤਰੀ ਸੰਗੀਤ ਸੰਮੇਲਨ 'ਸੁਨਾਦ'ਸੂਫੀ ਗਾਇਨ ਵਿੱਚ ਦਿਲਰੁਬਾ ਅਤੇ ਤਾਊਸ ਵਾਦਨ।

- ਸ਼੍ਰੀ ਹਰਿਮੰਦਰ ਸਾਹਿਬ, ਆਨੰਦਪੁਰ ਸਾਹਿਬ ਅਤੇ ਅਨੇਕਾਂ ਹੋਰ ਗੁਰੂਧਾਮਾਂ ਤੇ ਪ੍ਰੋਗਰਾਮਾਂ ਦੀ ਪ੍ਰਸਤੁਤੀ।
- ਆਕਾਸ਼ਵਾਣੀ ਜਲੰਧਰ ਪ੍ਰਸਤੁਤੀ।
- ਪੰਜਾਬ ਸਰਕਾਰ ਦੁਆਰਾ ਮੈਰਿਟ ਸਰਟੀਫਿਕੇਟ ਦੀ ਪ੍ਰਾਪਤੀ।

ਆਪ ਜੀ ਨੇ ਅਨੇਕਾਂ ਪੁਰਸਕਾਰ ਪ੍ਰਾਪਤ ਕੀਤੇ।ਇਹਨਾਂ ਤੋਂ ਇਲਾਵਾ ਆਪ ਜੀ ਨੇ ਹਰਿਵੱਲਬ ਸੰਗੀਤ ਸੰਮੇਲਨ ਵਿੱਚ ਜੁਗਲਬੰਦੀ ਵੀ ਪੇਸ਼ ਕੀਤੀ।ਅੱਜਕਲ੍ਹ ਪੰਜਾਬੀ ਯੂਨੀਵਰਸਿਟੀ ਵਿੱਚ ਗੁਰਮਤਿ ਸੰਗੀਤ ਵਿਭਾਗ ਵਿੱਚ ਇੱਕ ਪ੍ਰੋਫੈਸਰ ਦੇ ਅਹੁਦੇਂ ਉਪਰ ਸੇਵਾ ਨਿਭਾ ਰਹੇ ਹਨ।[22]

## ਗਿਆਨ ਸਿੰਘ (ਤਬਲਾ ਵਾਦਕ)

**ਜਨਮ:** ਗਿਆਨ ਸਿੰਘ ਦਾ ਜਨਮ 10 ਸਤੰਬਰ 1990 ਨੂੰ ਸ਼੍ਰੀ ਭੈਣੀ ਸਾਹਿਬ ਵਿਖੇ ਪਿਤਾ ਸ਼੍ਰੀ ਗੁਰਦੇਵ ਸਿੰਘ ਅਤੇ ਮਾਤਾ ਜਸਵੀਰ ਕੌਰ ਦੇ ਕੁਖੋਂ ਹੋਇਆ।ਆਪ ਦੇ ਪਿਤਾ ਜੀ ਦਾ ਸੰਗੀਤ ਨਾਲ ਅਥਾਹ ਪ੍ਰੇਮ ਹੋਣ ਕਾਰਣ ਆਪ ਨੂੰ ਸੰਗੀਤਕ ਮਾਹੌਲ ਘਰ ਤੋਂ ਜੀ ਪ੍ਰਾਪਤ ਹੋਇਆ।

**ਸੰਗੀਤ ਦੀ ਸਿੱਖਿਆ:** ਗਿਆਨ ਸਿੰਘ ਨੇ ਤਬਲੇ ਦੀ ਸਿੱਖਿਆ 10 ਸਾਲ ਦੀ ਉਮਰ ਵਿੱਚ ਲੈਣੀ ਆਰੰਭ ਕੀਤੀ।ਸਭ ਤੋਂ ਪਹਿਲਾ ਤਬਲੇ ਦੀ ਸਿੱਖਿਆ ਸ਼੍ਰੀ ਰਾਜ਼ੇਸ਼ ਮਾਲਵੀਆਂ ਜੀ ਤੋਂ, ਫਿਰ ਆਪ ਨੇ ਉਸਤਾਦ ਅੱਲਾ ਰੱਖਾ ਖਾਨ ਸਾਹਿਬ ਜੀ ਤੋਂ ਪ੍ਰਾਪਤ ਕੀਤੀ।ਜਿਸ ਪਿਛੋਂ 2004 ਈ: ਵਿੱਚ ਪਖਾਵਜ਼ ਜੋੜੀ (ਪੰਜਾਬ ਘਰਾਣਾ) ਦੇ ਉਸਤਾਦ ਸੁਖਵਿੰਦਰ ਸਿੰਘ ਪਿੰਕੀ, ਉਸਤਾਦ ਸੁਖਦੇਵ ਸਿੰਘ ਅਤੇ ਪੰਡਿਤ ਕ੍ਰਿਸਨ ਮਹਾਰਾਜ ਤੋਂ **ਪਖਾਵਜ** ਦੀ ਸਿੱਖਿਆ ਲਈ।

- **ਪ੍ਰਸਤੁਤੀਆਂ:** ਗਿਆਨ ਸਿੰਘ ਨੇ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਪੱਧਰ ਤੇ ਤਬਲੇ ਅਤੇ ਪਖਾਵਜ ਦੀਆ ਅਨੇਕਾਂ ਪ੍ਰਸਤੁਤੀਆ ਦਿੱਤੀਆ ਜਿੰਨਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।
- 'ਸਪਤਕ' ਸੰਗੀਤ ਸਮਾਰੋਹ ਅਹਿਮਦਾਬਾਦ (ਗੁਜਰਾਤ)
- ਹਰੀਵਲੱਬ ਸੰਗੀਤ ਸਮਾਰੋਹ ਜਲੰਧਰ (ਪੰਜਾਬ)
- ਸੰਗੀਤ ਕਲਾ ਮੰਚ ਜਲੰਧਰ (ਪੰਜਾਬ)
- ਚੰਡੀਗੜ੍ਹ ਗਰੁਪ ਆਫ ਕਾਲਜ਼
- ਕਲਿਆਣੀ ਯੂਨੀਵਰਸਿਟੀ, ਵੈਸਟ ਬੰਗਾਲ

- ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ
- ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ
- ਪੰਜਾਬੀ ਯੂਨੀਵਰਸਿਟੀ, ਪਟਿਆਲਾ
- ਲਵਲੀ ਯੂਨੀਵਰਸਿਟੀ, ਫਗਵਾੜਾ
- ਮੀਰਾ ਗਲਜ਼ ਕਾਲਜ਼, ਉਦੈਪੁਰ
- ਐਸ.ਡੀ.ਐਮ ਲਾਅ ਕਾਲਜ਼, ਬਗਲੌਰ
- ਨਾਂਗਪੁਰ ਯੂਨੀਵਰਸਿਟੀ, ਮਹਾਂਰਾਸ਼ਟਰਾ
- ਲੁਧਿਆਣਾ ਕਾਲਜ਼ ਆਫ ਇੰਜ਼ਨੀਰੀਗ ਐਂਡ ਟੈਕਨੋਲੋਜ਼ੀ, ਕਟਾਣੀ ਕਲਾ
- ਸਪਿਕ ਮੈਕੇ ਪਰਫਾਰਮਨਸ, ਡੀ.ਡੀ ਪੰਜਾਬੀ ਚੈਨਲ

**ਪ੍ਰਾਪਤੀਆਂ**: ਗਿਆਨ ਸਿੰਘ ਦੀਆ ਪ੍ਰਾਪਤੀਆ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

- 12 ਵਾਰ ਨੈਸ਼ਨਲ ਪੱਧਰ ਤੇ ਜੇਤੂ।
- 2009 ਵਿੱਚ ਗੁਰਮਤਿ ਸੰਗੀਤ ਸੰਮੇਲਨ, ਪੰਜਾਬੀ ਯੂਨੀਵਰਸਿਟੀ (ਪਟਿਆਲਾ) ਤੋਂ ਪਹਿਲਾ ਸਥਾਨ ਪ੍ਰਾਪਤ ਕੀਤਾ।
- 24 ਦਸੰਬਰ 2010 ਵਿੱਚ ਹਰੀਵੱਲਬ ਸੰਗੀਤ ਸੰਮੇਲਨ (ਜਲੰਧਰ)ਤੋਂ ਪਹਿਲਾ ਸਥਾਨ ਪ੍ਰਾਪਤ ਕੀਤਾ
- 2011 ਵਿੱਚ ਨੇਸ਼ਨਲ ਯੂਥ ਫੈਸਟੀਵਲ, ਉਧੈਪੁਰ(ਰਾਜਸਥਾਨ) ਤੋਂ ਸੀਲਵਰ ਮੈਡਲ ਪ੍ਰਾਪਤ ਕੀਤਾ
- 2009 ਦੰਸਬਰ ਹਰੀਵੱਲਬ ਸੰਗੀਤ ਸੰਮੇਲਨ ਤੋਂ ਦੂਜਾ ਸਥਾਨ ਪ੍ਰਾਪਤ ਕੀਤਾ।
- 2012 ਜਨਵਰੀ, 17 ਵੇਂ ਉਪਨ ਯੂਥ ਫੈਸਟੀਵਲ, ਕਰਨਾਟਕਾ ਵਿੱਚ ਮੈਡਲ ਪ੍ਰਾਪਤ ਕੀਤਾ।
- 2011 ਨਵੰਬਰ, ਨੌਰਥ ਜ਼ੋਨ ਇੰਟਰਯੂਨੀਵਰਸਿਟੀ ਯੂਥ ਫੈਸਟੀਵਲ ਤੋਂ ਪਹਿਲਾ ਸਥਾਨ ਪ੍ਰਾਪਤ ਕੀਤਾ।
- 2012, 22 ਜਨਵਰੀ ਤੋਂ 26 ਜਨਵਰੀ ਵਿੱਚ ਇੰਟਰਯੂਨੀਵਰਸਿਟੀ ਨੈਸ਼ਨਲ ਯੂਥ ਫੈਸਟੀਵੱਲ, ਮਹਾਰਾਸ਼ਟਰ ਤੋਂ ਪਹਿਲਾ ਸਥਾਨ ਪ੍ਰਾਪਤ ਕੀਤਾ।

- 18 ਮਾਰਚ,2013 ਵਿੱਚ ਮਾਰੂਤੀ ਸਾਜ਼ੂਕੀ ਕਲਰਜ਼ (ਸੀਜ਼ਨ-2) ਵਿੱਚ ਪਹਿਲਾ ਸਥਾਨ ਪ੍ਰਾਪਤ ਕਰ 5 ਲੱਖ ਦੀ ਰਾਸ਼ੀ ਅਤੇ ਇੱਕ ਮਾਰੂਤੀ ਸਾਜ਼ੂਕੀ ਵੀ ਜਿੱਤੀ।
- 26 ਫਰਵਰੀ 2013 ਵਿੱਚ 'ਸਪਤਕ'ਸਮਾਰੋਹ, ਗੁਜਰਾਤ ਤੋਂ ਤੀਜਾ ਸਥਾਨ ਪ੍ਰਾਪਤ ਕੀਤਾ।[23]

## ਗੁਰਦਿੱਤ ਸਿੰਘ ਨਾਮਧਾਰੀ

**ਜਨਮ:** ਆਪ ਜੀ ਦਾ ਜਨਮ 1972 ਈ: ਵਿੱਚ ਸਰਸਾ ਵਿਖੇ ਮਾਤਾ ਗੁਰਮੀਤ ਕੌਰ ਜੀ ਦੇ ਕੁਖੋ ਹੋਇਆ।ਆਪ ਜੀ ਦੇ ਪਿਤਾ ਗੁਰਮੁੱਖ ਸਿੰਘ ਜੀ ਵੀ ਸੰਗੀਤ ਵਿੱਚ ਵਧੇਰੇ ਰੁਚੀ ਰੱਖਦੇ ਸਨ।ਜਿੰਨਾਂ ਨੂੰ ਦੇਖ ਆਪ ਜੀ ਨੂੰ ਸੰਗੀਤ ਪ੍ਰਤੀ ਰੁਚੀ ਪੈਦਾ ਹੋਈ।ਆਪ ਜੀ ਨੂੰ ਸੰਗੀਤਕ ਮਾਹੌਲ ਬਚਪਨ ਤੋ ਹੀ ਮਿਲਿਆ।

**ਸੰਗੀਤ ਦੀ ਸਿੱਖਿਆ:** ਆਪ ਜੀ ਨੇ ਸੰਗੀਤ ਦੀ **ਐਮ.ਏ** ਕਰ 2004 ਵਿੱਚ **ਪੀ.ਐਚ.ਡੀ** ਦੀ ਡਿਗਰੀ ਪ੍ਰਾਪਤ ਕੀਤੀ।ਆਪ ਜੀ ਨੇ ਸੰਗੀਤ ਦੇ ਖੇਤਰ ਵਿੱਚ ਹੀ 2002 ਵਿੱਚ **ਨੈਟ** ਦੀ ਪ੍ਰੀਖਿਆ ਵੀ ਪਾਸ ਕੀਤੀ।ਆਪ ਜੀ ਨੇ ਭੈਣੀ ਸਾਹਿਬ ਦੇ ਸੰਗੀਤ ਸੰਮੇਲਨਾਂ ਵਿੱਚ ਵੀ ਭਾਗ ਲਿਆ।ਆਪ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਗੀਤ ਨੂੰ ਦਿੱਤੇ ਗਏ ਯੋਗਦਾਨ ਬਾਰੇ ਖੋਜ ਕਾਰਜ ਕਰ ਮਹੱਤਵਪੂਰਵ ਉਪਰਾਲਾ ਕੀਤਾ।ਜਿੰਨਾਂ ਨੇ ਨਾਮਧਾਰੀ ਸਿੱਖ ਸੰਪ੍ਰਦਾਇ ਨੂੰ ਆਪਣੇ ਖੋਜ ਕਾਰਜ ਰਾਹੀ ਮਹੱਤਵਪੂਰਵ ਖਜਾਨਾ ਦਿੱਤਾ।

**ਪ੍ਰਸਤੁਤੀ:** ਆਪ ਜੀ ਨੂੰ ਭੈਣੀ ਸਾਹਿਬ ਦੇ ਸੰਗੀਤ ਸੰਮੇਲਨਾਂ ਤੋਂ ਇਲਾਵਾ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ ਕਰਵਾਏ ਸੰਗੀਤ ਸਮਾਗਮ ਵਿੱਚ ਵੀ ਪ੍ਰਸਤੁਤੀ ਦਾ ਅਵਸਰ ਪ੍ਰਾਪਤ ਹੋਇਆ।ਆਪ ਜੀ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਜੰਮੂ ਵਿਖੇ ਗਰੁਪ ਵਿੱਚ ਵੀ ਪ੍ਰਸਤਤੀ ਦਿੱਤੀ।ਪਰੰਤੂ ਆਪ ਨੂੰ ਵੱਡੇ ਪੱਧਰ ਉਪਰ ਪ੍ਰਸਤੁਤ ਕਰਨ ਦਾ ਸਮਾਂ ਪ੍ਰਾਪਤ ਨਾ ਹੋ ਪਾਇਆ।

**ਸ਼ਿਸ਼ ਪ੍ਰੰਪਰਾ:** ਆਪ ਜੀ ਨੂੰ ਆਪਣੇ ਸੰਗੀਤ ਦੇ ਖੇਤਰ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਪੁਤਰੀ ਸਾਹਿਬ ਕੌਰ ਜੀ ਦੀ ਬੇਟੀ ਨੂੰ ਸੰਗੀਤ ਸਿੱਖਿਆਂ ਦੇਣ ਦਾ ਅਵਸਰ ਪ੍ਰਾਪਤ ਹੋਇਆ।ਆਪ ਨੇ ਜੁਲਾਈ,2004 ਵਿੱਚ ਅਧਿਆਪਕ ਵਜੋਂ ਅਹੁਦਾ ਸਭਾਲਿਆ।ਆਪ ਨੇ ਆਪਣੇ ਸਕੂਲ ਪੱਧਰ ਤੇ ਵਿਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆਂ ਦਿੱਤੀ।ਜੋ ਅੱਜ ਵੀ ਸਕੂਲ ਵਿੱਚ ਅਧਿਆਪਕ ਵਜੋਂ ਕਾਰਜ ਕਰ ਰਹੇ ਹਨ।[24]

## ਵੀਰ ਸਿੰਘ ਨਾਮਧਾਰੀ (ਗਾਇਨ)

**ਜਨਮ:** ਆਪ ਜੀ ਦਾ ਜਨਮ 2 ਜਨਵਰੀ, 1988 ਈ: ਨੂੰ ਕਾਨਪੁਰ ਵਿਖੇ ਹੋਇਆ।ਆਪ ਜੀ ਨੂੰ ਸੰਗੀਤ ਵਿੱਚ ਰੁਚੀ ਬਚਪਨ ਤੋਂ ਹੀ ਸੀ।ਜਿਸ ਪਿਛੋਂ ਦਿੱਲੀ ਛੱਡ ਆਪ ਸ਼੍ਰੀ ਭੈਣੀ ਸਾਹਿਬ ਵਿਖੇ ਆ ਰਹਿਣ ਲਗੇ।

**ਸੰਗੀਤ ਦੀ ਸਿੱਖਿਆ:** ਆਪ ਜੀ ਨੇ 4 ਸਾਲ ਦੀ ਉਮਰ ਵਿੱਚ ਹੀ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਨੀ ਆਰੰਭ ਕੀਤੀ।ਆਪ ਜੀ ਨੇ ਸਭ ਤੋਂ ਪਹਿਲਾ ਪ੍ਰੋ:ਦਵਿੰਦਰ ਸਿੰਘ, ਬੀਬੀ ਨਰਿੰਦਰ ਕੌਰ ਜੀ ਅਤੇ ਸ਼੍ਰੀ ਆਰ.ਕੇ ਗੋਸਵਾਮੀ ਜੀ ਤੋ ਸੰਗੀਤ ਦੀ ਸਿੱਖਿਆ ਲੈਣੀ ਆਰੰਭ ਕੀਤੀ।ਜਿਸ ਪਿਛੋਂ ਆਪ ਨੇ ਸ਼ਾਸਤਰੀ ਸੰਗੀਤ ਦੀ ਸਿਖਿਆ ਆਪਣੇ ਮਾਮਾ ਸ਼੍ਰੀ ਮੋਹਣ ਸਿੰਘ ਜੀ ਤੋਂ ਪ੍ਰਾਪਤ ਕੀਤੀ।ਜੋ ਕਿ ਰਾਜਨ-ਸਾਜਨ ਮਿਸ਼ਰਾ ਜੀ ਦੇ ਸ਼ਾਗਿਰਦ ਸਨ।

**ਪ੍ਰਸਤੁਤੀ:** ਆਪ ਜੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਸਦਕਾ ਉਹਨਾਂ ਦੀ ਹਜ਼ੂਰੀ ਵਿੱਚ ਸੰਗੀਤ ਪ੍ਰਸਤੁਤੀ ਦਾ ਅਵਸਰ ਪ੍ਰਾਪਤ ਹੋਇਆ।ਆਪ ਨੇ ਸ਼੍ਰੀ ਭੈਣੀ ਸਾਹਿਬ, ਪਾਰਸ ਕਲਾ ਮੰਚ (ਜਲੰਧਰ),ਪੰਡਿਤ ਕ੍ਰਿਸ਼ਨ ਮਹਾਰਾਜ ਸ਼ਰਧਾਜਲੀ ਸਮਾਰੋਹ (ਬਨਾਰਸ) ਆਦਿ ਅਨੇਕਾਂ ਸੰਗੀਤ ਸਮਾਰੋਹਾਂ ਵਿੱਚ ਆਪਣੀ ਕਲਾ ਦਾ ਪ੍ਰਦਰਸ਼ਨ ਕੀਤਾ।ਜੋ ਅੱਜ ਵੀ ਜਾਰੀ ਹੈ।[25]

## ਠਾਕੁਰ ਸਿੰਘ (ਗਾਇਕ ਅਤੇ ਦਿਲਰੁਬਾ ਵਾਦਕ)

**ਜਨਮ:** ਆਪ ਜੀ ਦਾ ਜਨਮ 15 ਜੂਨ,1987 ਈ: ਵਿੱਚ ਸ਼੍ਰੀ ਜੀਵਨ ਨਗਰ, ਸਿਰਸਾ ਵਿਖੇ ਮਾਤਾ ਸੁਰਿੰਦਰ ਕੌਰ ਅਤੇ ਪਿਤਾ ਜਸਵੰਤ ਸਿੰਘ ਦੇ ਘਰ ਹੋਇਆ।ਆਪ ਜੀ ਦਾ ਪਰਿਵਾਰ ਨਾਮਧਾਰੀ ਸੰਪ੍ਰਦਾਇ ਨਾਲ ਹੀ ਸੰਬੰਧ ਰੱਖਦਾ ਹੈ।ਆਪ ਜੀ ਨੇ ਸਤਿਗੁਰੂ ਜੀ ਦੀ ਬਖਸ਼ਿਸ਼ ਨਾਲ ਸੰਗੀਤ ਦੀ ਤਾਲੀਮ ਲੈਣੀ ਆਰੰਭ ਕੀਤੀ।

**ਸੰਗੀਤ ਦੀ ਸਿੱਖਿਆ:** ਆਪ ਜੀ ਨੇ ਸੰਗੀਤ ਦੀ ਸਿੱਖਿਆ 12 ਸਾਲ ਦੀ ਉਮ ਵਿੱਚ ਐਲਨਾਬਾਦ, ਸਿਰਸਾ ਤੋਂ ਲੈਣੀ ਆਰੰਭ ਕੀਤੀ।ਆਪ ਨੇ ਸੰਗੀਤ ਸਿੱਖਣ ਦੀ ਸ਼ੁਰੂਆਤ ਮਹਾਵੀਰ ਪ੍ਰਸ਼ਾਦ ਮੁਕੇਸ਼ ਜੀ (ਸਿਰਸਾ) ਤੋਂ ਕੀਤੀ। ਜਿੰਨਾਂ ਤੋਂ ਪਿਛੋਂ ਤਬਲੇ ਦੀ ਮੁਢਲੀ ਸਿੱਖਿਆ ਪ੍ਰਕਾਸ਼ ਕੁਮਾਰ ਜੀ ਤੋਂ ਗ੍ਰਹਿਣ ਕੀਤੀ।ਇਸ ਤੋਂ ਇਲਾਵਾ ਆਪ ਨੇ ਗਾਇਨ ਦੀ ਸਿੱਖਿਆ ਉਸਤਾਦ ਬਲਵੰਤ ਸਿੰਘ, ਉਸਤਾਦ ਮੋਹਨ ਸਿੰਘ, ਉਸਤਾਦ ਸੁਖਦੇਵ ਸਿੰਘ ਅਤੇ ਉਸਤਾਦ ਹਰਭਜਨ ਸਿੰਘ ਜੀ ਤੋਂ ਪ੍ਰਾਪਤ ਕੀਤੀ।ਗਾਇਨ ਦੀ ਸਿੱਖਿਆ ਤੋਂ ਇਲਾਵਾ ਤਬਲੇ ਦੀ ਉੱਚ ਸਿੱਖਿਆ ਹਰਪ੍ਰੀਤ ਸਿੰਘ ਭੱਟੀ ਅਤੇ ਦਿਲਰੁਬਾ ਦੀ ਸਿੱਖਿਆ ਕੁਲਬੀਰ ਸਿੰਘ ਜੀ ਤੋਂ ਪ੍ਰਾਪਤ ਕੀਤੀ।ਆਪ ਜੀ ਨੇ 2007 ਈ: ਵਿੱਚ ਸੰਗੀਤ ਦੀ **ਬੀ.ਏ**, 2009 ਵਿੱਚ ਸੰਗੀਤ ਦੀ **ਐੱਮ.ਏ** ਪਿਛੋਂ 2018 ਵਿੱਚ **ਪੀ.ਐਚ.ਡੀ** ਦੀ ਸਿੱਖਿਆ ਵੀ ਪ੍ਰਾਪਤ ਕੀਤੀ।

**ਸੰਗੀਤ ਸੰਮੇਲਨਾਂ ਦੀ ਪ੍ਰਸਤੁਤੀ:** ਆਪ ਜੀ ਨੇ ਪਹਿਲੀ ਪ੍ਰਸਤੁਤੀ 1999 ਈ: ਵਿੱਚ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਾਮਧਾਰੀ ਸੰਗੀਤ ਸੰਮੇਲਨ(ਹਿੰਮਤਪੁਰਾ) ਵਿਖੇ ਦਿੱਤੀ।

- 2001 ਵਿੱਚ ਰਾਜ ਪੱਧਰੀ ਯੋਗਤਾ ਦੀ ਪ੍ਰਸਤੁਤੀ ਲਈ ਪਹਿਲਾ ਸਥਾਨ ਪ੍ਰਾਪਤ ਕੀਤਾ।
- 2004 ਤੋਂ 2008 ਈ: ਤੱਕ ਪੰਜਾਬ ਯੂਨੀਵਰਸਿਟੀ ਵਿਖੇ ਗੁਰਬਾਣੀ ਕੀਰਤਨ, ਲੋਕ ਗੀਤ ਅਤੇ ਸ਼ਾਸਤਰੀ ਸੰਗੀਤ ਦੀ ਪ੍ਰਸਤੁਤੀ ਦਿੱਤੀ।
- 2006 ਈ: ਵਿੱਚ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਯੂਵਕ ਮੇਲਾ ਵਿੱਚ ਪ੍ਰਸਤੁਤੀ ਦਿੱਤੀ।
- 2008 ਵਿੱਚ ਨੈਸ਼ਨਲ ਯੂਥਫੈਸਟੀਵਲ (ਚੇਨਈ) ਵਿੱਚ ਸ਼ਾਸਤਰੀ ਗਾਇਨ ਦੀ ਪ੍ਰਸਤੁਤੀ ਦਿੱਤੀ।
- 2008-2009 ਵਿੱਚ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿੱਚ ਸਮੂਹ ਸ਼ਬਦ ਅਤੇ ਏਕਲ ਵਿੱਚ ਗਰੁੱਪ ਸ਼ਬਦ ਦੀ ਪ੍ਰਸਤੁਤੀ ਦਿੱਤੀ।
- ਬਾਬਾ ਹਰਿਵੱਲਬ ਸੰਗੀਤ ਸੰਮੇਲਨ ਵਿੱਚ ਪ੍ਰਸਤੁਤੀ ਦਿੱਤੀ।
- 2010 ਈ: ਵਿੱਚ ਸ਼ਾਸਤਰੀ ਸੰਗੀਤ ਦੀ ਵੰਨਗੀ ਵਿੱਚ 'ਮਨਿਸਟਰ ਆਫ ਕਲਚਰ' ਦੇ ਅਧੀਨ ਸਰਕਾਰ ਦੁਆਰਾ 'ਯੰਗ ਆਰਟਿਸਟ' ਸਕਾਲਰਸ਼ਿਪ ਪ੍ਰਦਾਨ ਕੀਤੀ ਗਈ।
- ਜਨਵਰੀ 2011 ਵਿੱਚ ਭਾਰਤੀ ਕਲਚਰਲ ਐਸੋਸੀਏਸ਼ਨ ਸਿਰਸਾ ਵਿਖੇ ਪ੍ਰਸਤੁਤੀ ਦਿੱਤੀ।
- ਜਨਵਰੀ 2009 ਈ: ਵਿੱਚ ਈਸਟ ਅਫਰੀਕਾ (ਨੈਰੋਬੀ), ਥਾਈਲੈਂਡ, ਬੈਨਕੋਕ ਵਿਖੇ ਪ੍ਰਸਤੁਤੀ ਦਿੱਤੀ।
- 2015 ਈ: ਵਿੱਚ ਸ਼੍ਰੀ ਦਿਨਕਰ ਕੈਂਨਕਨੀ ਬਰਸੀ ਸਮਾਰੋਹ, ਮੁੰਬਈ ਵਿਖੇ ਖਿਆਲ, ਧਰੁਪਦ ਦੀ ਸਹਾਇਕ ਪ੍ਰਸਤੁਤੀ ਦਿੱਤੀ।

ਆਪ ਜੀ ਨੇ ਅਨੇਕਾਂ ਉਸਤਾਦਾਂ ਨਾਲ ਪ੍ਰਸਤੂਤੀ ਵੀ ਦਿੱਤੀ ਜਿੰਨਾਂ ਵਿੱਚ ਉਸਤਾਦ ਬਲਵੰਤ ਸਿੰਘ ਜੀ, ਸ਼੍ਰੀ ਹਰਪ੍ਰੀਤ ਸਿੰਘ ਜੀ, ਸ਼੍ਰੀ ਸੁਖਵਿੰਦਰ ਸਿੰਘ ਜੀ, ਉਸਤਾਦ ਮੋਹਣ ਸਿੰਘ ਜੀ ਦੇ ਨਾਮ ਸ਼ਾਮਿਲ ਹਨ।ਇਹਨਾਂ ਤੋਂ ਇਲਾਵਾ ਆਪ ਨੇ ਗੁਰਬਾਣੀ ਸੰਗੀਤ ਵਿੱਚ ਦਿਲਰੁਬਾ ਉਪਰ ਵੀ ਸਾਥ ਦਿੱਤਾ।ਆਪ ਜੀ ਅੱਜ ਵੀ ਸੰਗੀਤ ਦਾ

ਪ੍ਰਚਾਰ ਕਰ ਰਹੇ ਹਨ।ਅੱਜ-ਕੱਲ ਆਪ ਸੰਗੀਤ ਵਿਭਾਗ, ਪੰਜਾਬ ਯੂਨੀਵਰਸਿਟੀ ਵਿਖੇ ਇੰਸਟਕਟਰ ਵੋਕਲ ਦੇ ਅਹੁਦੇ ਉਪਰ ਸੰਗੀਤ ਸੇਵਾ ਨਿਭਾ ਰਹੇ ਹਨ।[26]

## ਵਰਿੰਦਰ ਸਿੰਘ (ਵਾਦਨ)

**ਜਨਮ ਅਤੇ ਸਿੱਖਿਆ**: ਆਪ ਦਾ ਜਨਮ 24 ਅਕਤੂਬਰ 1990 ਈ: ਵਿੱਚ ਮਾਤਾ ਜਸਵਿੰਦਰ ਕੌਰ ਅਤੇ ਪਿਤਾ ਸਤਨਾਮ ਸਿੰਘ ਜੀ ਦੇ ਘਰ ਹੋਇਆ।ਆਪ ਨੇ ਸੰਗੀਤ ਦੀ ਕਰਨ ਪਿਛੋਂ ਸੰਗੀਤ ਦੀ **ਐਮ ਫਿਲ** ਦੀ ਡਿਗਰੀ ਪ੍ਰਾਪਤ ਕੀਤੀ।ਅੱਜ-ਕੱਲ ਆਪ ਪੰਜਾਬੀ ਯੂਨੀਵਰਸਿਟੀ ਵਿਖੇ **ਪੀ.ਐਚ.ਡੀ** ਦੀ ਪੜਾਈ ਕਰ ਰਹੇ ਹਨ।

**ਪ੍ਰਸਤੂਤੀ**: ਆਪ ਨੇ 2009 ਤੋਂ 2011ਈ: ਤੱਕ ਯੂਥ ਫੈਸਟੀਵਲ (ਵਾਦਨ)ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।ਆਪ ਨੇ 2014ਈ: ਵਿੱਚ ਯੂਥਫੈਸਟੀਵਲ (ਵਾਦਨ) ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

ਆਪ ਨੇ 2014 ਈ: ਵਿੱਚ ਖਾਲਸਾ ਕਾਲਜ ਫਾਰ ਵੋਮੈਨ ਵਿੱਚ ਪ੍ਰਸਤੁਤੀ ਦਿੱਤੀ।

ਆਪ ਨੇ 2015 ਈ: ਵਿੱਚ ਨਾਦ ਪੋਰਗੈਸ ਵਿੱਚ ਪ੍ਰਸਤੁਤੀ ਦਿੱਤੀ।[27]

### ਤੰਤੀ ਸਾਜਾਂ ਦਾ ਵਿਸ਼ੇਸ਼ ਮਹੱਤਵ

ਨਾਮਧਾਰੀ ਸਤਿਗੁਰਾਂ ਨੇ ਕੀਰਤਨ ਕਰਨ ਲਈ ਤੰਤੀ ਸਾਜ਼ਾ ਨੂੰ ਵਧੇਰੇ ਮਹੱਤਵਪੂਰਨ ਮੰਨਿਆ ਹੈ।ਜਿਸ ਤੋਂ ਬਿਨਾਂ ਸੰਗੀਤ ਨੂੰ ਅਧੂਰਾ ਮੰਨਿਆ ਜਾਦਾ ਹੈ।ਸਤਿਗੁਰੂ ਜਗਜੀਤ ਸਿੰਘ ਜੀ ਵੀ ਦਿਲਰੁਬਾ ਸਾਜ਼ ਨਾਲ ਕੀਰਤਨ ਕਰਿਆ ਕਰਦੇ ਸਨ।

"ਗੁਰੂ ਅਤੇ ਸੰਗਤ ਦੀ ਹਜ਼ੂਰੀ ਵਿੱਚ ਕੀਰਤਨਕਾਰ ਜਦੋਂ ਤੰਤੀ ਸਾਜ਼ਾਂ ਨਾਲ ਨਿਰਧਾਰਤ ਰਾਗਾਂ ਵਿੱਚ ਗੁਰਬਾਣੀ ਦਾ ਸੁਰ ਤਾਲ ਬੱਧ ਭਿੰਨਾ ਅਖੰਡ ਕੀਰਤਨ ਕਰਦੇ ਹਨ ਉਸਨੂੰ ਗੁਰਬਾਣੀ ਸੰਗੀਤ ਦੀ ਸਿੱਖਿਆ ਦਿੱਤੀ ਜਾ ਸਕਦੀ ਹੈ।"[28]

ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਤੰਤੀ ਸਾਜ਼ਾਂ ਨਾਲ ਕੀਰਤਨ ਦੀ ਪ੍ਰੰਪਰਾ ਸਤਿਗੁਰੂ ਜਗਜੀਤ ਸਿੰਘ ਜੀ ਤੋਂ ਹੀ ਆਰੰਭ ਹੋਈ।ਜੋ ਇਸ ਸੰਪ੍ਰਦਾਇ ਦੀ ਇੱਕ ਵਿਲੱਖਣ ਪਹਿਚਾਣ ਹੈ।ਗੁਰਮਤਿ ਸੰਗੀਤ ਦੇ ਖੇਤਰ ਵਿੱਚ **'ਪ੍ਰੋ: ਤਾਰਾ ਸਿੰਘ ਜੀ'** ਦਾ ਵਿਸ਼ੇਸ਼ ਸਥਾਨ ਹੈ।ਲਿਖਾਰੀ ਗੁਰਮਤਿ ਸੰਗੀਤ ਦੇ ਵਿਸ਼ੇ ਬਾਰੇ ਅਕਸਰ ਉਦਾਹਰਣਾ ਦਿੰਦੇ ਹਨ।ਗੁਰਬਾਣੀ ਸੰਗੀਤ ਵਿੱਚ **'ਤੰਤੀ ਸਾਜ਼'** ਸ਼ਬਦ ਦੀ ਵਰਤੋਂ ਪ੍ਰੋ: ਸਾਹਿਬ ਜੀ ਨੇ ਹੀ ਕੀਤੀ ਹੈ।ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਬਾਰ ਵਿੱਚ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਦੀ ਮਰਿਆਦਾ ਪ੍ਰਚਲਿਤ ਹੋਈ ਪ੍ਰੰਤੂ ਬੱਚਿਆਂ ਨੂੰ ਸਿਖਲਾਈ ਦੇਣ ਲਈ ਹਰਮੋਨੀਅਮ ਦੀ ਵਰਤੋਂ ਨੂੰ ਵੀ ਸਤਿਗੁਰੂ ਜੀ ਦੁਆਰਾ ਬੰਦ ਕਰ ਦਿੱਤਾ ਗਿਆ।

**ਸਤਿਗੁਰੂ ਜੀ ਦਾ ਕਹਿਣਾ ਸੀ,** "ਕਿ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਤੇ ਸਿੱਖਾਂ ਦੀ ਆਦਿ ਪ੍ਰੰਪਰਾ ਨੂੰ ਸੰਭਾਲਿਆ ਜਾ ਸਕਦਾ ਹੈ ਜਿਸ ਨਾਲ ਸਵਰਾਂ ਨੂੰ ਪੱਕਾ ਕਰਨ ਵਿੱਚ ਸਹਾਇਤਾ ਮਿਲਦੀ ਹੈ।ਸਤਿਗੁਰੂ ਜੀ ਆਪ ਵੀ ਦਿਲਰੁਬਾ ਸਾਜ਼ ਨਾਲ ਹੀ ਕੀਰਤਨ ਕਰਿਆ ਕਰਦੇ ਸਨ।ਜਿਸ ਦੀ ਸਿੱਖਿਆ ਭਾਈ ਮਸਤਾਨ ਸਿੰਘ (ਜੀਵਨ ਸਿੰਘ) ਪਟਿਆਲੇ ਤੋਂ ਲਈ ਇਸ ਤੋਂ ਇਲਾਵਾ ਆਪ ਸਾਰੰਦੇ ਦਾ ਵੀ ਗਿਆਨ ਰੱਖਦੇ ਸਨ।ਸਭ ਤੋਂ ਪਹਿਲਾਂ ਦਿਲਰੁਬਾ ਨਾਲ ਹੀ'ਆਸਾ ਦੀ ਵਾਰ'ਦਾ ਕੀਰਤਨ ਕਰਨਾ ਆਰੰਭ ਹੋਇਆ। ਜਿਸ ਪਿਛੋਂ ਸਮੇਂ ਦੀ ਲੋੜ ਮੁਤਾਬਿਕ ਹੋਰਨਾਂ ਸਾਜ਼ ਹੋਂਦ ਵਿੱਚ ਆਏ ਅਤੇ ਉਹਨਾਂ ਦੀ ਵਰਤੋਂ ਕੀਰਤਨ ਲਈ ਕੀਤੀ ਜਾਣ ਲੱਗੀ।ਜਿਨ੍ਹਾਂ ਵਿੱਚ ਬੀਬੀਆਂ ਨੂੰ ਵੀ ਰਬਾਬ, ਦਿਲਰੁਬਾ, ਸਿਤਾਰ, ਸਾਰੰਗੀ, ਸੰਤੂਰ, ਬਾਂਸੁਰੀ, ਤਬਲਾ, ਤਾਊਸ ਆਦਿ ਹੋਰਨਾਂ ਸਾਜ਼ਾਂ ਨੂੰ ਸਿੱਖਣ ਦਾ ਮੌਕਾ ਮਿਲਿਆ।

ਪਹਿਲਾ ਨਵ-ਵਿਦਿਆਰਥੀਆਂ ਜਾਂ ਛੋਟੇ ਬੱਚਿਆਂ ਨੂੰ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਤੋਂ ਛੋਟ ਹੁੰਦੀ ਸੀ।ਪ੍ਰੰਤੂ ਹੁਣ ਸਤਿਗੁਰੂ ਜੀ ਨੇ ਘਰੇਲੂ ਬੈਠਕ ਵਿੱਚ ਵੀ ਤੰਤੀ ਸਾਜ਼ਾਂ ਨਾਲ ਕੀਰਤਨ ਦੀ ਪ੍ਰਥਾ ਆਰੰਭ ਕੀਤੀ ਹੈ।ਜੋ ਅੱਜ ਵੀ ਚਲੀ ਆ ਰਹੀ ਹੈ।ਇਸ ਪਿਛੋਂ ਉਹਨਾਂ ਦਾ ਮੁੱਖ ਉਦੇਸ਼ ਸੀ:

1. ਤੰਤੀ ਸਾਜ਼ਾਂ ਦੇ ਕੀਰਤਨ ਸਿੱਖਾਂ ਦੀ ਸੰਗੀਤਕ ਪ੍ਰੰਪਰਾ ਨੂੰ ਸੰਭਾਲਣਾ।
2. ਤੰਤੀ ਵਾਦਨ ਦੀ ਲੋਕਪ੍ਰਿਯ ਤੇ ਲੋਕਾਂ ਦੇ ਝੁਕਾਅ ਵਿੱਚ ਵਾਧਾ ਕਰਨਾ।
3. ਸੰਗੀਤ ਨਾਲ ਜੁੜੇ ਸਿੱਖਾਂ ਦੇ ਸੁਰ ਗਿਆਨ ਵਿੱਚ ਵਾਧਾ ਕਰਨਾ।
4. ਸਾਜ਼ਾਂ ਦੀ ਗੁਲਾਮੀ ਨੂੰ ਤਿਆਗਣਾ ਆਦਿ।

ਸਤਿਗੁਰੂ ਜੀ ਨੇ ਬੀਬੀਆਂ ਅਤੇ ਮਰਦਾਂ ਦੋਨਾਂ ਲਈ ਹੀ ਵੱਡੇ-ਵੱਡੇ ਉਸਤਾਦਾਂ ਦੇ ਪ੍ਰਬੰਧ ਕੀਤੇ ਹੋਏ ਸਨ ਜਿਨ੍ਹਾਂ ਵਿੱਚ ਤਬਲੇ ਦੀ ਸਿੱਖਿਆ ਪਹਿਲਾ ਸ਼ੇਰ ਸਿੰਘ ਦੁਆਰਾ ਫਿਰ ਪੰਡਿਤ ਰਮਾਕਾਂਤ ਜੀ ਦੁਆਰਾ ਦਿੱਤੀ ਜਾਂਦੀ।ਸਾਰੰਗੀ ਅਤੇ ਦਿਲਰੁਬਾ ਸਾਜ਼ ਦੀ ਸੇਵਾ ਉਸਤਾਦ ਹਰਭਜਨ ਸਿੰਘ ਤੇ ਉਸਤਾਦ ਸੁਰਜੀਤ ਸਿੰਘ ਨੂੰ ਸੌਂਪੀ ਗਈ।ਸਤਿਗੁਰੂ ਜੀ ਆਪਣਾ ਕੀਮਤੀ ਸਮਾਂ ਕੱਢ ਕੇ ਇਹਨਾਂ ਬੀਬੀਆਂ ਕੋਲ ਬੈਠਦੇ ਅਤੇ ਕੀਰਤਨ ਦੀ ਸਿੱਖਲਾਈ ਦਿੰਦੇ।ਇਹਨਾਂ ਬੀਬੀਆਂ ਦੁਆਰਾ ਸਤਿਗੁਰੂ ਜਗਜੀਤ ਸਿੰਘ ਦੀ ਹਜ਼ੂਰੀ ਵਿੱਚ ਤੰਤੀ ਸਾਜ਼ਾਂ ਨਾਲ ਕੀਰਤਨ ਕੀਤਾ ਜਾਂਦਾ। ਜੋ ਅੱਜ ਵੀ ਦੇਸ਼ਾਂ-ਵਿਦੇਸ਼ਾਂ ਵਿੱਚ ਨਾਮਧਾਰੀ ਸੰਗੀਤਕ ਪ੍ਰੰਪਰਾ ਦਾ ਪ੍ਰਚਾਰ ਕਰ ਰਹੀਆਂ ਹਨ।ਸਿੱਖਾਂ ਦੇ ਧਾਰਮਿਕ ਗ੍ਰੰਥ ਵਿੱਚ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕੀਰਤਨ ਕਰਕੇ ਸੁਣਾਉਣ ਵਾਲੇ ਭਾਈ ਮਰਦਾਨਾ ਜੀ ਦਾ ਵੀ ਜ਼ਿਕਰ ਮਿਲਦਾ ਹੈ ਜੋ ਆਪਣੀ ਰਬਾਬ ਨਾਲ ਕੀਰਤਨ ਕਰਕੇ ਗੁਰੂ ਨਾਨਕ ਦੇਵ ਜੀ ਨੂੰ ਮੰਤਰ ਮੁਕਤ ਕਰ ਦਿੰਦੇ ਸੀ।ਜਿਸ ਦਾ ਜ਼ਿਕਰ ਭਾਈ ਗੁਰਦਾਸ ਜੀ ਦੁਆਰਾ **'ਆਪਣੀ ਵਾਰ'** ਵਿੱਚ ਕੀਤਾ ਹੈ।

**"ਫਿਰ ਬਾਬਾ ਗਿਆ ਬਗਦਾਦ ਨੌ**

**ਬਾਹਰਿ ਜਾਇ ਕੀਆ ਅਸਥਾਨਾ।**

**ਇੱਕ ਬਾਬਾ ਅਕਾਲ ਰੂਪ,**

**ਦੂਜਾ ਰਬਾਬੀ ਮਰਦਾਨਾ।**

**ਦਿੱਤੀ ਬਾਂਗ ਨਮਾਜ਼ਿ ਕਰ,**

**ਸੁੰਨ ਸਮਾਨਿ ਹੋਆ ਜਹਾਨਾ।**

**ਸੁੰਨ ਮੁੰਨ ਨਗਰੀ ਭਈ**

**ਦੇਖ ਪੀਰ ਹੋਆ ਹੈਰਾਨਾ**[29]

ਇਸ ਤੋਂ ਇਲਾਵਾ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਵੀ ਰਬਾਬ ਦਾ ਵਰਨਣ ਕੀਤਾ ਹੈ।

**"ਝਾਲਰ ਤਾਲ ਮਦੰਗ ਉਪੰਗ ਰਬਾਬ ਲੀਏਸਰ ਸਾਜ਼ ਮਿਲਾਵੇ"।**[30]

ਜਿਸਦੇ ਕੀਰਤਨ ਕਰਨ ਦੀ ਪ੍ਰੰਪਰਾ ਪੰਜਵੀਂ ਪਾਤਸ਼ਾਹੀ ਸ਼੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਵਿੱਚ ਵੀ ਪ੍ਰਚਲਿਤ ਸੀ। ਜਿਸ ਸਮੇਂ ਬਲਵੰਡ ਤੇ ਸੱਤਾ ਦਰਬਾਰ ਵਿੱਚ ਕੀਰਤਨ ਕਰਿਆ ਕਰਦੇ ਸਨ।

**"ਅਨੇਕਾਂ ਢਾਂਡੀ ਅੱਜ ਵੀ 'ਵਾਰ ਗਾਇਕੀ' ਦੀ ਸੰਗਤ ਸਾਰੰਦਗੀ ਨਾਲ ਕਰਦੇ ਹਨ"।**[31]

**"ਸਾਰੰਦਾ ਸਿੱਖ ਧਰਮ ਦੇ ਸੰਗੀਤ ਵਿੱਚ ਅੱਜ ਵੀ ਪ੍ਰਚਲਿਤ ਹੈ"।**[32]

"18ਵੀਂ, 19ਵੀਂ ਅਤੇ 20ਵੀਂ ਸਦੀ ਵਿੱਚ ਭਾਈ ਕਰਮ ਸਿੰਘ, ਭਾਈ ਲਾਭ ਸਿੰਘ, ਭਾਈ ਸੰਗਤ ਸਿੰਘ ਆਦਿ ਤੋਂ ਇਲਾਵਾ ਪ੍ਰਮੁੱਖ ਤੌਰ ਤੇ ਇਸ ਸਾਜ਼ ਦੇ ਵਾਦਨ ਬ੍ਰਹਮ ਗਿਆਨੀ ਬਾਬਾ ਸ਼ਾਮ ਸਿੰਘ ਹੋਏ ਜਿਨ੍ਹਾਂ ਨੇ 70 ਵਰ੍ਹੇ ਇਸ ਸਾਜ਼ ਨਾਲ ਕੀਰਤਨ ਦੀ ਸੇਵਾ ਨਿਭਾਈ।ਵਰਤਮਾਨ ਸਮੇਂ ਭਾਵੇਂ ਇਸ ਸਾਜ਼ ਦਾ ਪ੍ਰਚਲਨ ਨਾ ਮਾਤਰ ਹੀ ਰਿਹਾ ਹੈ ਪਰ ਪੰਜਾਬ ਦੇ ਕੁਝ ਰਾਗੀਆਂ ਤੋਂ ਇਲਾਵਾ ਰਾਜਸਥਾਨ ਦੇ ਪਰੰਪਰਾਗਤ ਲੋਕ ਗਾਇਕਾਂ "(ਢਾਡੀਆਂ) ਵਿੱਚ ਇਹ ਸਾਜ਼ ਅਜੇ ਵੀ ਪ੍ਰਚਾਰ ਵਿੱਚ ਹੈ"।[33]

ਨਾਮਧਾਰੀ ਸਿੱਖ ਸੰਪ੍ਰਦਾਇ ਦੀਆਂ ਤੰਤੀ ਸਾਜ਼ਾਂ ਨਾਲ ਕੀਰਤਨ ਕਰਨ ਵਾਲੀਆਂ ਬੀਬੀਆਂ ਜਿਨ੍ਹਾਂ ਨੇ ਸਤਿਗੁਰੂ ਜੀ ਤੋਂ ਸਿੱਖਣਾ ਆਰੰਭ ਕੀਤਾ।

| | |
|---|---|
| ਬੀਬੀ ਸਾਹਿਬ ਕੋਰ | ਗਾਇਨ |
| ਸਿਮਰਤਪਾਲ ਕੌਰ | ਗਾਇਨ ਤੇ ਵਾਦਨ |
| ਹਰਮੀਤ ਕੌਰ | ਗਾਇਨ |
| ਗੁਰਦਰਸ਼ਨ ਕੌਰ | ਗਾਇਨ |
| ਗੁਰਦੀਪ ਕੌਰ | ਗਾਇਨ ਤੇ ਸਿਤਾਰ |
| ਗੁਰਮੀਤ ਕੌਰ | ਗਾਇਨ ਤੇ ਸਰੋਦ |
| ਪਰਮਜੀਤ ਕੌਰ | ਗਾਇਨ ਤੇ ਸਾਰੰਗੀ |
| ਸਿਮਰਤਪਾਲ ਕੌਰ | ਗਾਇਨ ਤੇ ਸਿਤਾਰ |

ਸਤਿਗੁਰੂ ਜੀ ਗਾਇਨ ਦੇ ਨਾਲ ਨਾਲ ਨਵੇਂ ਸਾਜ਼ਾਂ ਦੇ ਵੀ ਤਜ਼ਰਬੇ ਕਰਦੇ ਰਹਿੰਦੇ ਸਨ।

"**ਨਾਮਧਾਰੀ ਤਰੰਗ**' ਨਾਮ ਸਤਿਗੁਰੂ ਜੀ ਦੇ ਕਹਿਣੇ ਤੇ ਉਸਤਾਦ ਅਮਜ਼ਦ ਅਲੀ ਖਾਂ ਦੁਆਰਾ ਰੱਖਿਆ ਗਿਆ ਸੀ। ਇੱਕ ਵਾਰ ਬਲਵੰਤ ਸਿੰਘ ਨਾਮਧਾਰੀ ਦੁਆਰਾ ਸੰਗੀਤ ਦੀ ਸਭਾ ਵਿੱਚ ਕੱਚ ਕੇ ਗਿਲਾਸਾਂ ਦਾ ਵਾਦਨ ਕੀਤਾ ਜਿਸ ਦਾ ਕੋਈ ਨਾਮ ਨਹੀਂ ਸੀ ਰੱਖਿਆ ਗਿਆ ਤਾਂ ਇਸ ਨਾਮ ਦੀ ਉਤੱਪਤੀ ਸਤਿਗੁਰੂ ਜੀ ਦੇ ਕਹਿਣ ਤੇ ਉਸਤਾਦ ਅਮਜ਼ਦ ਅਲੀ ਖਾਂ ਦੁਆਰਾ ਹੋਈ।

ਤੰਤੀ ਸਾਜ਼ਾਂ ਵਿੱਚੋਂ ਸਤਿਗੁਰੂ ਜੀ ਨੇ ਦਿਲਰੁਬਾ, ਇਸਰਾਜ਼, ਤਾਊਸ ਵਰਗੇ ਸਾਜ਼ਾਂ ਨੂੰ ਕੀਰਤਨ ਦੇ ਲਈ ਚੁਣਿਆ।ਜਿਨ੍ਹਾਂ ਦਾ ਹੀ ਇੱਕ ਰੂਪ ਜੋ ਕਿ ਬਹੁਤ ਘੱਟ ਸੁਣਨ ਨੂੰ ਮਿਲਦਾ ਹੈ ਉਹ ਹੈ 'ਤਾਰ ਸ਼ਹਿਨਾਈ'।ਅੱਜ ਇਸ ਸਾਜ਼ ਨਾਲ ਵੀ ਕੀਰਤਨ ਕੀਤਾ ਜਾਂਦਾ ਹੈ।ਜਿਸ ਸਾਜ਼ ਨੂੰ ਵਜਾਉਣ ਵਾਲੇ ਠਾਕੁਰ ਉਦੈ ਸਿੰਘ, ਸੁਖਦੇਵ ਸਿੰਘ ਦੇ ਨਾਮ ਸਾਹਮਣੇ ਆਉਂਦੇ ਹਨ।ਜਿਹਨਾਂ ਦੇ ਸ਼ਾਗਿਰਦਾਂ ਵਿੱਚੋਂ ਉਸਤਾਦ ਬਲਜੀਤ ਸਿੰਘ, ਗੁਰਦੇਵ ਸਿੰਘ, ਹਰਬੰਸ ਸਿੰਘ ਘੁਲਾ, ਮਹਲ ਸਿੰਘ, ਉਭਰਦਾ ਹੋਇਆ ਇੱਕ ਸਿਤਾਰਾ ਈਸ਼ਰ ਸਿੰਘ ਨਾਮਧਾਰੀ ਵੀ ਹਨ ਜੋ ਇਸ ਤੰਤੀ ਸਾਜ਼ ਨਾਲ ਕੀਰਤਨ ਦੀ ਪ੍ਰੰਪਰਾ ਨੂੰ ਅੱਗੇ ਤੋਰ ਰਹੇ ਸਨ।ਇਸ ਪ੍ਰਕਾਰ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਚਲਾਈ ਗਈ ਤੰਤੀ ਸਾਜਾਂ ਦੀ ਪ੍ਰੰਪਰਾ ਅੱਜ ਵੀ ਪ੍ਰਚਲਿਤ ਹੈ "।[34]

"**ਡਾ. ਗੁਰਨਾਮ ਸਿੰਘ ਜੀ ਦੱਸਦੇ** ਹਨ, ਕਿ ਗੁਰਮਤਿ ਸੰਗੀਤ ਵਿੱਚ ਪੁਰਾਤਨ ਸਮੇਂ ਤੋਂ ਹੀ ਤੰਤੀ ਸਾਜ਼ਾਂ ਨੂੰ ਵਿਸ਼ੇਸ਼ ਮਹੱਤਵ ਦਿੱਤਾ ਜਾਂਦਾ ਰਿਹਾ ਹੈ।ਕੀਰਤਨ ਦੇ ਨਾਲ ਦਿਲਰੁਬਾ, ਪਖਾਵਰਬਾਬ, ਵਰਗੇ ਅਨੇਕਾ ਹੀ ਸਾਜ਼ ਵਰਤੇ

ਜਾਂਦੇ ਰਹੇ ਹਨ"।[35]

ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਜਿੰਨੀ ਮਹੱਤਤਾ ਸ਼ਾਸਤਰੀ ਸੰਗੀਤ ਨੂੰ ਦਿੱਤੀ ਜਾਂਦੀ ਹੈ ਉਹਨੀਂ ਹੀ ਤੰਤੀ ਸਾਜ਼ਾਂ ਨੂੰ ਵੀ ਦਿੱਤੀ ਜਾਂਦੀ ਹੈ।ਜਿਸ ਦਾ ਪ੍ਰਤੱਖ ਪ੍ਰਮਾਣ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਬਣਾਏ ਨਵੇਂ ਸਾਜ਼ਾਂ ਤੋਂ ਪ੍ਰਾਪਤ ਹੁੰਦਾ ਹੈ।ਜੋ ਨਾਮਧਾਰੀ ਸੰਗੀਤ ਦੀ ਵਿਸ਼ੇਸ਼ ਪਹਿਚਾਣ ਵੀ ਹਨ।

## ਹਵਾਲੇ ਅਤੇ ਟਿੱਪਣੀਆਂ


1. ਪ੍ਰੀਤਮ ਸਿੰਘ ਆਰਸੀ, ਮਹਾਂਨੂਰ, ਨਵਯੁੱਗ ਪਬਲੀਸ਼ਰਜ਼ ਦਿੱਲੀ, ਪੰਨਾਂ ਸੰਖਿਆਂ -210
2. ਗੁਰਦਿੱਤ ਸਿੰਘ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਨੂੰ ਯੋਗਦਾਨ, ਪੰਨਾ ਨੰ - 199
3. ਭੇਂਟ ਵਾਰਤਾ, ਉਸਤਾਦ ਹਰਭਜਨ ਸਿੰਘ ਜੀ, ਮਿਤੀ-18 ਨਵੰਬਰ,2017, ਭੈਣੀ ਸਾਹਿਬ, ਲੁਧਿਆਣਾ।
4. ਫੋਨਵਾਰਤਾਲਾਪ, ਉਸਤਾਦ ਗੁਰਦੇਵ ਸਿੰਘ ਜੀ, ਮਿਤੀ-18 ਨਵੰਬਰ,2018.
5. ਭੇਂਟ ਵਾਰਤਾ, ਬੀਬੀ ਬਲਵਿੰਦਰ ਕੌਰ ਨਾਮਧਾਰੀ, ਮਿਤੀ- 19 ਨਵੰਬਰ, 2018 (ਭੈਣੀ ਸਾਹਿਬ ).
6. ਭੇਂਟ ਵਾਰਤਾ, ਸੁਖਦੇਵ ਸਿੰਘ, ਸ੍ਰੀ ਭੈਣੀ ਸਾਹਿਬ, ਮਿਤੀ 21 ਨਵੰਬਰ,2017
7. ਫੋਨ ਵਾਰਤਾਲਾਪ, ਬਲਜੀਤ ਸਿੰਘ ਨਾਮਧਾਰੀ, 4 ਮਾਰਚ,2018.
8. ਭੇਂਟ ਵਾਰਤਾ, ਉਸਤਾਦ ਬਲਵੰਤ ਸਿੰਘ, ਮਿਤੀ- 23 ਫਰਵਰੀ 2017 (ਭੈਣੀ ਸਾਹਿਬ )।
9. ਭੇਂਟ ਵਾਰਤਾ, ਸ੍ਰੀ ਹਰਜ਼ਿੰਦਰਪਾਲ ਸਿੰਘ ਨਾਮਧਾਰੀ, ਮਿਤੀ 19 ਨਵੰਬਰ, 2017, (ਭੈਣੀ ਸਾਹਿਬ)।
10. ਭੇਂਟ ਵਾਰਤਾ, ਸੁਰਜੀਤ ਸਿੰਘ, ਮਿਤੀ-25 ਮਾਰਚ,2017 (ਭੈਣੀ ਸਾਹਿਬ)।
11. ਫੋਨਵਾਰਤਾਲਾਪ, ਸ਼ਮਿੰਦਰਪਾਲ ਸਿੰਘ ਨਾਮਧਾਰੀ, ਮਿਤੀ-9 ਅਕਤੂਬਰ,2017.
12. ਭੇਂਟ ਵਾਰਤਾ, ਰਾਜ਼ੇਸ਼ ਮਾਲਵੀਆ, ਮਿਤੀ-14 ਅਪ੍ਰੈਲ,2017 (ਭੈਣੀ ਸਾਹਿਬ)।
13. ਗੁਰਦਿੱਤ ਸਿੰਘ, ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਨੂੰ ਯੋਗਦਾਨ, ਪੰਨਾਂ ਨੰ-230.
14. मीरा मदन, नामधारी सिक्ख सम्प्रदाय की हिन्दुस्तानी शास्त्रीय संगीत को देन, पृ 113

15. ਫੋਨਵਾਰਤਲਾਪ, ਸੁਖਵਿੰਦਰ ਸਿੰਘ ਪਿੰਕੀ, ਮਿਤੀ-13 ਅਗਸਤ,2017.
16. ਭੇਂਟ ਵਾਰਤਾ, ਹਰਪ੍ਰੀਤ ਸਿੰਘ, ਸ਼੍ਰੀ ਭੈਣੀ ਸਾਹਿਬ,4 ਅਕਤੂਬਰ,2017.
17. मीरा मदन, नामधारी सिक्ख सम्प्रदाय की हिन्दुस्तानी शास्त्रीय संगीत को देन, पृ 101
18. ਭੇਂਟ ਵਾਰਤਾ, ਗੁਰਦਿਆਲ ਸਿੰਘ, ਮਿਤੀ-4 ਫਰਵਰੀ 2017, ਚੰਡੀਗੜ੍ਹ।
19. ਭੇਂਟ ਵਾਰਤਾ, ਹਰਵਿੰਦਰ ਸਿੰਘ, ਮਿਤੀ-7 ਜੂਨ,2017, (ਭੈਣੀ ਸਾਹਿਬ)।
20. ਭੇਂਟ ਵਾਰਤਾ, ਕਿਰਪਾਲ ਸਿੰਘ, 23 ਨਵੰਬਰ,2017,ਸ਼੍ਰੀ ਭੈਣੀ ਸਾਹਿਬ।
21. ਭੇਂਟ ਵਾਰਤਾ, ਈਸ਼ਰ ਸਿੰਘ ਨਾਮਧਾਰੀ, ਮਿਤੀ-12 ਮਈ 2017 (ਭੈਣੀ ਸਾਹਿਬ)।
22. ਭੇਂਟ ਵਾਰਤਾ, ਅਮਨਦੀਪ ਸਿੰਘ, ਮਿਤੀ 7 ਅਗਸਤ,2017, ਭੈਣੀ ਸਾਹਿਬ, ਲੁਧਿਆਣਾ।
23. ਭੇਂਟ ਵਾਰਤਾ, ਗਿਆਨ ਸਿੰਘ,18 ਨਵੰਬਰ,2017, ਸ਼੍ਰੀ ਭੈਣੀ ਸਾਹਿਬ।
24. ਫੋਨਵਾਰਤਾਲਾਪ, ਗੁਰਦਿੱਤ ਸਿੰਘ, ਮਿਤੀ 2 ਫਰਵਰੀ, 2018.
25. ਫੋਨਵਾਰਤਾਲਾਪ, ਬੀਰ ਸਿੰਘ, ਮਿਤੀ 16 ਨਵੰਬਰ,2017.
26. ਭੇਂਟ ਵਾਰਤਾ, ਠਾਕੁਰ ਸਿੰਘ, ਭੈਣੀ ਸਾਹਿਬ, ਮਿਤੀ-13 ਫਰਵਰੀ 2017
27. ਭੇਂਟ ਵਾਰਤਾ, ਵਰਿੰਦਰ ਸਿੰਘ, ਮਿਤੀ-4 ਨਵੰਬਰ 2016, ਸ਼੍ਰੀ ਭੈਣੀ ਸਾਹਿਬ
28. ਵਿਸਮਾਦ ਨਾਦ (ਪਤ੍ਰਿਕਾ) ਅਕਤੂਬਰ-1992, ਪੰਨਾਂ ਸੰਖਿਆਂ-22.
29. ਵਾਰਾਂ ਭਾਈ ਗੁਰਦਾਸ, ਵਾਰ-1.
30. ਸ਼੍ਰੀ ਦਸਮ ਗ੍ਰੰਥ ਸਾਹਿਬ।
31. ਵਿਸਮਾਦ ਨਾਦ (ਪਤ੍ਰਿਕਾ) ਅਕਤੂਬਰ-1992, ਪੰਨਾਂ ਸੰਖਿਆਂ-31.
32. ਗੁਰਮਤਿ ਪ੍ਰਕਾਸ਼ (ਪਤ੍ਰਿਕਾ) ਅਕਤੂਬਰ-1991,ਪੰਨਾਂ ਸੰਖਿਆਂ-16
33. ਅੰਮ੍ਰਿਤ ਕੀਰਤਨ (ਪਤ੍ਰਿਕਾ) ਜੂਨ-2002, ਪੰਨਾਂ ਸੰਖਿਆਂ-9-10
34. ਭੇਂਟ ਵਾਰਤਾ, ਗਿਆਨ ਸਿੰਘ, ਸ਼੍ਰੀ ਭੈਣੀ ਸਾਹਿਬ, ਮਿਤੀ- 12 ਅਪ੍ਰੈਲ, 2017.

35. ਭੇਂਟ ਵਾਰਤਾ, ਡਾਂ ਗੁਰਨਾਮ ਸਿੰਘ, ਗੁਰੂ ਨਾਨਕ ਦੇਵ ਯੂਨੀਵਰਸਿਟੀ, (ਅੰਮ੍ਰਿਤਸਰ), ਮਿਤੀ-10 ਸਤੰਬਰ, 2017.

# 3

# ਨਾਮਧਾਰੀ ਸਿੱਖ ਸੰਪ੍ਰਦਾਇ ਦੁਆਰਾ ਪ੍ਰੋਤਸਾਹਿਤ ਇਸਤਰੀ ਕਲਾਕਾਰ (ਜੀਵਨ ਦਰਸ਼ਨ)

ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਸ਼ਾਸਤਰੀ ਸੰਗੀਤ ਵਿੱਚ ਕੀਰਤਨ ਕਰਨ ਦੀ ਪ੍ਰੰਪਰਾ ਤਾਂ ਪੁਰਾਤਨ ਸਮੇਂ ਤੋਂ ਹੀ ਚਲੀ ਆ ਰਹੀ ਹੈ ਪ੍ਰੰਤੂ ਬੀਬੀਆਂ ਦੁਆਰਾ ਕੀਰਤਨ ਦਰਬਾਰ ਵਿੱਚ ਸ਼ਾਮਿਲ ਹੋਣਾ ਅਤੇ ਕੀਰਤਨ ਕਰਨ ਦੀ ਪ੍ਰਥਾ **ਸਤਿਗੁਰੂ ਜਗਜੀਤ ਸਿੰਘ ਜੀ** ਦੀ ਬਖ਼ਸ਼ਿਸ਼ ਨਾਲ ਹੀ ਆਰੰਭ ਹੋਈ। ਜਿਸਨੂੰ ਸੰਗੀਤ ਦੇ ਖੇਤਰ ਵਿੱਚ ਬੀਬੀਆਂ ਦੇ ਯੁੱਗ ਦੀ ਸ਼ੁਰੂਆਤ ਕਹਿ ਸਕਦੇ ਹਾਂ ਜਿਸ ਦਾ ਮੁੱਖ ਧੁਰਾ ਸਭ ਤੋਂ ਪਹਿਲਾਂ ਸਤਿਗੁਰੂ ਜੀ ਦੁਆਰਾ ਸੰਸਥਾਪਿਤ ਬੀਬੀ ਨਰਿੰਦਰ ਕੌਰ ਸਨ ਜੋ ਕਿ ਨੈਰੋਬੀ (ਕੀਨੀਆ) ਦੇਸ਼ ਦੇ ਰਹਿਣ ਵਾਲੇ ਸਨ, ਬੀਬੀ ਜੀ ਸਤਿਗੁਰੂ ਜੀ ਦੇ ਹੁਕਮਾਂ ਦਾ ਪਾਲਣ ਕਰਦੇ ਹੋਏ ਆਪਣਾ ਦੇਸ਼ ਛੱਡ ਕੇ ਭੈਣੀ ਸਾਹਿਬ ਵਿਖੇ ਆ ਕੇ ਰਹਿਣ ਲੱਗੇ।

ਜਿੰਨਾਂ ਦੀਆਂ ਸੰਗੀਤਮਈ ਧੁਨਾਂ ਨੇ ਵਿਦੇਸ਼ਾ ਵਿੱਚ ਹੀ ਨਹੀ ਬਲਕਿ ਭਾਰਤੀ ਇਸਤਰੀਆ ਨੂੰ ਵੀ ਸ਼ਾਸਤਰੀ ਸੰਗੀਤ ਵੱਲ ਆਕਰਸ਼ਿਤ ਕੀਤਾ। ਉਹਨਾ ਦੀ ਦਮਦਾਰ ਅਵਾਜ਼ ਨੇ ਇਸਤਰੀਆ ਨੂੰ ਸੰਗੀਤ ਸਿੱਖਣ ਅਤੇ ਸੁਣਨ ਲਈ ਮਜਬੂਰ ਕਰ ਦਿੱਤਾ। ਜਿਸ ਨੂੰ ਇਸਤਰੀਆ ਦਾ ਸੰਗੀਤਕ ਆਰੰਭਤਾ ਦਾ ਕਾਲ ਕਿਹਾ ਜਾਣ ਲੱਗਾ।

"ਇਸਤਰੀਆਂ ਵਿੱਚ ਜੋਟੀਆਂ ਵਾਲੇ ਸ਼ਬਦਾਂ ਦਾ ਗਾਇਨ (ਲੋਕ ਸੰਗੀਤ) ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਸਮੇਂ ਤੋਂ ਚੱਲਿਆਂ ਆ ਰਿਹਾ ਹੈ। ਇਹ ਇੱਕਲੀਆਂ ਹੀ ਗਾਉਂਦੀਆਂ ਸਨ ਤਾਂ ਸੰਗਤ ਵਿੱਚ ਸਰੋਤੇ ਕੇਵਲ ਇਸਤਰੀਆਂ ਹੀ ਹੁੰਦੀਆਂ ਸਨ,ਜੇ ਪੂਰੀ ਸੰਗਤ (ਇਸਤਰੀ ਪੁਰਸ਼ ਦੋਂਵੇ) ਵਿੱਚ ਗਾਉਂਦੀਆਂ ਸਨ ਤਾਂ ਪੁਰਸ਼ ਗਾਇਨ ਵਿੱਚ ਸਹਿਭਾਗੀ ਹੁੰਦੇ ਸਨ। ਰਾਗ ਆਧਾਰਿਤ 'ਆਸਾ ਦੀ ਵਾਰ' ਦੇ ਕੀਰਤਨ ਵਿੱਚ ਕੇਵਲ ਹੁਕਮੀ ਵਰਿਆਂਹੀ ਦਾ ਨਾਮ ਮਿਲਦਾ ਹੈ।"[1]

ਸਭ ਤੋਂ ਪਹਿਲਾਂ ਬੀਬੀ ਨਰਿੰਦਰ ਕੌਰ ਜੀ ਦੇ ਜੀਵਨ ਉਪਰ ਝਾਤ ਮਾਰਦੇ ਹਾਂ। ਜਿੰਨਾ ਦਾ ਸੰਗੀਤ ਜਗਤ ਵਿੱਚ ਵਿਸ਼ੇਸ਼ ਯੋਗਦਾਨ ਰਿਹਾ। ਸਭ ਤੋਂ ਪਹਿਲਾ ਨਾਮਧਾਰੀ ਇਸਤਰੀ ਕਲਾਕਾਰਾਂ ਦੀ ਸਾਰਣੀ ਸੂਚੀ ਦੱਸੀ ਗਈ ਹੈ। ਜਿਸ ਵਿੱਚ ਇਸਤਰੀ ਕਲਾਕਾਰਾਂ ਦਾ ਵੇਰਵਾ ਵੀ ਦਿੱਤਾ ਗਿਆ ਹੈ।

1 ਬੀਬੀ ਨਰਿੰਦਰ ਕੌਰ

2 ਬੀਬੀ ਸਾਹਿਬ ਕੌਰ

3 ਬੀਬੀ ਜਗਦੀਪ ਕੌਰ

4 ਬੀਬੀ ਸਿਮਰਤਪਾਲ ਕੌਰ

5 ਬੀਬੀ ਹਰਮੀਤ ਕੌਰ

6 ਬੀਬੀ ਗੁਰਦਰਸ਼ਨ ਕੌਰ

7 ਬੀਬੀ ਗੁਰਮੀਤ ਕੌਰ

8 ਬੀਬੀ ਗੁਰਦੀਪ ਕੌਰ

9 ਬੀਬੀ ਪਰਮਜੀਤ ਕੌਰ

10 ਬੀਬੀ ਸਿਮਰਜੀਤ ਕੌਰ

11 ਬੀਬੀ ਵੀਰਪਾਲ ਕੌਰ

12 ਬੀਬੀ ਪਵਨਦੀਪ ਕੌਰ

13 ਬੀਬੀ ਪਰਮਜੀਤ ਕੌਰ

14 ਬੀਬੀ ਬਲਜੀਤ ਕੌਰ

15 ਬੀਬੀ ਅੰਮ੍ਰਿਤਪਾਲ ਕੌਰ

16 ਬੀਬੀ ਰਣਜੀਤ ਕੌਰ

17 ਬੀਬੀ ਨਵਜੋਤ ਕੌਰ

18 ਬੀਬੀ ਕੁਲਵਿੰਦਰ ਕੌਰ

19 ਬੀਬੀ ਹਰਮੀਤ ਕੌਰ

20 ਬੀਬੀ ਅਮਨਪ੍ਰੀਤ-ਰਮਨਪ੍ਰੀਤ ਕੌਰ

21 ਬੀਬੀ ਪ੍ਰਭਜੋਤ ਕੌਰ

22 ਬੀਬੀ ਸਰਬਜੀਤ ਕੌਰ

23 ਬੀਬੀ ਪਵਨਜੀਤ ਕੌਰ

24 ਬੀਬੀ ਅਵਤਾਰ ਕੌਰ

25 ਬੀਬੀ ਸ਼ਿੰਵਰੰਜਨੀ ਅਤੇ ਰੁਪਿੰਦਰ ਕੌਰ

26 ਬੀਬੀ ਰਾਗਨੀ ਰੇਨੂੰ

## ਸਾਰਣੀ ਸੂਚੀ

## ਨਾਮਧਾਰੀ ਸਿੱਖ ਸੰਪ੍ਰਦਾਇ ਦੁਆਰਾ ਪ੍ਰੋਤਸਾਹਿਤ ਇਸਤਰੀ ਕਲਾਕਾਰਾਂ ਦਾ ਵੇਰਵਾ

| ਕ੍ਰਮ | ਨਾਮ | ਤਸਵੀਰ | ਜੀਵਨ-ਕਾਲ | ਸੰਖੇਪ ਜੀਵਨ ਦਰਸ਼ਨ |
|---|---|---|---|---|
| 1. | ਬੀਬੀ ਨਰਿੰਦਰ ਕੌਰ |  | 1933-2015 | ਆਪ ਜੀ ਨੂੰ ਸੰਗੀਤ ਦੇ ਖੇਤਰ ਵਿੱਚ ਇਸਤਰੀ ਯੁਗ ਦਾ ਜਨਮਦਾਤਾ ਮੰਨਿਆ ਜਾਂਦਾ ਹੈ। |
| 2. | ਬੀਬੀ ਸਾਹਿਬ ਕੌਰ |  | 1962 | ਆਪ ਜੀ ਨੂੰ ਬੀਬੀ ਜੀ ਦੀ ਪਹਿਲੀ ਸ਼ਿਸ਼ ਹੋਣ ਦਾ ਮਾਣ ਪ੍ਰਾਪਤ ਹੋਇਆ। |
| 3. | ਬੀਬੀ ਜਗਦੀਪ ਕੌਰ |  | 17 ਸਤੰਬਰ 1960 | ਆਪ ਜੀ ਨੇ ਸੰਗੀਤਕ ਗੁਰੂ ਦੇ ਰੂਪ ਵਿੱਚ ਵਧੇਰੇ ਪ੍ਰਸਿੱਧੀ ਪ੍ਰਾਪਤ ਕੀਤੀ। |
| 4. | ਬੀਬੀ ਸਿਮਰਤਪਾਲ ਕੌਰ |  | 1 ਜਨਵਰੀ 1981 | ਆਪ ਜੀ ਨੂੰ ਰਾਗਾਂ ਵਿੱਚ 33 ਮਲਹਾਰ, 30 ਕਾਨੜੇ, 28 ਪ੍ਰਕਾਰ ਦੇ ਸਾਰੰਗ ਅਤੇ 58 ਪ੍ਰਕਾਰ ਦੇ ਭੈਰਵ ਗਾਉਣ ਦਾ ਮਾਣ ਪ੍ਰਾਪਤ ਹੋਇਆ। |
| 5. | ਬੀਬੀ ਹਰਮੀਤ ਕੌਰ |  | 26 ਅਕਤੂਬਰ 1980 | ਆਪ ਜੀ ਨੂੰ ਸਤਿਗੁਰੂ ਜਗਜੀਤ ਸਿੰਘ ਜੀ ਦੀ ਹਜ਼ੂਰੀ ਵਿੱਚ ਗਾਉਣ ਦਾ ਅਵਸਰ ਪ੍ਰਾਪਤ ਹੋਇਆ |

| | | | | |
|---|---|---|---|---|
| 6. | ਬੀਬੀ ਪਰਮਜੀਤ ਕੌਰ ਪੰਮੋ |  | 7 ਜੂਨ1978 | ਆਪ ਨੇ ਗਾਇਨ -ਵਾਦਨ ਦੀ ਸਿਖਿਆ ਪ੍ਰਾਪਤ ਕੀਤੀ। |
| 7. | ਬੀਬੀ ਅੰਮ੍ਰਿਤਪਾਲ ਕੌਰ |  | 20 ਸਤੰਬਰ 1981 | ਆਪ ਜੀ ਨੂੰ ਉਸਤਾਦ ਮੋਹਨ ਸਿੰਘ ਜੀ ਅਤੇ ਉਸਤਾਦ ਹਰਭਜਨ ਸਿੰਘ ਜੀ ਤੋਂ ਸੰਗੀਤ ਧਾਰਨ ਕਰਨ ਦਾ ਅਵਸਰ ਪ੍ਰਾਪਤ ਹੋਇਆ। |
| 8. | ਬੀਬੀ ਰਣਜੀਤ ਕੌਰ |  | 24ਸਤੰਬਰ 1981 | ਆਪ ਬੀਬੀ ਜੀ ਤੋਂ ਸੰਗੀਤ ਸਿੱਖ ਆਸਟ੍ਰੇਲੀਆਂ ਵਿਖੇ ਅਧਿਆਪਕ ਵਜੋਂ ਸੇਵਾ ਨਿਭਾ ਰਹੇ ਹਨ। |
| 9. | ਬੀਬੀ ਰਮਨਪ੍ਰੀਤ ਕੌਰ |  | 14ਫਰਵਰੀ 1989 | ਆਪ ਜੀ ਨੇ2007 ਵਿੱਚ ਬਾਬਾ ਹਰਿੱਵਲਬ ਸੰਗੀਤ ਸੰਮੇਲਨ ਵਿੱਚ<br>ਪਹਿਲਾ ਸਥਾਨ ਪ੍ਰਾਪਤ ਕੀਤਾ। |
| 10. | ਬੀਬੀ ਪਵਨਜੀਤ ਕੌਰ |  | 2ਫਰਵਰੀ 1979 | ਆਪ ਜੀ ਸ਼ਾਸਤਰੀ ਸੰਗੀਤ ਦੇ<br>ਅਧਿਆਪਕਾ ਵਜੋ ਇੰਗਲੈਂਡ ਵਿੱਚ ਸੇਵਾ ਨਿਭਾ ਰਹੇ ਹਨ। |
| 11. | ਬੀਬੀ ਅਵਤਾਰ ਕੌਰ |  | 4ਦਸੰਬਰ 1992 | ਆਪ ਦਾ ਨਾਮ ਵਰਤਮਾਨ ਸਮੇਂ ਦੇ ਉਭਰਦੇ ਕਲਾਕਾਰਾਂ ਵਿੱਚ ਗਿਣਿਆ ਜਾਂਦਾ ਹੈ। |
| 12. | ਬੀਬੀ ਸ਼ਿਵਰੰਜਨੀ |  | 1994 | ਆਪ ਜੀ ਨੂੰ ਸਭਿਆਚਾਰਕ ਪ੍ਰੋਗਰਾਮ ਲਈ ਪੰਜਾਬ ਸਰਕਾਰ ਦੁਆਰਾ ਜਾਪਾਨ ਜਾਣ ਦਾ ਅਵਸਰ ਵੀ ਪ੍ਰਾਪਤ ਹੋਇਆ। |

| | | | | |
|---|---|---|---|---|
| 13. | ਰਾਗਨੀ ਰੇਨੂੰ |  | 29 ਜੂਨ 1982 | ਆਪ ਜੀ ਨੂੰ ਸੂਫੀ ਗਾਇਕਾ ਵਜੋਂ ਪ੍ਰਸਿੱਧੀ ਪ੍ਰਾਪਤ ਹੈ। |
| 14. | ਪ੍ਰਭਜੋਤ ਕੌਰ |  | 25 ਮਈ, 1972 | ਆਪ ਇੰਗਲੈਂਡ ਵਿਖੇ ਸੰਗੀਤ ਦੀ ਸੇਵਾ ਨਿਭਾ ਰਹੇ ਹਨ। |
| 15. | ਭਗਵੰਤ ਕੌਰ |  | 25 ਸਤੰਬਰ 1984 | ਆਪ ਜੀ ਨੂੰ ਗਾਇਨ ਅਤੇ ਸਿਤਾਰ ਵਿੱਚ ਮੁਜਾਰਤ ਹਾਸਿਲ ਹੈ। ਜਿਸ ਵਿੱਚ ਪੀ.ਐਚ.ਡੀ ਦੀ ਡਿਗਰੀ ਵੀ ਹਾਸਿਲ ਕੀਤੀ। |

# ਬੀਬੀ ਨਰਿੰਦਰ ਕੌਰ (1933-2015)

**ਜਨਮ ਅਤੇ ਸਿੱਖਿਆ**: ਬੀਬੀ ਨਰਿੰਦਰ ਕੌਰ ਜੀ ਦਾ ਜਨਮ ਸੰਨ 1933 ਈ: ਵਿੱਚ ਈਸਟ ਅਫਰੀਕਾ ਦੇ ਸ਼ਹਿਰ(ਨਰੋਬੀ) ਕੀਨੀਆਂ ਦੇ ਵਿੱਚ ਹੋਇਆ। ਇਹਨਾਂ ਦੇ ਪਿਤਾ ਸੰਤ ਸੂਰਤ ਸਿੰਘ ਜੀ ਅਤੇ ਮਾਤਾ ਸਤਿੰਦਰ ਕੌਰ ਜੀ ਸਨ। ਬੀਬੀ ਜੀ ਦੇ ਘਰ ਦਾ ਮਾਹੌਲ ਧਾਰਮਿਕ ਹੋਣ ਕਾਰਨ ਘਰ ਵਿੱਚ ਬਾਣੀ, ਨਿਤਨੇਮ, ਭਜਨ-ਬੰਦਗੀ ਦਾ ਪ੍ਰਵਾਹ ਚਲਦਾ ਹੀ ਰਹਿੰਦਾ। ਬੀਬੀ ਜੀ ਆਪ ਵੀ ਸਾਸ਼ਤਰੀ ਸੰਗੀਤ ਦੇ ਬਹੁਤ ਧਨੀ ਸਨ। ਇਸ ਤੋਂ ਇਲਾਵਾ ਗੁਰਮਤਿ ਸੰਗੀਤ ਵਿੱਚ ਵੀ ਪਕੜ ਬਹੁਤ ਮਜ਼ਬੂਤ ਸੀ।

ਬੀਬੀ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਹੁਕਮਾਂ ਅਨੁਸਾਰ 1980 ਈ: ਵਿੱਚ ਭੈਣੀ ਸਾਹਿਬ ਆ ਕੇ ਰਹਿਣ ਲੱਗੇ ਅਤੇ ਸਤਿਗੁਰੂ ਜੀ ਨੇ ਉਹਨਾਂ ਨੂੰ ਭੈਣੀ ਸਾਹਿਬ ਵਿੱਚ ਹੀ ਸੰਗੀਤ ਦੀ ਸਿੱਖਿਆ ਦੇਣ ਬਾਰੇ ਆਖਿਆ। ਬੀਬੀ ਜੀ ਨੂੰ ਸੰਗੀਤ ਦੀ ਸਿੱਖਿਆ ਭਾਵੇਂ ਆਪਣੇ ਘਰ ਤੋਂ ਹੀ ਪ੍ਰਾਪਤ ਹੋਈ ਸੀ ਪ੍ਰੰਤੂ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਵਿਦੇਸ਼ੀ ਦੋਰਿਆਂ ਤੋਂ ਪ੍ਰਭਾਵਿਤ ਹੋ ਕੇ ਹੀ ਉਹਨਾਂ ਵਿੱਚ ਸਾਸ਼ਤਰੀ ਸੰਗੀਤ ਸਿੱਖਣ ਦੀ ਇੱਛਾ ਉਤਪੰਨ ਹੋਈ। ਭਾਵੇਂ ਕਿ ਆਪ ਜੀ ਦੇ ਪਿਤਾ ਜੀ ਨੂੰ ਵੀ ਕੀਰਤਨ ਦਾ ਬਹੁਤ ਸ਼ੋਕ ਸੀ।

ਬੀਬੀ ਜੀ ਨੇ ਸੰਗੀਤ ਦੀ ਸਿੱਖਿਆ ਆਪਣੇ ਪਿਤਾ ਸੰਤ ਸੂਰਤ ਸਿੰਘ ਜੀ ਤੋਂ ਹੀ ਲੈਣੀ ਆਰੰਭ ਕੀਤੀ। ਬੀਬੀ ਜੀ ਦੇ ਦੋਵਾਂ ਭ੍ਰਾਵਾਂ ਅਵਤਾਰ ਸਿੰਘ (ਤਬਲਾ-ਵਾਦਕ) ਅਤੇ ਸ਼੍ਰੀ ਸੁਰਜੀਤ ਸਿੰਘ ਦੋਨਾਂ ਨੂੰ ਸੰਗੀਤ ਵਿੱਚ ਵਧੇਰੇ ਰੁਚੀ ਹੋਣ ਕਾਰਨ ਬੀਬੀ ਜੀ ਨੂੰ ਵੀ ਸੰਗੀਤ ਦੀ ਸਿੱਖਿਆ ਲਈ ਉਤਸਾਹਿਤ ਕਰਦੇ। ਸਤਿਗੁਰੂ ਜੀ ਦੀ ਵਿਸ਼ੇਸ਼ ਕ੍ਰਿਪਾ ਨਾਲ ਹੀ ਉਹਨਾਂ ਨੇ ਸਿੱਖਿਆ ਗ੍ਰਹਿਣ ਕੀਤੀ। ਸੰਨ 1953 ਈ: ਵਿੱਚ ਜਦੋਂ ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਨਰੋਬੀ ਦਰਸ਼ਨ ਦਿੱਤੇ ਤਾਂ ਉਥੋਂ ਦੀ ਸੰਗਤ ਨੇ ਮਾਸ-ਸ਼ਰਾਬ ਛੱਡ ਕੇ ਨਾਮ ਦੀ ਦਾਤ ਪ੍ਰਾਪਤ ਕਰ ਗੁਰੂ ਦੇ ਸਿੱਖ ਬਣ ਗਏ। ਜਿਨ੍ਹਾਂ ਵਿੱਚ ਸ:ਸੂਰਤ ਸਿੰਘ ਨਾਮਧਾਰੀ ਵੀ ਸ਼ਾਮਿਲ ਸਨ ਤਾਂ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਹਜ਼ੂਰੀ ਵਿੱਚ ਬੀਬੀ ਜੀ ਦੇ ਕੀਰਤਨ ਕਰਨ ਤੇ ਸਤਿਗੁਰੂ ਜੀ ਪਾਸੋਂ ਕੀਰਤਨ ਦਾ ਹੁਕਮ ਹੋਇਆ।

ਬੀਬੀ ਜੀ ਨੇ ਨਰੋਬੀ ਵਿਖੇ ਹੀ ਕਾਨਵੈਂਟ ਸਕੂਲ ਵਿੱਚ ਪੜ੍ਹਨ ਪਿਛੋਂ ਸੀਨੀਅਰ ਕੈਂਬਰੇਜ ਦੀ ਵਿਦਿਆ ਪ੍ਰਾਪਤ ਕੀਤੀ ਅਤੇ ਨਾਲ ਹੀ ਸੰਗੀਤਕ ਸਿੱਖਿਆ ਦੀ ਵੀ ਰੁਚੀ ਪੈਦਾ ਹੋਈ। ਬੀਬੀ ਨਰਿੰਦਰ ਕੌਰ ਜੀ ਨੇ ਸਭ ਤੋਂ ਪਹਿਲਾਂ B.A ਦੀ ਸਿੱਖਿਆ ਪ੍ਰਾਪਤ ਕੀਤੀ। ਜਿਸ ਪਿਛੋਂ ਉਹਨਾਂ ਨੇ M.A ਦੀ ਡਿਗਰੀ ਉਸਤਾਦ ਮਹਿੰਦਰ ਸਿੰਘ ਅੰਮ੍ਰਿਤਧਾਰੀ ਕੋਲੋਂ ਲਈ। ਜਿਨ੍ਹਾਂ ਨੇ ਭੈਣੀ ਸਾਹਿਬ ਵਿੱਚ ਸੰਗੀਤ ਦੀ ਸਿੱਖਿਆ ਦੇਣ ਵਿੱਚ ਵੀ ਸਹਾਇਤਾ ਕੀਤੀ।

ਸਤਿਗੁਰੂ ਪ੍ਰਤਾਪ ਸਿੰਘ ਜੀ ਜਦੋਂ ਵੀ ਵਿਦੇਸ਼ੀ ਦੋਰੇ ਤੇ ਜਾਂਦੇ ਤਾਂ ਉਥੋਂ ਦੇ ਸੰਗੀਤਕਾਰਾਂ ਨੂੰ ਬੁਲਾ-ਬੁਲਾ ਕੇ ਉਹਨਾਂ ਪਾਸੋਂ ਸੰਗੀਤ ਸੁਣਿਆ ਕਰਦੇ ਅਤੇ ਇਕ ਵਾਰ ਬੀਬੀ ਸ਼ੀਲਾ ਮਾਰਕੰਡੇ ਵੀ ਸਤਿਗੁਰੂ ਜੀ ਦੇ ਦਰਬਾਰ ਵਿੱਚ ਗਾਇਨ ਕਰਨ ਲਈ ਆਏ। ਜਿਸ ਤੋਂ ਸਤਿਗੁਰੂ ਜੀ ਬਹੁਤ ਪ੍ਰਸੰਨ ਹੋਏ ਅਤੇ ਉਹਨਾਂ ਨੂੰ ਖੁਸ਼ੀਆਂ ਬਖ਼ਸ਼ਣ ਲੱਗੇ। ਇਹ ਦੇਖ ਕੇ ਬੀਬੀ ਨਰਿੰਦਰ ਜੀ ਤੋਂ ਵੀ ਨਾ ਰਿਹਾ ਗਿਆ ਅਤੇ ਸੰਗੀਤ ਸਿੱਖਣ ਦੀ ਲਾਲਸਾ ਹੋਰ ਵੀ ਜ਼ਿਆਦਾ ਵਧ ਗਈ। ਜਿਸ ਤੋਂ ਬੀਬੀ ਜੀ ਨੇ ਮਾਰਕੰਡੇ ਜੀ ਨੂੰ ਹੀ ਆਪਣਾ ਗੁਰੂ ਧਾਰਣ ਕਰ ਲਿਆ ਅਤੇ ਉਹਨਾਂ ਤੋਂ ਹੀ ਸਿੱਖਣਾ ਆਰੰਭ ਕਰ ਦਿੱਤਾ। ਇਹਨਾਂ ਤੋਂ ਇਲਾਵਾ ਬੀਬੀ ਜੀ ਤੇ ਬੀਬੀ ਸ਼ੀਲਾ ਮਾਰਕੰਡੇ ਜੀ ਦੇ ਉਸਤਾਦ ਮੁਸਤਫਾ ਖਾਨ ਤੋਂ ਵੀ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ। ਆਪ ਦੇ ਗੁਰੁ 'ਗੁਲਾਮ ਮੁਸਤਫਾ ਖਾਂ' ਜਦੋਂ ਵੀ ਨੈਰੋਬੀ ਆਉਂਦੇ ਤਾਂ ਵਿਦਿਆਰਥੀਆਂ ਨੂੰ ਕੋਈ ਨਾ ਕੋਈ ਸਬਕ ਜ਼ਰੂਰ ਸਿੱਖਣ ਨੂੰ ਦੇ ਜਾਂਦੇ। ਇਸ ਤਰ੍ਹਾਂ ਬੀਬੀ ਨਰਿੰਦਰ ਕੌਰ ਜੀ ਨੇ ਸਤਿਗੁਰੂ ਜੀ ਦੀ ਕ੍ਰਿਪਾ ਸਦਕਾ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ।

ਕੀਨੀਆਂ ਵਿੱਚ ਹਰ ਸਾਲ ਮਿਊਜ਼ਿਕਲ ਫੈਸਟੀਵਲ ਕਰਵਾਇਆ ਜਾਂਦਾ ਸੀ। ਜਿਸਨੂੰ ਬੀਬੀ ਨਰਿੰਦਰ ਜੀ ਨੇ ਲਗਾਤਾਰ ਤਿੰਨ ਸਾਲ ਜਿੱਤਿਆ। ਜਿਸ ਪਿਛੋਂ ਬੀਬੀ ਜੀ ਨੇ ਕਈ ਸਰਕਾਰੀ ਵਜੀਫੇ ਵੀ ਪ੍ਰਾਪਤ ਕੀਤੇ। ਬੀਬੀ ਜੀ ਕੋਲ ਇਹਨਾਂ ਫੈਸਟੀਵਲਾਂ ਵਿੱਚ ਜਿੱਤੀਆਂ ਟਰੋਫ਼ੀਆਂ ਅਤੇ ਮੈਡਲਜ਼ ਦਾ ਭੰਡਾਰ ਲਗਾ ਹੋਇਆ ਸੀ ਇਹ ਵਜ਼ੀਫ਼ਾ ਸਰਕਾਰ ਵੱਲੋਂ ਤਿੰਨ ਵਾਰ ਜਿੱਤਣ ਤੇ ਹੀ ਦਿੱਤਾ ਜਾਂਦਾ ਸੀ। ਜਿਸ ਨਾਲ ਕਿਸੇ ਵੀ ਵਿਦੇਸ਼ ਵਿੱਚੋਂ ਸੰਗੀਤ ਦੀ ਸਿੱਖਿਆ ਪ੍ਰਾਪਤ ਕਰਨ ਦਾ ਮੌਕਾ ਮਿਲਦਾ। ਬੀਬੀ ਨਰਿੰਦਰ ਕੌਰ ਜੀ ਦਾ ਵਿਆਹ ਸ:ਜਸਵੰਤ ਸਿੰਘ ਕੱਲਾ ਨਾਲ ਹੋ ਚੁੱਕਾ ਸੀ ਤੇ ਦੋ ਪੁੱਤਰ ਅੰਮ੍ਰਿਤਪਾਲ ਸਿੰਘ ਤੇ ਹਰਪਾਲ ਸਿੰਘ ਸਨ।

ਬੀਬੀ ਜੀ ਸਤਿਗੁਰੂ ਜੀ ਦੇ ਦਰਸ਼ਨਾਂ ਦੀ ਤਾਂਘ ਵਿੱਚ 1966-67 ਵਿੱਚ ਭਾਰਤ ਆਏ। ਜਿਸ ਸਮੇਂ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਸੰਗੀਤ ਦੇ ਮਹਾਨ ਕਾਰਜ ਕੀਤੇ ਜਾ ਰਹੇ ਸਨ। ਸਤਿਗੁਰੂ ਜੀ ਦੀ ਸਪੁੱਤਰੀ ਬੀਬੀ ਸਾਹਿਬ ਕੌਰ ਜੀ ਨੂੰ ਵੀ ਸੰਗੀਤ ਵਿੱਚ ਵਧੇਰੇ ਰੁਚੀ ਸੀ। ਉਸ ਸਮੇਂ ਬੀਬੀ ਸਾਹਿਬ ਕੌਰ ਜੀ ਦੀ ਉਮਰ ਘੱਟ ਹੋਣ ਕਾਰਨ ਉਹਨਾਂ ਦੀ ਸੰਗੀਤਕ ਜਿੰਮੇਵਾਰੀ ਸਤਿਗੁਰੂ ਜੀ ਨੇ ਬੀਬੀ ਨਰਿੰਦਰ ਕੌਰ ਜੀ ਨੂੰ ਸੌਂਪ ਦਿੱਤੀ। ਬੀਬੀ ਜੀ ਨੇ ਸਭ ਤੋਂ ਪਹਿਲਾਂ ਬੀਬੀ ਸਾਹਿਬ ਕੌਰ ਜੀ ਨੂੰ ਸੰਗੀਤ ਦੀ ਸਿੱਖਿਆ ਦਿੱਤੀ। ਉਹਨਾਂ ਦੇ ਵਿਆਹ ਹੋਣ ਤੱਕ ਉਹਨਾਂ ਨੂੰ ਸੰਭਾਲਿਆ ਅਤੇ ਉਹਨਾਂ ਦੇ ਪਿਛੋਂ ਵੀ ਬੀਬੀ ਜੀ ਨੇ ਹੋਰਨਾਂ ਨੂੰ ਸੰਗੀਤ ਦੀ ਸਿੱਖਿਆ ਦੇਣੀ ਜਾਰੀ ਰੱਖੀ।

ਬੀਬੀ ਜੀ ਨੇ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਅਕੈਡਮੀ ਅਤੇ ਸ੍ਰੀ ਭੈਣੀ ਸਾਹਿਬ ਦੇ ਵਿਦਿਆਰਥੀਆਂ ਨੂੰ ਸੰਗੀਤ ਦੀ ਸਿੱਖਿਆ

ਦਿੱਤੀ।ਜੋ ਉਹਨਾਂ ਨੇ ਆਖਰੀ ਸਵਾਸਾਂ ਤੱਕ ਸੇਵਾ ਨਿਭਾਈ ।

ਬੀਬੀ ਜੀ ਦੇ ਦੋਨੋਂ ਸਪੁੱਤਰ ਸੰਗੀਤ ਦੀ ਬਹੁਤ ਜਾਣਕਾਰੀ ਰੱਖਦੇ ਹਨ ਜੋ ਕਿ ਅਸਲ ਵਿੱਚ ਅਮਰੀਕਾ ਦੇ ਨਿਵਾਸੀ ਹਨ।ਬੀਬੀ ਜੀ ਦੇ ਛੋਟੇ ਸਪੁੱਤਰ ਹਰਪਾਲ ਸਿੰਘ ਜੀ ਤਬਲਾ-ਵਾਦਕ ਹਨ ਜੋ ਕਿ ਪੰਡਿਤ ਕਿਸ਼ਨ ਮਹਾਰਾਜ ਦੇ ਸ਼ਿਸ਼ ਹਨ ਜੋ ਪਹਿਲਾਂ (ਕੀਨੀਆਂ) ਨੈਰੋਬੀ ਰਹਿੰਦੇ ਸਨ,ਕੁਝ ਸਮਾਂ ਭਾਰਤ ਵੀ ਰਹੇ ਅਤੇ ਅੱਜ ਕੱਲ ਕੈਨੇਡਾ ਵਿਖੇ ਰਹਿੰਦੇ ਹਨ।ਬੀਬੀ ਜੀ ਦੇ ਭਰਾ ਸਵ:ਅਵਤਾਰ ਸਿੰਘ (ਤਬਲਾ-ਵਾਦਕ) ਅਤੇ ਉਹਨਾਂ ਦੇ ਪੁੱਤਰ ਅਸ਼ਵਿੰਦਰ ਸਿੰਘ ਤੇ ਧੀਆਂ ਰੁਪਿੰਦਰ ਕੌਰ ਤੇ ਸ਼ਿਵਰਜਿਨੀ ਨੇ ਵੀ ਸੰਗੀਤ ਸਿੱਖਿਆ ਹੈ।ਇਨ੍ਹਾਂ ਦਾ ਜ਼ਿਕਰ ਅੱਗੇ ਕੀਤਾ ਹੈ।ਬੀਬੀ ਜੀ ਦੇ ਭਰਾ ਸੁਰਜੀਤ ਸਿੰਘ ਇੰਗਲੈਂਡ ਵਿੱਚ ਰਹਿੰਦੇ ਹਨ।ਇਹਨਾਂ ਦਾ ਪੁੱਤਰ ਧਰਮਵੀਰ ਸਿੰਘ,ਉਸਤਾਦ ਵਿਲਾਇਤ ਖਾਂ ਸਾਹਿਬ ਦਾ ਸ਼ਾਗਿਰਦ ਹੋਣ ਦੇ ਨਾਤੇ ਸਿਤਾਰ ਦੇ ਬਹੁਤ ਵੱਡੇ ਕਲਾਕਾਰ ਹਨ।ਅੱਜ ਕੱਲ੍ਹ ਲੀਡਜ਼ (ਯੂ.ਕੇ) ਯੂਨੀਵਰਸਿਟੀ ਵਿਖੇ ਏਸ਼ੀਅਨ ਸੰਗੀਤ ਵਿਭਾਗ ਦੇ ਮੁਖੀ ਵਜੋਂ ਸੇਵਾ ਕਰ ਰਿਹਾ ਹੈ।

"ਸ਼੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਰਹਿੰਦਿਆਂ ਮੈਨੂੰ ਵੱਡੇ-ਵੱਡੇ ਨਾਮੀ ਕਲਾਕਾਰਾਂ ਨੂੰ ਸੁਨਣ ਦਾ ਮੌਕਾ ਮਿਲਦਾ ਰਿਹਾ ਹੈ।ਸੰਗੀਤ ਦੇ ਗਿਆਨ ਦੀ ਜਿਆਦਾ ਪ੍ਰਾਪਤੀ ਮੈਨੂੰ ਏਥੋਂ ਹੀ ਹੋਈ ਹੈ।ਇਹ ਸ਼੍ਰੀ ਸਤਿਗੁਰੂ ਜੀ ਦੀ ਬਹੁਤ ਵੱਡੀ ਦੇਣ ਹੈ।

ਬੀਬੀ ਜੀ ਨੇ ਅਨੇਕਾਂ ਮਾਨ-ਸਨਮਾਨ ਪ੍ਰਾਪਤ ਕੀਤੇ।ਸਤਿਗੁਰੂ ਜੀ ਦੇ ਕਰ-ਕਲਮਾਂ ਦੁਆਰਾ ਹੋਲੇ ਦੇ ਮੇਲੇ ਤੇ ਸ਼੍ਰੀ ਭੈਣੀ ਸਾਹਿਬ ਵਿਖੇ ਬੀਬੀ ਜੀ ਨੂੰ ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਚਿੰਤਨ ਅਦਾਰਾ ਵੱਲੋਂ 20 ਮਾਰਚ 2003 ਨੂੰ ਉਸਤਾਦ ਭਾਈ ਮਸਤਾਨ ਸਿੰਘ ਸਨਮਾਨ ਮਿਲਿਆ।ਪਿੰਡ ਹਿੰਮਤਪੁਰ ਵਿਖੇ 7 ਜੁਲਾਈ ਸੰਨ 1999 ਨੂੰ ਹੋਏ ਵਾਰਸ਼ਿਕ ਵਿਦਿਅਕ ਸੰਮੇਲਨ ਸਮੇਂ ਵਿਸ਼ਵ ਨਾਮਧਾਰੀ ਵਿਦਿਅਕ ਜੱਥੇ ਵੱਲੋਂ ਬੀਬੀ ਜੀ ਨੂੰ 'ਆਸ਼ੀਰਵਾਦ' ਪੁਰਸਕਾਰ ਵੀ ਦਿੱਤਾ ਗਿਆ"।[2]

## ਬੀਬੀ ਸਾਹਿਬ ਕੌਰ

ਬੀਬੀ ਸਾਹਿਬ ਕੌਰ ਜੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਹੀ ਸਪੁੱਤਰੀ ਹਨ।ਉਹਨਾਂ ਦਾ ਜਨਮ ਸ੍ਰੀ ਭੈਣੀ ਸਾਹਿਬ ਵਿਖੇ ਮਾਤਾ ਚੰਦ ਕੌਰ ਜੀ ਦੇ ਕੁਖੋਂ ਹੋਇਆ।ਬੀਬੀ ਸਾਹਿਬ ਕੌਰ ਜੀ ਨੂੰ ਬਚਪਨ ਤੋਂ ਹੀ ਸੰਗੀਤ ਨਾਲ ਬਹੁਤ ਲਗਾਵ ਸੀ "ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਬੀਬੀਆਂ ਦੀ ਤਰਫਦਾਰੀ ਆਪਣੇ ਘਰੋਂ ਹੀ ਆਰੰਭ ਕੀਤੀ।"[3]

ਸਤਿਗੁਰੂ ਜੀ ਨੇ ਆਪਣੀ ਇਕਲੌਤੀ ਸਪੁਤਰੀ ਬੀਬਾ ਜੀ ਤੋਂ ਹੀ ਸੰਗੀਤ ਸਿਖਾਉਣਾ ਆਰੰਭ ਕਰਵਾਇਆ।ਜਿਸ ਲਈ ਸਤਿਗੁਰੂ ਜੀ ਨੇ ਬੀਬੀ ਨਰਿੰਦਰ ਕੌਰ ਜੀ ਨੂੰ ਨਿਯੁਕਤ ਕੀਤਾ।ਬੀਬੀ ਜੀ ਜਦੋਂ ਭਾਰਤ ਆਏ ਤਾਂ **ਸਤਿਗੁਰੂ ਜੀ ਦੇ ਹੁਕਮਾਂ**

ਦਾ ਪਾਲਣ ਕਰਦੇ ਹੋਏ ਬੀਬੀ ਜੀ ਭੈਣੀ ਸਾਹਿਬ ਆ ਕੇ ਰਹਿਣ ਲੱਗੇ ਤਾਂ ਸਭ ਤੋਂ ਪਹਿਲਾਂ ਉਹਨਾਂ ਦਾ ਸਨੇਹ ਪਿਆਰ ਸਤਿਗੁਰੂ ਜਗਜੀਤ ਸਿੰਘ ਜੀ ਦੀ ਸਪੁੱਤਰੀ ਬੀਬੀ ਸਾਹਿਬ ਕੌਰ ਜੋ ਕਿ ਅਜੇ ਬਹੁਤ ਛੋਟੀ ਉਮਰ ਦੀ ਸੀ,ਉਹਨਾਂ ਨਾਲ ਪੈ ਗਿਆ।ਸਤਿਗੁਰੂ ਜੀ ਨੇ ਵੀ ਸਨੇਹ-ਪਿਆਰ ਵੇਖਦੇ ਹੋਏ ਬੀਬੀ ਸਾਹਿਬ ਕੌਰ ਨੂੰ ਪਾਲਣ ਦੀ ਤੇ ਸੰਗੀਤ ਸਿਖਾਉਣ ਦੀ ਜਿੰਮੇਵਾਰੀ ਬੀਬੀ ਨਰਿੰਦਰ ਕੌਰ ਜੀ ਨੂੰ ਹੀ ਸੌਂਪ ਦਿੱਤੀ।ਜਿਨ੍ਹਾਂ ਤੇ ਹੋਰਨਾ ਨਾਮਧਾਰੀ ਬੀਬੀਆਂ ਵਿੱਚ ਸੰਗੀਤ ਸਿੱਖਣ ਦਾ ਉਤਸਾਹ ਪੈਦਾ ਹੋਇਆ।ਬੀਬੀ ਨਰਿੰਦਰ ਕੌਰ ਜੀ ਬੀਬੀ ਜੀ ਨੂੰ ਉਹਨਾਂ ਦੇ ਵਿਆਹ ਹੋਣ ਤੱਕ ਸੰਗੀਤ ਸਿਖਾਉਂਦੇ ਰਹੇ।ਉਸ ਤੋਂ ਪਿਛੋਂ ਵੀ ਬੀਬੀ ਜੀ ਨੇ ਸੰਗੀਤ ਦੀ ਸਿੱਖਿਆ ਦੇਣੀ ਜਾਰੀ ਰੱਖੀ।

**ਸਿੱਖਿਆ:** "ਬੀਬਾ ਸਾਹਿਬ ਕੌਰ ਜੀ ਨੇ 1976-1977 ਵਿੱਚ 'ਪ੍ਰਾਚੀਨ ਕਲਾ ਕੇਂਦਰ 'ਚੰਡੀਗੜ ਤੋਂ ਸੰਗੀਤ ਗਾਇਨ ਵਿੱਚ **'ਸੰਗੀਤ ਵਿਸ਼ਾਰਦ'** ਦੀ ਪ੍ਰੀਖਿਆ ਪਾਸ ਕੀਤੀ।ਲਿਖਤੀ ਪੇਪਰ ਵਿੱਚ'ਫਸਟ ਡਵੀਜਨ 'ਅਤੇ ਪ੍ਰੈਕਟੀਕਲ ਵਿੱਚ 'ਡਿਸਟਿੰਕਸ਼ਨ' ਪ੍ਰਾਪਤ ਕੀਤਾ।"[4]

ਬੀਬਾ ਸਾਹਿਬ ਕੌਰ ਜੀ ਤੋ ਹੀ ਇਸਤਰੀਆਂ ਵਿੱਚ ਸੰਗੀਤ ਪ੍ਰਤੀ ਰੁਚੀ ਵਧੱਣ ਲੱਗੀ।ਬੀਬਾ ਜੀ ਦੇ ਨਾਲ ਹੀ ਬੀਬੀ ਨਰਿੰਦਰ ਕੌਰ ਜੀ ਤੋਂ ਸੰਗੀਤ ਸਿੱਖਣ ਵਾਲੀ ਪਹਿਲੀ ਬੀਬੀ ਜਗਦੀਪ ਕੌਰ ਜੀ ਸਨ।

## ਬੀਬੀ ਜਗਦੀਪ ਕੌਰ (ਜੰਮੂ)

**ਜਨਮ ਅਤੇ ਸਿੱਖਿਆ:** ਬੀਬੀ ਜਗਦੀਪ ਕੌਰ ਜੀ ਦਾ ਜਨਮ 17ਸਤੰਬਰ,1960 ਈ. ਵਿੱਚ ਹੋਇਆ।ਆਪ ਜੀ ਨੂੰ ਸੰਗੀਤ ਨਾਲ ਪ੍ਰੇਮ ਬਚਪਨ ਤੋਂ ਹੀ ਸੀ।ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਨਾਲ ਆਪ ਨੇ ਸੰਗੀਤ ਦੀ ਸਿੱਖਿਆ ਲੈਣੀ ਆਰੰਭ ਕੀਤੀ।ਬੀਬੀ ਜਗਦੀਪ ਕੌਰ ਜੀ ਨੇ ਸੰਗੀਤ ਦੀ ਸ਼ੁਰੂਆਤ 1967 ਈ.ਵਿੱਚ ਸਭ ਤੋ ਪਹਿਲਾ ਆਪਣੀ ਭੂਆ ਬੀਬੀ ਨਰਿੰਦਰ ਕੌਰ ਜੀ ਤੋ ਹੀ ਕੀਤੀ।

ਜਿਸ ਪਿਛੋਂ ਉਹਨਾਂ ਨੇ 1972 ਈ. ਵਿੱਚ ਉਸਤਾਦ ਮਹਿੰਦਰ ਸਿੰਘ ਜੀ ਕੋਲੋਂ ਸੰਗੀਤ ਸਿੱਖਣਾ ਆਰੰਭ ਕੀਤਾ।ਇਹਨਾਂ ਤੋਂ ਇਲਾਵਾ ਆਪ ਨੇ 1976 ਈ. ਵਿੱਚ ਵ.ਸ ਬਾਲੀ ਜੀ ਤੋਂ ਵੀ ਸਿਖਿਆ ਪ੍ਰਾਪਤ ਕੀਤੀ ਜੋ ਕਿ ਪੰਡਿਤ ਬੈਨਰਜੀ ਦੇ ਸ਼ਾਗਿਰਦ ਸਨ।ਆਪ ਨੇ ਸੰਗੀਤ ਦੇ ਕੁਝ ਕੁ ਗੁਣ ਰਾਗੀ ਬਲਜੀਤ ਸਿੰਘ ਜੀ ਕੋਲੋਂ ਵੀ ਪ੍ਰਾਪਤ ਕੀਤੇ।ਬੀਬੀ ਜਗਦੀਪ ਕੋਰ ਜੀ ਨੇ ਆਪਣੀ ਸਕੂਲੀ ਸਿੱਖਿਆ ਪੂਰੀ ਕਰਨ ਪਿਛੋਂ ਸੰਗੀਤ ਦੀ **M.A.** ਵੀ ਕੀਤੀ।ਜਿਸ ਪਿਛੋਂ ਆਪ ਨੂੰ ਸਕੂਲ ਵਿੱਚ ਸਰਕਾਰੀ ਨੌਕਰੀ ਮਿਲ ਗਈ।ਆਪ ਨੇ ਜੰਮੂ ਵਿਖੇ V.C.M. ਗਾਂਧੀ ਨਗਰ ,ਸਰਕਾਰੀ ਕਾਲਜ ਵਿੱਚ ਨੌਕਰੀ ਕੀਤੀ।

ਆਪ ਜੀ ਦਾ ਵਿਆਹ ਸਰਦਾਰ ਚਰਨ ਸਿੰਘ ਨਾਮਧਾਰੀ ਜੀ ਨਾਲ ਹੋਇਆ।ਆਪ ਦੀ ਇੱਕ ਬੇਟੀ ਰਾਗਨੀ ਰੇਨੂ ਜੋ ਕਿ ਮੌਜੂਦਾ ਸਮੇਂ ਦੀ ਸੂਫੀ ਗਾਇਕਾ ਹੈ।ਜਿਸ ਨੂੰ ਸੰਗੀਤ ਦੀ ਗੁੜਤੀ ਘਰ ਤੋ ਹੀ ਪ੍ਰਾਪਤ ਹੋਈ।ਬੀਬੀ ਜਗਦੀਪ ਕੌਰ ਜੀ ਦਾ ਕਹਿਣਾ ਹੈ, ਕਿ ਮੈਂ ਅਤੇ ਮੇਰੀ ਬੇਟੀ ਰਾਗਣੀ ਨੇ ਸੱਚੇ ਪਾਤਸ਼ਾਹ ਜੀ ਕੋਲੋਂ ਬਹੁਤ ਖੁਸ਼ੀਆਂ ਪ੍ਰਾਪਤ ਕੀਤੀਆਂ।ਇੱਕ ਦਿਨ ਮੈਂ ਤੇ ਮੇਰੀ ਬੇਟੀ ਰਾਗਣੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨਾਂ ਲਈ ਭੈਣੀ ਸਾਹਿਬ ਗਏ ਤਾਂ ਸਤਿਗੁਰੂ ਜੀ ਨੇ ਬਲਵੰਤ ਸਿੰਘ ਜੀ ਨੂੰ ਕੋਠੀ ਬੁਲਾਇਆਂ ਤੇਂ ਰਾਗਣੀ ਨੂੰ ਸਿਖਾਉਣ ਲਈ ਕਿਹਾ। ”[5]

ਸਤਿਗੁਰੂ ਜਗਜੀਤ ਸਿੰਘ ਜੀ ਨਾਮਧਾਰੀ ਬੀਬੀਆਂ ਦੇ ਸੰਗੀਤਕ ਸਫ਼ਰ ਦੀ ਇਮਾਰਤ ਨੂੰ ਖੜਾ ਕਰਨ ਵਾਲੇ ਅਜਿਹੇ ਸਤੰਭ ਮੰਨੇ ਜਾ ਸਕਦੇ ਹਨ ਜਿਨ੍ਹਾਂ ਦੀ ਬਖ਼ਸ਼ਿਸ਼ ਤੋਂ ਬਿਨਾਂ ਵੱਡਾ ਕਾਰਜ ਕਰਨਾ ਅਸੰਭਵ ਜਿਹਾ ਲਗਦਾ ਸੀ।ਸਤਿਗੁਰੂ ਜੀ ਦੁਆਰਾ ਜਿੱਥੇ ਮੁੰਡਿਆਂ ਨੂੰ ਸੰਗੀਤ ਦੀ ਸਿੱਖਿਆ ਪ੍ਰਦਾਨ ਕੀਤੀ ਉੱਥੇ ਹੀ ਬੀਬੀਆਂ ਨੂੰ ਵੀ ਸੰਗੀਤ ਦੇ ਯੋਗ ਸਮਝਿਆ।ਸਤਿਗੁਰੂ ਜੀ ਦੁਆਰਾ ਸਕੂਲ ਦੇ ਵਿਦਿਆਰਥੀਆਂ ਵਿੱਚ ਸੰਗੀਤ ਦੀ ਰੁਚੀ ਪੈਦਾ ਕੀਤੀ ਗਈ ਅਤੇ ਸੰਗੀਤ ਪ੍ਰਤੀ ਜਾਗਰੂਕ ਕਰਨ ਲਈ ਉਹਨਾਂ ਨੂੰ ਸਿੱਖਿਆ ਲੈਣ ਲਈ ਪ੍ਰੇਰਿਆ।ਇਸ ਅਧਿਆਇ ਵਿੱਚ ਉਹਨਾਂ ਸੰਗੀਤਕਾਰ ਬੀਬੀਆਂ ਦਾ ਜ਼ਿਕਰ ਕੀਤਾ ਗਿਆ ਹੈ।ਜਿਨ੍ਹਾਂ ਨੇ ਸੰਗੀਤ ਦੀ ਸਿੱਖਿਆ ਦੇ ਪਹਿਲੇ ਦੋਰ ਵਿੱਚ ਨਰਿੰਦਰ ਜੀ ਤੋਂ ਬਲ ਪ੍ਰਾਪਤ ਕੀਤਾ।

ਸਤਿਗੁਰੂ ਜਗਜੀਤ ਸਿੰਘ ਜੀ ਦੀ ਕ੍ਰਿਪਾ ਨਾਲ ਸੰਨ 1990-91 ਵਿੱਚ ਬੀਬੀਆਂ ਦਾ ਇੱਕ ਗਰੁੱਪ ਬਣਾਇਆ ਗਿਆ।ਜਿਸ ਵਿੱਚ ਕੇਵਲ 10-20 ਕੁੜੀਆਂ ਹੀ ਸ਼ਾਮਿਲ ਸਨ।ਜਿਨ੍ਹਾਂ ਵਿੱਚ ਸਿਮਰਤਪਾਲ ਕੌਰ ਸ਼ੰਮੀ, ਗੁਰਮੀਤ ਕੌਰ, ਪਰਮਜੀਤ ਕੌਰ ਪੰਮੋ ਨੂੰ ਸੰਗੀਤ ਦੀ ਸਿੱਖਿਆ ਉਸਤਾਦ ਬਲਜੀਤ ਸਿੰਘ ਜੀ ਕੋਲੋਂ ਦਵਾਉਣੀ ਆਰੰਭ ਕੀਤੀ।ਸਤਿਗੁਰੂ ਜੀ ਨੇ ਇਹਨਾਂ ਨੂੰ ਪੌਣੇ ਗਿਆਰਾਂ ਮਾਤਰਾਵਾਂ ਵਿੱਚ ਗਾਉਣਾ ਸਿਖਾਇਆ।

ਇਹਨਾਂ ਤੋਂ ਇਲਾਵਾ ਗੁਰਦੀਪ ਕੌਰ ਬਾਣੋਂ, ਵੀਰਪਾਲ ਕੌਰ ਵੀਰੋ, ਪਰਮਜੀਤ ਕੌਰ, ਵਨਦੀਪ ਕੌਰ, ਹਰਮੀਤ ਕੌਰ, ਗੁਰਦਰਸ਼ਨ ਕੌਰ ਪਰਸਨ, ਸਿਮਰਨਜੀਤ ਕੌਰ ਆਦਿ ਬੀਬੀਆਂ ਨੂੰ ਵੀ ਸੰਗੀਤ ਵਲ ਤੋਰਿਆ ਗਿਆ ਅਤੇ ਬੀਬੀ ਨਰਿੰਦਰ ਜੀ ਤੋਂ ਹੀ ਸੰਗੀਤ ਸਿੱਖਣ ਦੀ ਸ਼ੁਰੂਆਤ ਹੋਈ।ਇਹਨਾਂ ਨੂੰ ਸਤਿਗੁਰੂ ਜੀ ਪੌਣੇ-ਪੰਦਰਾਂ ਮਾਤਰਾਂ ਵਿੱਚ ਗਵਾਉਂਦੇ ਸਨ।ਇਹਨਾਂ ਬੀਬੀਆਂ ਦੁਆਰਾ ਅਨੇਕਾਂ ਹੀ ਸੰਗੀਤ ਪ੍ਰਤੀਯੋਗਤਾਵਾਂ ਵਿੱਚ ਵੀ ਭਾਗ ਲਿਆ ਗਿਆ।ਜੋ ਪਹਿਲੇ ਦਰਜੇ ਵਿੱਚ ਆਈਆਂ।

ਸਤਿਗੁਰੂ ਜੀ ਨੇ ਤਬਲੇ ਦੀ ਸਿੱਖਿਆ ਸੰਨ 1992 ਈ: ਵਿੱਚ ਹਜ਼ੂਰੀ ਰਾਗੀ

ਸ਼ੇਰ ਸਿੰਘ ਪਾਸੋਂ ਸਿਖਾਉਣੀ ਆਰੰਭ ਕਰਵਾਈ।ਜਿਸ ਤੋਂ ਬਾਅਦ ਪੰਡਿਤ ਰਮਾਕਾਂਤ ਜੀ ਤੋਂ ਵੀ ਸੇਵਾ ਲਈ।ਉਹ ਵੀ ਹਫ਼ਤੇ ਵਿੱਚ 2 ਦਿਨ ਭੈਣੀ ਸਾਹਿਬ ਆ ਜਾਂਦੇ।ਸਤਿਗੁਰੂ ਜੀ ਦੇ ਹੁਕਮ ਅਨੁਸਾਰ ਬੀਬੀ ਨਰਿੰਦਰ ਕੌਰ ਜੀ ਨੇ ਸਭ ਤੋਂ ਪਹਿਲਾ ਸਤਿਗੁਰੂ ਜੀ ਦੀ ਸਪੁਤਰੀ ਬੀਬੀ ਸਾਹਿਬ ਕੌਰ ਜੀ ਨੂੰ ਸੰਗੀਤ ਸਿਖਾਉਣਾ ਆਰੰਭ ਕੀਤਾ।

## ਬੀਬੀ ਸਿਮਰਤਪਾਲ ਕੌਰ ਉਰਫ਼ (ਸ਼ੰਮੀ)

**ਜਨਮ ਅਤੇ ਸਿਖਿਆ:** ਬੀਬੀ ਸਿਮਰਤਪਾਲ ਕੌਰ ਦਾ ਜਨਮ 1 ਜਨਵਰੀ 1981 ਈ: ਨੂੰ ਪਿਤਾ ਸ: ਕੁਲਦੀਪ ਸਿੰਘ ਅਤੇ ਮਾਤਾ ਜਸਬੀਰ ਕੌਰ ਦੇ ਘਰ ਪਿੰਡ ਕੱਕੜਾ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਸੰਮੀ ਦੇ ਦਾਦਾ ਜੀ ਸ:ਮੇਵਾ ਸਿੰਘ ਅਤੇ ਨਾਨਾ ਜੀ ਸ:ਹਰਨਾਮ ਸਿੰਘ ਪਿੰਡ ਖਿਆਲ (ਅੰਮ੍ਰਿਤਸਰ) ਦੇ ਹੀ ਰਹਿਣ ਵਾਲੇ ਸਨ।ਇਹਨਾਂ ਦੇ ਪਿਤਾ ਜੀ ਸਤਿਗੁਰੂ ਜੀ ਨਾਲ ਸੁਰੱਖਿਆ ਪਹਿਰੇ ਦੀ ਸੇਵਾ ਵੀ ਕਰਦੇ।ਇਹਨਾਂ ਦੀਆਂ ਦੋ ਭੈਣਾ ਤੇ ਇੱਕ ਛੋਟਾ ਭਰਾ ਕਰਮ ਸਿੰਘ ਵੀ ਹੈ ਜਿਨ੍ਹਾਂ ਨੇ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਹੋਈ ਹੈ।

ਬੀਬੀ ਜੀ ਨੇ 8 ਸਾਲ ਦੀ ਉਮਰ ਵਿੱਚ ਸੰਗੀਤ ਦੀ ਸਿੱਖਿਆ ਲੈਣੀ ਆਰੰਭ ਕੀਤੀ।ਬੀਬੀ ਜੀ ਨੇ ਵਾਰਤਾਲਾਪ ਕਰਦੇ ਸਮੇਂ ਦੱਸਿਆ ਕਿ, "ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਰੇ ਸੰਗੀਤ ਸਿੱਖਣ ਵਾਲੇ ਬੱਚਿਆਂ ਨੂੰ ਬਹੁਤ ਪਿਆਰ ਕਰਦੇ ਤੇ ਉਹਨਾਂ ਉਪਰ ਉਚੇਚਾ ਧਿਆਨ ਵੀ ਦਿੰਦੇ ਸਨ।ਸਤਿਗੁਰੂ ਜੀ ਇਲਾਚੀ ਵਾਲੀਆਂ ਖੰਡ ਦੀਆਂ ਗੋਲੀਆਂ ਜੋ ਉਹਨਾਂ ਦੁਆਰਾ ਸਪੈਸ਼ਲ ਬਣਵਾਈਆਂ ਜਾਦੀਆਂ ਸਨ,ਸੰਗੀਤ ਸਿੱਖਣ ਵਾਲੇ ਸਾਰੇ ਬੱਚਿਆਂ ਨੂੰ ਆਸਾ ਦੀ ਵਾਰ ਦੇ ਕੀਰਤਨ ਪਿਛੋਂ ਵੰਡ ਦਿੰਦੇ।ਜਦੋਂ **'ਆਸਾ ਦੀ ਵਾਰ'** ਲਗਦੀ ਤਾਂ ਸਤਿਗੁਰੂ ਜੀ ਬੱਚਿਆਂ ਨੂੰ ਨਾਲ ਬਿਠਾਇਆ ਕਰਦੇ ਸਨ।

"ਮੈਂ ਸਭ ਤੋ ਪਹਿਲਾ ਸਾ-ਰੇ-ਗਾ-ਮਾ-ਤੋਂ ਗਾਇਨ ਸ਼ੁਰੂ ਕੀਤਾ ਸੀ, ਜੋ ਕਿ ਉਸਤਾਦ ਬਲਜੀਤ ਸਿੰਘ ਜੀ ਸਿਖਾਉਂਦੇ ਸਨ।ਦੋ ਸਾਲ ਬਾਅਦ ਉਸਤਾਦ ਬਲਜੀਤ ਸਿੰਘ ਜੀ ਨੇ ਸਾਰੇ ਬੱਚਿਆਂ ਨੂੰ ਦਿਲਰੁਬਾ ਸਾਜ਼ ਵੀ ਬਣਵਾ ਕੇ ਦਿੱਤੇ।ਸੰਨ 1990 ਵਿੱਚ ਇਕ ਦਿਨ ਕੋਠੀ ਵਿੱਚ ਰਾਗ ਹੋ ਰਿਹਾ ਸੀ ਤੇ ਮਹਾਰਾਜ ਬੀਰ ਸਿੰਘ ਜੀ ਵੀ ਬੈਠੇ ਸਨ।ਸ਼੍ਰੀ ਸਤਿਗੁਰੂ ਜੀ ਨੇ ਮਹਾਰਾਜ ਜੀ ਨੂੰ ਦੱਸਿਆ ਕਿ ਇਹ ਮੇਵਾ ਸਿੰਘ ਦੀ ਪੋਤੀ ਅਤੇ ਹਰਨਾਮ ਸਿੰਘ ਦੀ ਦੋਹਤੀ ਹੈ,ਜੋ ਰਾਗ ਸਿੱਖਦੀ ਹੈ।

ਫਿਰ ਇਕ ਦਿਨ ਸੱਚੇ ਪਾਤਸ਼ਾਹ ਜੀ ਨੇ ਮੈਨੂੰ ਪੁੱਛਿਆ,"ਤੈਨੂੰ ਸਾਜ਼ ਵਜਾਉਣਾ ਆਉਂਦਾ ਹੈ"।

ਮੈਂ ਕਿਹਾ,"ਜੀ ਸਿਰਫ਼ ਸ ਰੇ ਗ ਮ ਹੀ ਆਉਂਦਾ ਹੈ ਮੈਨੂੰ "।

ਹੁਕਮ ਹੋਇਆ,"ਚੱਲ ਫਿਰ ਤੂੰ ਸਾਜ਼ ਵਜਾ ਕੇ ਦਿਖਾ"

ਮੈਂ ਥੋੜੀ ਦੇਰ ਦਿਲਰੁਬਾ ਸਾਜ਼ ਵਜਾਇਆ ਤਾਂ ਸੱਚੇ ਪਾਤਸ਼ਾਹ ਜੀ ਨੇ ਫਰਮਾਇਆ,

ਅੱਛਾ ਬਸ, ਸ਼ਾਬਾਸ਼"।

ਮੇਰੀ ਉਮਰ ਉਸ ਸਮੇਂ 10 ਸਾਲ ਦੀ ਹੀ ਸੀ ਫਿਰ ਸੱਚੇ ਪਾਤਸ਼ਾਹ ਜੀ ਸਾਨੂੰ ਸਾਰੇ ਬੱਚਿਆਂ ਨੂੰ ਥਾਈਲੈਂਡ ਦੌਰੇ 'ਤੇ ਲੈ ਕੇ ਗਏ।ਜਿੱਥੇ ਵੱਡੇ ਵੱਡੇ ਮੇਲਿਆਂ ਸਮੇਂ ਸੱਚੇ ਪਾਤਸ਼ਾਹ ਜੀ ਸਾਨੂੰ ਆਸਾ ਦੀ ਵਾਰ ਦੇ ਕੀਰਤਨ ਵਿੱਚ ਅੱਗੇ ਰੱਖਦੇ ਅਤੇ ਜਦੋਂ ਵੀ ਕਿਤੇ ਬਾਹਰ ਦੌਰੇ 'ਤੇ ਜਾਂਦੇ ਤਾਂ ਸਾਨੂੰ ਲੈ ਕੇ ਜਾਂਦੇ,ਉਥੇ ਸਾਥੋ ਰਾਗ ਵੀਂ ਸੁਣਵਾਉਂਦੇ ਸਨ।ਬੀਬੀ ਨਰਿੰਦਰ ਕੌਰ ਜੀ ਨੇ ਆਪਣੀਆਂ ਸ਼ਗਿਰਦ ਕੁੜੀਆਂ ਨੂੰ ਪੌਣੇ 11 ਮਾਤਰ ਸਿਖਾਈਆਂ।ਜਦੋਂ ਵੀ ਬਾਹਰੋਂ ਕੋਈ ਸੰਗੀਤਕਾਰ ਆਉਂਦਾ, ਸੱਚੇ ਪਾਤਸ਼ਾਹ ਜੀ ਉਸਨੂੰ, ਸਾਥੋਂ ਪੌਣੇ 15, ਅਤੇ ਉਨ੍ਹਾਂ ਕੁੜੀਆਂ ਤੋਂ ਪੌਣੇ 11 ਮਾਤਰਾ ਜ਼ਰੂਰ ਸੁਣਵਾਉਂਦੇ ਸਨ।

ਫਿਰ ਸੱਚੇ ਪਾਤਸ਼ਾਹ ਜੀ ਨੇ ਸਾਨੂੰ ਕਾਨੜੇ, ਮਲਹਾਰ, ਸਾਰੰਗ ਤੇ ਭੈਰਵ ਯਾਦ ਕਰਨ ਨੂੰ ਕਿਹਾ। ਕਿਸੇ ਨੇ ਸੱਚੇ ਪਾਤਸ਼ਾਹ ਜੀ ਨੂੰ ਕਿਤਾਬਾਂ ਭੇਟ ਕੀਤੀਆਂ ਸਨ।ਉਨ੍ਹਾਂ ਦੀਆਂ ਅੱਗੋਂ ਫੋਟੋਸਟੇਟ ਕਾਪੀਆਂ ਕਰਵਾ ਕੇ ਸਤਿਗੁਰੂ ਜੀ ਨੇ ਸਾਨੂੰ ਸੰਗੀਤ ਸਿੱਖ ਰਹੀਆਂ ਕੁੜੀਆਂ ਅਤੇ ਮੁੰਡਿਆਂ ਨੂੰ ਵੀ ਵੰਡ ਦਿੱਤੀਆਂ। ਫਿਰ ਜਦੋਂ ਵੀ ਕੋਈ ਸੰਗੀਤਕਾਰ ਕੋਠੀ ਆਉਂਦਾ ਹੁੰਦਾ ਸੀ, ਸੱਚੇ ਪਾਤਸ਼ਾਹ ਜੀ ਸਾਨੂੰ ਹੁਕਮ ਕਰਦੇ ਸਨ ਕਿ ਮਲਹਾਰ ਦੇ ਪ੍ਰਕਾਰ ਸੁਣਾਉ, 30 ਮਲਹਾਰ ਸਨ, ਉਹ ਸਾਡੇ ਕੋਲੋਂ ਗਵਾਉਂਦੇ।ਮੈਂ, ਪੰਮੋ ਤੇ ਗੁਰਮੀਤ ਅਸੀਂ ਤਿੰਨੋ ਗਾਉਂਦੀਆਂ ਸਾਂ।ਫਿਰ ਸੱਚੇ ਪਾਤਸ਼ਾਹ ਜੀ ਨੇ ਸਾਨੂੰ ਕਾਨੜੇ ਦੀ ਕਿਤਾਬ ਲਿਆ ਕੇ ਦਿੱਤੀ, ਉਸ ਵਿੱਚੋਂ ਸਾਨੂੰ ਕਾਨ੍ਹੜੇ ਯਾਦ ਕਰਵਾਏ।

ਰਾਗਾਂ ਵਿੱਚ 33 ਮਲਹਾਰ, 30 ਕਾਨੜੇ, 28 ਪ੍ਰਕਾਰ ਦੇ ਸਾਰੰਗ ਅਤੇ 58 ਪ੍ਰਕਾਰ ਦੇ ਭੈਰਵ ਹਨ।ਉਹ ਅਸੀਂ ਜਿਦ ਜਿਦ ਕੇ ਯਾਦ ਕਰਦੇ ਸਾਂ।ਮੁੰਡਿਆਂ ਨੂੰ ਹੁੰਦਾ ਸੀ,ਅਸੀਂ ਪਹਿਲਾਂ ਯਾਦ ਕਰ ਲਈਏ।ਕੁੜੀਆਂ ਨੂੰ ਹੁੰਦਾ ਸੀ ਕਿ ਪਹਿਲਾਂ ਅਸੀਂ ਯਾਦ ਕਰ ਲਈਏ।ਜਿਹੜਾ ਪਹਿਲ਼ਾਂ ਯਾਦ ਕਰ ਲੈਂਦਾ ਸੱਚੇ ਪਾਤਸ਼ਾਹ ਜੀ ਉਸੇ ਤੋਂ ਗਵਾਉਂਦੇ ਹੁੰਦੇ ਸਨ।ਸੱਚੇ ਪਾਤਸ਼ਾਹ ਜੀ ਬਲਵੰਤ ਸਿੰਘ ਭਾਜੀ ਹੋਰਾਂ ਕੋਲੋਂ ਕਾਨੜੇ ਅਤੇ ਸਾਥੋਂ ਕੁੜੀਆਂ ਤੋਂ ਮਲਹਾਰ, ਸਾਰੰਗ ਗਵਾਉਂਦੇ ਸਨ।ਮੇਰੇ ਕੋਲੋਂ ਭੈਰਵ ਸੁਣਦੇ ਸਨ।ਸੱਚੇ ਪਾਤਸ਼ਾਹ ਜੀ ਮੇਰੇ ਬਾਰੇ ਸਾਰਿਆਂ ਨੂੰ ਦੱਸਦੇ ਸਨ, ਕਹਿਣਾ,

**'ਇਹ ਰਾਤ ਨੂੰ 12 ਵਜੇ ਉਠਦੀ ਹੈ, ਜਪ-ਪ੍ਰਯੋਗ ਵਿੱਚ ਆ ਕੇ ਨਾਮ ਸਿਮਰਨ ਕਰਦੀ ਹੈ, ਇਸ ਨੂੰ ਏਨੇ ਕਾਨੜੇ, ਏਨੇ ਭੈਰਵ ਅਤੇ ਏਨੇ ਮਲਹਾਰ ਯਾਦ ਨੇ'।**

**ਸੰਮੇਲਨ** ਇੱਕ ਵਾਰ ਬਨਾਰਸ ਸੰਗੀਤ ਸੰਮੇਲਨ ਹੋਇਆ, ਉਥੇ ਪੰਡਿਤ ਕਿਸ਼ਨ ਮਹਾਰਾਜ ਅਏ ਹੋਏ ਸਨ। ਉਥੇ ਬਲਵੰਤ ਭਾਜੀ ਕੋਲੋਂ ਮਲਹਾਰ ਅਤੇ ਮੇਰੇ ਕੋਲੋਂ ਭੈਰਵ ਸੁਣੇ।ਪੰਡਤ ਕਿਸ਼ਨ ਮਹਾਰਾਜ ਮੈਨੂੰ ਕਹਿਣ ਲੱਗੇ,

**'ਠੀਕ ਹੈ, ਹਮ ਤੁਮਾਰਾ ਨਾਮ ਭੈਰਵੀ ਰੱਖ ਦੇਤੇ ਹੈਂ''।**

ਸੱਚੇ ਪਾਤਸ਼ਾਹ ਜੀ ਇਕ ਪਾਸੇ ਸਾਨੂੰ ਕੁੜੀਆਂ ਨੂੰ ਅਤੇ ਦੂਜੇ ਪਾਸੇ ਮੁੰਡਿਆਂ ਨੂੰ ਬਿਠਾ ਕੇ ਬੰਦਿਸ਼ਾਂ ਯਾਦ ਕਰਵਾਉਂਦੇ।ਸੱਚੇ ਪਾਤਸ਼ਾਹ ਜੀ ਸੰਗੀਤ ਦੀਆਂ ਬੈਠਕਾਂ ਵਿੱਚ ਥੱਕਦੇ ਹੀ ਨਹੀਂ ਸਨ। ਕਈ ਵਾਰ ਸ਼ਾਮੀਂ 4 ਵਜੇ ਬੈਠਣਾ ਤੇ 11 ਵੱਜ ਜਾਣੇ, ਫਿਰ ਉਠ ਕੇ ਇਸ਼ਨਾਨ ਕਰ ਕੇ ਜਪ-ਪ੍ਰਯੋਗ ਵਿੱਚ ਨਾਮ ਸਿਮਰਨ ਕਰਨ ਚਲੇ ਜਾਣਾ।ਉਥੇ ਸਵੇਰ ਦੇ 6 ਵਜ ਜਾਣੇ,ਅਸੀਂ ਵੀ ਕਈ ਕਈ ਘੰਟੇ ਰਿਆਜ਼ ਕਰਦੇ ਸੀ।ਸ਼੍ਰੀ ਸਤਿਗੁਰੂ ਜੀ ਨੇ ਸੰਨ 1995 ਨੂੰ ਸ਼ੰਮੀ, ਗਰੁਮੀਤ ਕੌਰ ਤੇ ਹਰਜਿੰਦਰ ਸਿੰਘ ਦੀ ਉਸਤਾਦ ਅਮਜ਼ਦ ਅਲੀ ਖਾਂ ਸਾਹਿਬ ਨਾਲ ਉਸਤਾਦੀ-ਸ਼ਾਗਿਰਦੀ ਕਰਵਾਈ।

ਸ਼੍ਰੀ ਸਤਿਗੁਰੂ ਜੀ ਦੇ ਹੁਕਮਾ ਅਨੁਸਾਰ ਸ਼ੰਮੀ ਦੇ ਅਨੰਦ ਕਾਰਜ 13 ਫਰਵਰੀ ਸੰਨ 1998 ਨੂੰ ਸ਼੍ਰੀ ਭੈਣੀ ਸਾਹਿਬ ਵਿਖੇ ਰਾਗੀ ਸ਼੍ਰੀ ਹਰਜਿੰਦਰ ਸਿੰਘ (ਸਪੁੱਤਰ ਸੰਤ ਕਸ਼ਮੀਰ ਸਿੰਘ ਪ੍ਰਬੰਧਕ) ਨਾਲ ਹੋਏ। ਸ਼ੰਮੀ ਦੇ ਘਰ ਇਕ ਪੁੱਤਰ ਨੇ ਅਮਰੀਕਾ ਵਿਖੇ 3 ਮਈ ਸੰਨ 2002 ਨੂੰ ਜਨਮ ਲਿਆ ਜਿਸ ਦਾ ਨਾਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਹਰੀ ਸਿੰਘ ਰੱਖਿਆ।

ਵਿਆਹ ਤੋਂ ਬਾਅਦ ਸ਼ੰਮੀ ਨੇ ਸੰਗੀਤ ਵਿੱਚ ਬੀ.ਏ ਕੀਤੀ।ਸੰਨ 1999 ਤੋਂ 2002 ਤੱਕ ਸ਼ੰਮੀ ਨੇ ਸ਼੍ਰੀ ਸਤਿਗੁਰੂ ਜੀ ਦੇ ਹੁਕਮਾ ਅਨੁਸਾਰ ਸ਼੍ਰੀ ਭੈਣੀ ਸਾਹਿਬ ਵਿਖੇ ਇਹਨਾਂ ਬੱਚੀਆਂ ਨੂੰ ਸੰਗੀਤ (ਆਸਾ ਦੀ ਵਾਰ, ਗਾਇਨ ਤੇ ਦਿਲਰੁਬਾ) ਸਿਖਾਉਣਾ ਸ਼ੁਰੂ ਕੀਤਾ।ਇਨ੍ਹਾਂ ਕੁੜੀਆਂ ਨੇ ਸ਼੍ਰੀ ਰਾਜੇਸ਼ ਕੁਮਾਰ ਮਾਲਵੀਆ ਤੋਂ ਤਬਲਾ ਵੀ ਸਿੱਖਿਆ।ਸੰਨ 2009 ਤੋਂ ਕਰੀਬ ਚਾਲੀ ਬੱਚੇ ਬੱਚੀਆਂ ਸ਼ੰਮੀ ਤੋਂ ਸੰਗੀਤ ਸਿੱਖ ਰਹੇ ਹਨ।ਪੰ:ਰਮਾਕਾਂਤ ਜੀ ਇਨ੍ਹਾਂ ਬੱਚਿਆਂ ਨੂੰ ਤਬਲੇ ਦੀ ਸਿੱਖਿਆ ਦੇ ਰਹੇ ਹਨ।

ਮੌਜੂਦਾ ਸਮੇਂ ਵਿੱਚ ਸ਼੍ਰੀ ਸਤਿਗੁਰੂ ਪ੍ਰਤਾਪ ਸਿੰਘ ਅਕੈਡਮੀ ਸ਼੍ਰੀ ਭੈਣੀ ਸਾਹਿਬ (Garden Valley International School) ਵਿਖੇ ਸ਼ੰਮੀ ਸੰਗੀਤ ਦੀ ਟੀਚਰ ਵੀ ਹੈ ਅਤੇ ਘਰ ਵਿੱਚ ਬੱਚਿਆਂ ਨੂੰ ਬਿਨਾਂ ਫੀਸ ਤੋਂ ਸੇਵਾ ਭਾਵਨਾ ਤੇ ਦਿਲਚਸਪੀ ਨਾਲ ਸੰਗੀਤ ਸਿਖਾਉਂਦੀ ਹੈ''[6]

## ਬੀਬੀ ਹਰਮੀਤ ਕੌਰ

**ਜਨਮ ਅਤੇ ਸਿੱਖਿਆ:** ਬੀਬੀ ਹਰਮੀਤ ਕੌਰ ਦਾ ਜਨਮ 26 ਅਕਤੂਬਰ ਸੰਨ 1980 ਵਿੱਚ ਪਿਤਾ ਹਜ਼ੂਰੀ ਰਾਗੀ ਹਰਬੰਸ ਘੁੱਲਾ ਜੀ ਅਤੇ ਮਾਤਾ ਸੁਖਵਿੰਦਰ ਕੌਰ ਦੇ ਘਰ ਸ਼੍ਰੀ ਭੈਣੀ ਸਾਹਿਬ ਵਿਖੇ ਹੋਇਆ। ਇਹਨਾਂ ਨੇ ਪਹਿਲੇ ਪੰਨੇ ਤੇ ਲਿਖੇ ਉਸਤਾਦਾਂ ਤੋਂ ਇਲਾਵਾ ਪ੍ਰੋ: ਵਰਿੰਦਰ ਕੁਮਾਰ ਜੀ ਤੋਂ ਸਿਤਾਰ ਵੀ ਸਿੱਖੀ। ਸ਼੍ਰੀ ਸਤਿਗੁਰੂ ਜੀ ਹਰਜੀਤ ਕੌਰ ਦਾ ਗਾਇਨ ਅਕਸਰ ਸੁਣਿਆ ਕਰਦੇ ਸਨ।

ਇਹਨਾਂ ਨੇ +2 ਤੱਕ ਪੜ੍ਹਾਈ ਕਰਨ ਪਿਛੋਂ ਵਿਆਹ ਦਾ ਕਾਰਜ ਸ਼੍ਰੀ ਸਤਿਗੁਰੂ ਜੀ ਦੇ ਹੁਕਮਾ ਅਨੁਸਾਰ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਨਾਲ ਹੋਇਆ। ਇਹ ਸ਼੍ਰੀ ਭੈਣੀ ਸਾਹਿਬ ਹੀ ਰਹਿੰਦੇ ਹਨ।[7]

## ਬੀਬੀ ਗੁਰਦਰਸ਼ਨ ਕੌਰ (ਪਰਸਨ)

**ਜਨਮ ਅਤੇ ਸਿੱਖਿਆ:** ਬੀਬੀ ਗੁਰਦਰਸ਼ਨ ਕੌਰ ਦਾ ਜਨਮ ਸੰਨ 8 ਅਗਸਤ, 1978 ਈ: ਵਿੱਚ ਪਿਤਾ ਸੰਤ ਹਰਦੇਵ ਸਿੰਘ ਮਸਤਾਨਾ ਜੀ ਅਤੇ ਮਾਤਾ ਰਾਜਿੰਦਰ ਕੌਰ ਦੇ ਘਰ ਮੰਡੀ (ਹਿਮਾਚਲ ਪ੍ਰਦੇਸ਼) ਵਿਖੇ ਹੋਇਆ। ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਗੁਰਦਸ਼ਨ ਕੌਰ ਨੂੰ ਪਰਸਨ ਆਖਦੇ ਸਨ।

ਸੱਤ ਕੁ ਸਾਲ ਦੀ ਉਮਰ ਵਿੱਚ ਸੰਗੀਤ ਦੀ ਸਿੱਖਿਆ ਲੈਣੀ ਆਰੰਭ ਕੀਤੀ। ਇਹ ਸ਼੍ਰੀ ਭੈਣੀ ਸਾਹਿਬ ਵਿਖੇ ਬੀਬੀਆਂ ਵੱਲੋਂ ਲਗਾਈ ਜਾਂਦੀ 'ਆਸਾ ਦੀ ਵਾਰ' ਦੇ ਕੀਰਤਨ ਸਮੇਂ ਤਬਲਾ ਵਜਾਇਆ ਕਰਦੀ। ਇਸ ਦਾ ਜ਼ਿਆਦਾ ਧਿਆਨ ਗਾਇਨ ਵਿੱਚ ਹੋਣ ਕਾਰਨ ਸ਼੍ਰੀ ਸਤਿਗੁਰੂ ਜੀ ਨੇ ਇਸ ਨੂੰ ਸੰਨ 1997 ਵਿੱਚ ਪੰ: ਰਾਜਨ ਸਾਜਨ ਮਿਸ਼ਰਾ ਦਾ ਸ਼ਾਗਿਰਦ ਬਣਾਇਆ।

ਇਹਨਾਂ ਉਸਤਾਦਾਂ ਕੋਲੋਂ ਦਿੱਲੀ ਰਹਿ ਕੇ ਹੀ ਸੰਗੀਤ ਦੀ ਸਿੱਖਿਆ ਪ੍ਰਾਪਤ ਕੀਤੀ ਅਤੇ ਸੰਨ 1998 ਵਿੱਚ ਵਾਪਸ ਸ਼੍ਰੀ ਭੈਣੀ ਸਾਹਿਬ ਹੀ ਆ ਗਈ। ਬਾਅਦ ਵਿੱਚ ਪਰਸਨ ਪਾਇਲਟ ਦਾ ਕੋਰਸ ਕਰਨ ਦਿੱਲੀ ਚਲੀ ਗਈ ਤੇ ਅੱਜ ਕਲ੍ਹ ਇਹ ਪਾਇਲਟ ਹੈ ਤੇ ਬੰਬਈ ਵਿਖੇ ਰਹਿੰਦੀ ਹੈ।

## ਬੀਬੀ ਗੁਰਮੀਤ ਕੌਰ

**ਜਨਮ ਅਤੇ ਸਿੱਖਿਆਂ:** ਬੀਬੀ ਗੁਰਮੀਤ ਕੌਰ ਦਾ ਜਨਮ 2ਅਪ੍ਰੈਲ, 1979 ਵਿੱਚ ਪਿਤਾ ਸੰਤ ਸੰਤੋਖ ਸਿੰਘ ਜੀ ਅਤੇ ਮਾਤਾ ਸੁਰਿੰਦਰ ਕੌਰ ਦੇ ਘਰ ਵਰਿਆਂਹ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਇਹ ਆਪਣੀ ਦਾਦੀ ਕੋਲ ਸ਼੍ਰੀ ਭੈਣੀ ਸਾਹਿਬ ਹੀ ਰਹਿੰਦੇ ਜਿਥੇ ਰਹਿ ਕੇ ਸਰਕਾਰੀ ਸਕੂਲ ਵਿੱਚ ਪੜ੍ਹਾਈ ਪੂਰੀ ਕੀਤੀ ।

ਇਹਨਾਂ ਦਾ ਵਿਆਹ ਸ਼੍ਰੀ ਸਤਿਗੁਰੂ ਜੀ ਦੀ ਰਜ਼ਾ ਅਨੁਸਾਰ ਸ਼੍ਰੀ ਸਤਿਗੁਰੂ

ਜੀ ਦੇ ਹਜ਼ੂਰੀ ਰਾਗੀ ਰਣਬੀਰ ਸਿੰਘ (ਸਪੁੱਤਰ ਸ੍ਰੀ ਰਣਧੀਰ ਸਿੰਘ ਧੀਰਾ, ਸ੍ਰੀ ਭੈਣੀ ਸਾਹਿਬ) ਨਾਲ ਹੋਇਆ। ਇਹ ਜੋੜੀ ਅੱਜ ਕੱਲ੍ਹ ਇੰਗਲੈਂਡ ਵਿਖੇ ਰਹਿ ਰਹੀ ਹੈ। [8]

## ਬੀਬੀ ਗੁਰਦੀਪ ਕੌਰ ਬਾਵੇ

**ਜਨਮ:** ਬੀਬੀ ਗੁਰਦੀਪ ਕੌਰ ਦਾ ਜਨਮ 5 ਅਕਤੂਬਰ 1979 ਈ: ਵਿੱਚ ਮਾਤਾ ਰਾਜਿੰਦਰ ਕੌਰ ਅਤੇ ਪਿਤਾ ਹਰਦੇਵ ਸਿੰਘ ਦੇ ਘਰ ਮੰਡੀ (ਹਿਮਾਚਲ ਪ੍ਰਦੇਸ਼) ਵਿਖੇ ਹੋਇਆ। ਇਹ ਗੁਰਦਰਸ਼ਨ ਕੌਰ ਪਰਸਨ ਦੀ ਹੀ ਛੋਟੀ ਭੈਣ ਹੈ।

ਬੀਬੀ ਗੁਰਦੀਪ ਕੌਰ ਨੇ 6 ਸਾਲ ਦੀ ਉਮਰ ਵਿੱਚ ਸੰਗੀਤ ਸਿੱਖਣਾ ਆਰੰਭ ਕਰ ਦਿੱਤਾ ਸੀ। ਇਹਨਾਂ ਨੇ ਗਾਇਨ ਤੇ ਦਿਲਰੁਬਾ ਸਿੱਖਣ ਤੋਂ ਇਲਾਵਾ ਸਿਤਾਰ ਦੀ ਸਿੱਖਿਆ ਪ੍ਰੋ: ਵਰਿੰਦਰ ਕੁਮਾਰ ਜੀ ਤੋਂ ਪ੍ਰਾਪਤ ਕੀਤੀ ਅਤੇ ਉਹਨਾਂ ਦੀ ਸ਼ਾਗਿਰਦ ਬਣ ਗਈ। ਇਸ ਤੋਂ ਇਲਾਵਾ ਨਾਮਧਾਰੀ ਵਿੱਦਿਅਕ ਸੰਮੇਲਨਾਂ ਵਿੱਚ ਵੀ ਭਾਗ ਲਿਆ ਜਿਸ ਵਿਚੋਂ ਪਹਿਲੇ ਸਥਾਨ ਤੇ ਰਹੀ ਤੇ ਆਪਣੀ ਪੜ੍ਹਾਈ ਪੂਰੀ ਕਰਨ ਲਈ ਆਸਟਰੇਲੀਆ ਚਲੀ ਗਈ ਸੀ ਤੇ ਅੱਜ ਕੱਲ੍ਹ ਹੋਟਲ ਮੈਨੇਜਮੈਂਟ ਦਾ ਕੋਰਸ ਕਰਨਾ ਆਰੰਭ ਕੀਤਾ ਹੈ ਤੇ ਹੁਣ ਉਹਨਾਂ ਦਾ ਨਿਵਾਸ ਸਥਾਨ ਆਸਟ੍ਰੇਲੀਆ ਵਿੱਚ ਹੀ ਹੈ।

## ਬੀਬੀ ਪਰਮਜੀਤ ਕੌਰ

**ਜਨਮ ਅਤੇ ਸਿੱਖਿਆ:** ਬੀਬੀ ਪਰਮਜੀਤ ਕੌਰ ਦਾ ਜਨਮ 22 ਜੂਨ, 1979 ਈ: ਵਿੱਚ ਮਾਤਾ ਬਲਬੀਰ ਕੌਰ ਤੇ ਪਿਤਾ ਦਰਸ਼ਨ ਸਿੰਘ ਦੇ ਘਰ ਹੋਇਆ। ਇਹਨਾਂ ਨੇ ਗਾਇਨ ਦੀ ਸਿੱਖਿਆ ਦੇ ਨਾਲ-ਨਾਲ ਸਾਰੰਗੀ ਸਾਜ਼ ਵੀ ਸਿੱਖਿਆ।

ਬੀਬੀ ਜੀ ਨੇ 7 ਸਾਲ ਦੀ ਉਮਰ ਤੋਂ ਹੀ ਸੰਗੀਤ ਸਿੱਖਣਾ ਸ਼ੁਰੂ ਕਰ ਦਿੱਤਾ ਸੀ। ਸੰਨ 1995 ਵਿੱਚ ਪਰਮਜਮੀਤ ਕੌਰ ਆਪਣੇ ਪਿੰਡ ਚਲੀ ਗਈ। ਜਿਥੇ +2 ਦੀ ਪੜ੍ਹਾਈ ਪੂਰੀ। ਪ੍ਰੰਤੂ ਫਿਰ ਵਿਆਹ ਤੋਂ ਬਾਅਦ ਅਮਰੀਕਾ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ।

## ਬੀਬੀ ਸਿਮਰਜੀਤ ਕੌਰ ਸਿੰਮੀ

**ਜਨਮ ਅਤੇ ਸਿੱਖਿਆ:** ਬੀਬੀ ਸਿਮਰਜੀਤ ਕੌਰ ਦਾ ਜਨਮ 13 ਜਨਵਰੀ, ਸੰਨ 1981 ਵਿੱਚ ਮਾਤਾ ਚਰਨਜੀਤ ਕੌਰ ਅਤੇ ਪਿਤਾ ਜਗਤਾਰ ਸਿੰਘ ਜੀ ਯੂ.ਪੀ ਵਾਲਿਆਂ ਦੇ ਘਰ ਹੋਇਆ। ਸਿੰਮੀ, ਪੰਮੋ, ਸ਼ੰਮੀ ਤੇ ਗੁਰਮੀਤ ਕੌਰ ਸਰਕਾਰੀ ਸਕੂਲ ਸ੍ਰੀ ਭੈਣੀ ਸਾਹਿਬ ਤੋਂ ਹੀ ਇਕੱਠੇ ਹੀ ਸਿੱਖਿਆ ਪ੍ਰਾਪਤ ਕੀਤੀ। ਜੋ +2 ਤੱਕ ਚਲੀ। ਜਿਸ ਪਿਛੋ ਵਿਆਹ ਕਰਾਉਣ ਤੇ ਦਿੱਲੀ ਜਾ ਕੇ ਰਹਿਣ ਲੱਗੇ।

## ਬੀਬੀ ਵੀਰਪਾਲ ਕੌਰ ਵੀਰੋ

**ਜਨਮ:** ਬੀਬੀ ਵੀਰਪਾਲ ਕੌਰ ਦਾ ਜਨਮ ਸੰਨ 1980 ਵਿੱਚ ਪਿਤਾ ਸੰਤ ਬਲਦੇਵ ਸਿੰਘ ਦੇ ਘਰ ਪਿੰਡ ਥੇੜ੍ਹਾ ਜਿਲ੍ਹਾ ਸਿਰਸਾ (ਹਰਿਆਣਾ) ਵਿਖੇ ਹੋਇਆ।ਸੰਗੀਤ ਦੀ ਸਿੱਖਿਆ ਕਰੀਬ 7 ਸਾਲ ਦੀ ਉਮਰ ਤੋਂ ਹੀ ਲੈਣੀ ਆਰੰਭ ਕਰ ਦਿੱਤੀ। ਨਾਮਧਾਰੀ ਵਿੱਦਿਅਕ ਸੰਮੇਲਨਾਂ ਵਿੱਚ ਤਬਲੇ ਅਤੇ ਗਾਇਨ ਦੀਆਂ ਪ੍ਰਤੀਯੋਗਿਤਾਵਾਂ ਵਿੱਚੋਂ ਇਹ ਪਹਿਲਾ ਸਥਾਨ ਪ੍ਰਾਪਤ ਕਰਦੇ।ਸੰਨ 1995 ਵਿੱਚ ਵੀਰਪਾਲ ਕੌਰ ਆਪਣੇ ਪਿੰਡ ਰਹਿ ਕੇ ਹੀ ਅੰਗਰੇਜ਼ੀ ਦੀ ਐਮ.ਏ ਵੀ ਪਾਸ ਕੀਤੀ।ਅੱਜ ਕੱਲ੍ਹ ਇਹ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਅਗਰੇਜ਼ੀ ਦੀ ਸਿੱਖਿਆ ਦੇ ਰਹੇ ਹਨ।ਜੋ ਪ੍ਰੋਫਸਰ ਦੇ ਅਹੁਦੇ ਤੇ ਬਿਰਾਜਮਾਨ ਹਨ।

## ਬੀਬੀ ਪਵਨਦੀਪ ਕੌਰ

**ਜਨਮ:** ਬੀਬੀ ਪਵਨਦੀਪ ਕੌਰ ਦਾ ਜਨਮ ਸੰਨ 1980 ਵਿੱਚ ਪਿਤਾ ਸੰਤ ਕਰਤਾਰ ਸਿੰਘ ਦਾਲੇ ਵਾਲੇ ਅਤੇ ਮਾਤਾ ਗੁਰਮੀਤ ਕੌਰ ਦੇ ਘਰ ਸ਼੍ਰੀ ਭੈਣੀ ਸਾਹਿਬ ਵਿਖੇ ਹੋਇਆ।ਇਹਨਾਂ ਨੇ ਐਮ.ਏ ਹਿਸਟਰੀ ਕਰਨ ਤੇ ਵਿਆਹ ਕਰਾਉਣ ਪਿਛੋਂ ਆਪਣੇ ਪਰਿਵਾਰ ਨਾਲ ਲੁਧਿਆਣੇ ਹੀ ਰਹਿਣ ਲੱਗੇ।

## ਬੀਬੀ ਪਰਮਜੀਤ ਕੌਰ ਪੰਮੋ

**ਜਨਮ:** ਬੀਬੀ ਪਰਮਜੀਤ ਕੌਰ ਪੰਮੋ ਦਾ ਜਨਮ ਸੰਨ 1978 ਵਿੱਚ ਪਿਤਾ ਸੰਤ ਦਰਸ਼ਨ ਸਿੰਘ ਲਾਂਗਰੀ ਤੇ ਮਾਤਾ ਬਲਬੀਰ ਕੌਰ ਦੇ ਘਰ ਸ਼੍ਰੀ ਭੈਣੀ ਸਾਹਿਬ ਵਿਖੇ ਹੋਇਆ।ਇਹਨਾਂ ਦਾ ਸੰਗੀਤ ਨਾਲ ਪ੍ਰੇਮ ਅੱਜ ਵੀ ਬਣਿਆ ਹੋਇਆ ਹੈ।

**ਸੰਗੀਤ ਸਿੱਖਿਆ**: ਸੰਨ 1989 'ਚ ਸੰਗੀਤ ਸਿੱਖਣਾ ਸ਼ੁਰੂ ਕੀਤਾ। ਸੰਗੀਤ ਨਾਲੋਂ ਜ਼ਿਆਦਾ ਦਿਲਚਸਪੀ ਦਿਲਰੁਬਾ ਅਤੇ ਤਬਲਾ-ਵਾਦਨ ਵਿੱਚ ਸੀ। ਇਸ ਨੇ ਬੀ.ਏ ਦੀ ਪੜ੍ਹਾਈ ਨਾਲ ਕੰਪਿਊਟਰ ਦਾ C++ ਦਾ ਡਿਪਲੋਮਾ ਵੀ ਕੀਤਾ।ਇਸ ਦਾ ਵਿਆਹ ਪਿੰਡ ਰਤੀਆਂ (ਹਰਿਆਣਾ) ਸ:ਬਲਦੇਵ ਸਿੰਘ ਨਾਲ ਹੋਇਆ।

## ਬੀਬੀ ਬਲਜੀਤ ਕੌਰ

**ਜਨਮ ਅਤੇ ਸੰਗੀਤ ਸਿੱਖਿਆ:** ਬੀਬੀ ਬਲਜੀਤ ਕੌਰ ਦਾ ਜਨਮ 29 ਜੂਨ ਸੰਨ 1980 'ਚ ਪਿਤਾ ਜਥੇਦਾਰ ਬਲਵਿੰਦਰ ਸਿਘ ਪਊਏ ਤੇ ਖੜਾਵਾਂ ਵਾਲੇ(ਮਜਬ੍ਹੀ) ਅਤੇ ਮਾਤਾ ਬਲਬੀਰ ਕੌਰ ਦੇ ਘਰ ਸ਼੍ਰੀ ਭੈਣੀ ਸਾਹਿਬ ਵਿਖੇ ਹੋਇਆ।

ਸੰਗੀਤ ਦੀ ਸਿੱਖਿਆ ਬਲਜੀਤ ਸਿੰਘ ਜੀ ਤੋਂ ਲੈਣੀ ਆਰੰਭ ਕੀਤੀ।ਗਾਇਨ ਦੇ ਨਾਲ-ਨਾਲ ਸ਼੍ਰੀ ਸੁਰਜੀਤ ਸਿੰਘ ਜੀ ਤੋਂ ਸਾਰੰਗੀ ਅਤੇ ਦਿਲਰੁਬਾ ਦੀ ਸਿੱਖਿਆ ਵੀ ਪ੍ਰਾਪਤ ਕੀਤੀ।ਬੀਬੀ ਬਲਜੀਤ ਕੌਰ ਨੇ ਪ੍ਰਾਚੀਨ ਕਲਾ ਕੇਂਦਰ (ਚੰਡੀਗੜ੍ਹ) ਤੋਂ ਬੀ.ਏ

ਦੀ ਪੜ੍ਹਾਈ ਪੂਰੀ ਕਰਨ ਪਿਛੋਂ ਪ੍ਰੋ: ਕਰਤਾਰ ਸਿੰਘ ਜੀ ਤੋਂ ਵੀ ਭਾਰਤੀ ਸੰਗੀਤ ਦੀ ਸਿੱਖਿਆ ਲਈ।

ਬੀਬੀ ਬਲਜੀਤ ਕੌਰ ਦੇ ਦੋਵੇਂ ਭਰਾ ਬਸੰਤ ਸਿੰਘ ਅਤੇ ਬੇਅੰਤ ਸਿੰਘ ਨੇ ਵੀ ਸੰਗੀਤ ਦੀ ਸਿੱਖਿਆ ਲਈ ਹੈ। ਇਹ ਤਿੰਨੇ ਂ ਭੈਣ-ਭਰਾ ਸ਼੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਰਤਨ ਕਰਦੇ। ਬੀਬੀ ਬਲਜੀਤ ਕੌਰ ਦੇ ਪਿਤਾ ਦਾ ਕਹਿਣਾ ਹੈ ਕਿ "ਬੱਚਿਆਂ ਨੂੰ ਸੰਗੀਤ ਸਿਖਾਉਣ ਵਿੱਚ ਸਤਿਗੁਰੂ ਜੀ ਨੇ ਬਹੁਤ ਮਿਹਨਤ ਕੀਤੀ ਹੈ। ਖੁਦ ਬੱਚਿਆਂ ਨੂੰ ਘਰ ਬੁਲਾ-ਬੁਲਾ ਕੇ ਸੰਗੀਤ ਦੀ ਸਿੱਖਿਆ ਦਿੱਤੀ ਅਤੇ ਮੇਰੇ ਤਿੰਨੋਂ ਬੱਚਿਆਂ ਦੇ ਕੀਰਤਨ ਤੋਂ ਖੁਸ਼ ਹੋ ਕੇ ਸ਼੍ਰੀ ਸਤਿਗੁਰੂ ਜੀ ਨੇ 100,100ਰੁਪਏ ਪ੍ਰਤੀ ਮਹੀਨੇ ਇਨ੍ਹਾਂ ਨੂੰ ਬਦਾਮ ਵਗੈਰਾ ਖਾਣ ਲਈ ਦਿੰਦੇ ਰਹੇ ਹਨ। ਵਿਦਿੱਅਕ ਸੰਮੇਲਨਾਂ ਵਿੱਚ ਹੁੰਦੀਆਂ ਪ੍ਰਤੀਯੋਗਤਾਵਾਂ ਵਿੱਚੋਂ ਮੇਰੇ ਬੱਚੇ ਇਨਾਮ ਜਿੱਤਦੇ ਰਹੇ ਹਨ। ਸ਼੍ਰੀ ਸਤਿਗੁਰੂ ਜੀ ਦੇ ਉਤਸ਼ਾਹ ਨਾਲ ਹੀ ਬੱਚੇ ਸੰਗੀਤ ਸਿੱਖ ਚੁੱਕੇ ਹਨ।"[9]

## ਬੀਬੀ ਅੰਮ੍ਰਿਤਪਾਲ ਕੌਰ ਨਿੱਕੀ

**ਜਨਮ ਅਤੇ ਸੰਗੀਤ ਸਿੱਖਿਆ:** ਬੀਬੀ ਅੰਮ੍ਰਿਤਪਾਲ ਕੌਰ ਨਿੱਕੀ ਦਾ ਜਨਮ 20 ਸਤੰਬਰ ਸੰਨ 1981 ਈ:'ਚ ਪਿਤਾ ਸੰਤ ਕੁਲਦੀਪ ਸਿੰਘ ਅਤੇ ਮਾਤਾ ਜਸਬੀਰ ਕੌਰ ਦੇ ਘਰ ਪਿੰਡ ਕੱਕੜ ਜਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਇਹ ਸਿਮਰਤਪਾਲ ਕੌਰ ਸ਼ੰਮੀ ਦੀ ਹੀ ਭੈਣ ਹੈ।

ਸੰਨ 1995 ਵਿੱਚ ਇਸ ਨੇ ਰਾਗੀ ਮੋਹਨ ਸਿੰਘ ਪਾਸੋਂ ਗਾਇਨ ਸਿੱਖਣਾ ਆਰੰਭ ਕੀਤਾ। ਉਸਤਾਦ ਹਰਭਜਨ ਸਿੰਘ ਪਾਸੋਂ ਗਾਇਨ, ਆਸਾ ਦੀ ਵਾਰ ਅਤੇ ਕੀਰਤਨ ਕਰਨਾ ਵੀ ਸਿੱਖਿਆ। ਤਬਲੇ ਦੀ ਸਿਖਿਆ ਸ਼੍ਰੀ ਸੁਖਵਿੰਦਰ ਸਿੰਘ ਪਿੰਕੀ ਤੋਂ ਅਤੇ ਸ਼੍ਰੀ ਸੁਰਜੀਤ ਸਿੰਘ ਜੀ ਕੋਲੋਂ ਦਿਲਰੁਬਾ ਸਿੱਖੀ।

## ਬੀਬੀ ਰਣਜੀਤ ਕੌਰ

**ਜਨਮ ਅਤੇ ਸਿੱਖਿਆ**: ਰਣਜੀਤ ਕੌਰ ਦਾ ਜਨਮ 24 ਸਤੰਬਰ ਸੰਨ 1981 'ਚ ਪਿਤਾ ਸਵ: ਸੰਤ ਗੁਰਦਿਆਲ ਸਿੰਘ ਅਤੇ ਮਾਤਾ ਬਲਬੀਰ ਕੌਰ ਦੇ ਘਰ ਸ਼੍ਰੀ ਭੈਣੀ ਸਾਹਿਬ ਵਿਖੇ ਹੋਇਆ। ਇਹ ਸੰਗੀਤਕਾਰ ਅਮਰੀਕ ਸਿੰਘ ਦੀ ਛੋਟੀ ਭੈਣ ਹੈ। ਸੰਨ 1995 ਈ: ਤੋਂ ਸੰਗੀਤ ਦੀ ਸਿੱਖਿਆ ਬੀਬੀ ਨਰਿੰਦਰ ਕੌਰ ਜੀ ਕੋਲੋਂ ਲੈਣੀ ਆਰੰਭ ਕੀਤੀ। ਇਹਨਾਂ ਤੋਂ ਇਲਾਵਾ ਰਾਗੀ ਮੋਹਨ ਸਿੰਘ ਅਤੇ ਉਸਤਾਦ ਹਰਭਜਨ ਸਿੰਘ ਪਾਸੋਂ ਗਾਇਨ ਵੀ ਸਿਖਿਆ ਗਾਇਨ ਦੇ ਨਾਲ ਪ੍ਰੋ: ਵਰਿੰਦਰ ਕੁਮਾਰ ਜੀ ਤੋਂ ਸਿਤਾਰ ਦੀ ਸਿੱਖਿਆ ਵੀ ਲਈ ਬੀਬੀ ਰਣਜੀਤ ਕੌਰ ਜੀ ਨੇ ਬੀ.ਏ ਤੇ ਐੱਮ.ਏ. ਵੀ ਕੀਤੀ ਜੋ ਅੱਜ ਕਲ੍ਹ ਪੜ੍ਹਨ ਲਈ ਆਸਟ੍ਰੇਲੀਆ ਗਏ ਹਨ

## ਬੀਬੀ ਨਵਜੋਤ ਕੌਰ

**ਜਨਮ:** ਬੀਬੀ ਨਵਜੋਤ ਕੌਰ ਦਾ ਜਨਮ ਸੰਨ 1982'ਚ ਪਿਤਾ ਸੰਤ ਹਰਜਾਪ ਸਿੰਘ ਅਤੇ ਮਾਤਾ ਕਮਲਜੀਤ ਕੌਰ ਦੇ ਘਰ ਸ਼੍ਰੀ ਭੈਣੀ ਸਾਹਿਬ ਵਿਖੇ ਹੋਇਆ।

**ਸੰਗੀਤ ਸਿੱਖਿਆ**: ਸੰਗੀਤ ਸੀ ਸਿੱਖਿਆ ਬੀਬੀ ਨਰਿੰਦਰ ਕੌਰ ਜੀ ਤੋਂ ਲੈਣੀ ਆਰੰਭ ਕੀਤੀ ਉਪਰੰਤ ਰਾਗੀ ਮੋਹਨ ਸਿੰਘ ਅਤੇ ਉਸਤਾਦ ਹਰਭਜਨ ਸਿੰਘ ਪਾਸੋਂ ਗਾਇਨ ਦੀ ਸਿੱਖਿਆ ਲਈ।ਅੱਜ ਕਲ੍ਹ ਬੀਬੀ ਨਵਜੋਤ ਕੌਰ ਸੰਗੀਤ ਦੀ ਐਮ.ਏ ਕਰਨ ਪਿਛੋਂ ਪ੍ਰੋਫੈਸਰ ਦੇ ਰੂਪ ਵਿੱਚ ਸੰਗੀਤ ਦੀ ਸਿੱਖਿਆ ਦੇ ਰਹੇ ਹਨ।ਸੰਨ 1999 ਵਿੱਚ ਇਹ ਸ਼੍ਰੀ ਭੈਣੀ ਸਾਹਿਬ ਤੋਂ ਆਪਣੇ ਪਿੰਡ ਦਸੂਹੇ ਮੁਕੇਰੀਆਂ ਵੱਲ ਚਲੇ ਗਏ।

## ਬੀਬੀ ਕੁਲਵਿੰਦਰ ਕੌਰ ਸੋਨਿਕਾ

**ਜਨਮ ਅਤੇ ਸੰਗੀਤ ਸਿੱਖਿਆ:** ਬੀਬੀ ਜੀ ਦਾ ਜਨਮ ਸੰਨ 1981'ਚ ਪਿਤਾ ਸੰਤ ਹਰਦੇਵ ਸਿੰਘ ਅਤੇ ਮਾਤਾ ਗਿਆਨ ਕੌਰ ਦੇ ਘਰ ਸ਼੍ਰੀ ਭੈਣੀ ਸਾਹਿਬ ਵਿਖੇ ਹੋਇਆ

ਇਹਨਾਂ ਨੇ ਸੰਗੀਤ ਬੀਬੀ ਨਰਿੰਦਰ ਜੀ ਤੋਂ ਸਿੱਖਣਾ ਆਰੰਭ ਕੀਤਾ ਉਪਰੰਤ ਰਾਗੀ ਮੋਹਨ ਸਿੰਘ ਅਤੇ ਉਸਤਾਦ ਹਰਭਜਨ ਸਿੰਘ ਪਾਸੋਂ ਗਾਇਨ ਤੋਂ ਇਲਾਵਾ ਪ੍ਰੋ: ਵਰਿੰਦਰ ਕੁਮਾਰ ਜੀ ਤੋਂ ਸਿਤਾਰ ਵੀ ਸਿੱਖਿਆ।

## ਬੀਬੀ ਹਰਮੀਤ ਕੌਰ ਮਮਲਾ

ਇਹਨਾਂ ਦਾ ਜਨਮ ਭੈਣੀ ਸਾਹਿਬ ਵਿਖੇ ਹੋਇਆ।ਪਿਤਾ ਸੰਤ ਹਰਦੇਵ ਸਿੰਘ ਮਸਤਾਨਾ ਜੀ ਅਤੇ ਮਾਤਾ ਰਾਜਿੰਦਰ ਕੌਰ ਦੀ ਬੇਟੀ ਤੇ ਪਰਸਨ ਅਤੇ ਬਾਵੋ ਵੀ ਛੋਟੀਆਂ ਭੈਣਾਂ ਹਨ।

**ਸੰਗੀਤ ਦੀ ਸਿੱਖਿਆ**: ਸੰਗੀਤ ਦਾ ਸਫਰ ਬੀਬੀ ਨਰਿੰਦਰ ਕੌਰ ਜੀ ਤੋਂ ਸ਼ੁਰੂ ਕਰ ਰਾਗੀ ਮੋਹਨ ਸਿੰਘ ਅਤੇ ਉਸਤਾਦ ਹਰਭਜਨ ਸਿੰਘ ਪਾਸੋਂ ਗਾਇਨ ਦੀ ਸਿੱਖਿਆ ਲਈ +2 ਦੀ ਪੜ੍ਹਾਈ ਪੂਰੀ ਕਰਨ ਪਿਛੋਂ ਵਿਆਹ ਕਰ ਦਿੱਤਾ ਗਿਆ।ਜੋ ਅੱਜ ਕੱਲ੍ਹ ਇੰਗਲੈਂਡ ਵਿਖੇ ਹੀ ਰਹਿੰਦੇ ਹਨ।

## ਬੀਬੀ ਅਮਨਪ੍ਰੀਤ ਕੌਰ-ਰਮਨਪ੍ਰੀਤ ਕੌਰ

ਨਾਮਧਾਰੀ ਸੰਪ੍ਰਦਾਇ ਤੇ ਸੰਗੀਤ ਦਾ ਬਹੁਤ ਪੁਰਾਣਾ ਰਿਸ਼ਤਾ ਹੈ।ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਸਾਸ਼ਤਰੀ ਸੰਗੀਤ ਵਾਸਤੇ ਇਕ ਅਵਾਰ ਹਨ।ਇਸੀ ਸੰਪ੍ਰਦਾਇ ਵਿੱਚੋਂ ਹੀ ਹਨ ਜਲੰਧਰ ਦੀਆਂ ਭੈਣਾਂ ਜਿਨ੍ਹਾਂ ਦਾ ਨਾਮ ਅਮਨਪ੍ਰੀਤ ਕੌਰ ਤੇ ਰਮਨਪ੍ਰੀਤ ਕੌਰ ਜਸਵਾਲ ਹੈ।ਮਾਤਾ ਪਰਮਜੀਤ ਕੌਰ ਤੇ ਪਿਤਾ ਸ: ਜਸਬੀਰ ਸਿੰਘ ਜਸਵਾਲ ਕਿੱਤੇ ਤੋਂ ਬਿਲਡਿੰਗ ਕਾਂਟਰੈਕਟਰ ਹਨ।ਉਹਨਾਂ ਨੂੰ ਚਾਹੇ ਸੰਗੀਤ ਬਾਰੇ ਕੋਈ

ਗਿਆਨ ਨਹੀਂ ਪਰ ਸ਼ੋਂਕ ਬਹੁਤ ਸੀ ਕਿ ਉਨ੍ਹਾਂ ਦੇ ਬੱਚਿਆਂ ਚੋਂ ਸੰਗੀਤ ਦੀ ਖੁਸ਼ਬੋ ਆਵੇ।

22 ਜੂਨ 1987 ਨੂੰ ਜਨਮੀ ਅਮਨਪ੍ਰੀਤ ਕੌਰ ਤੇ 14 ਫਰਵਰੀ 1989 ਨੂੰ ਜਨਮੀ ਰਮਨਪ੍ਰੀਤ ਕੌਰ ਨੇ ਜਦੋਂ ਆਪਣੀ ਸਕੂਲ ਦੀ ਪੜ੍ਹਾਈ ਸ਼ੁਰੂ ਕੀਤੀ ਤਾਂ ਸਕੂਲ ਸਮੇਂ ਤੋਂ ਹੀ ਸੰਗੀਤ ਹੀ ਸੰਗੀਤ ਦੀ ਸਿੱਖਿਆ ਆਪਣੇ ਸਕੂਲ ਅਧਿਆਪਕ ਸ਼੍ਰੀ ਅਜੇ ਕਾਂਤ ਗੁਪਤਾ ਜੀ ਤੋਂ ਲੈਣੀ ਸ਼ੁਰੂ ਕੀਤੀ।ਆਪਣੀ ਵੱਡੀ ਭੈਣ ਅਮਨਪ੍ਰੀਤ ਦੀ ਕਾਬਲੀਅਤ ਦੇਖ ਕੇ ਗਾਇਨ ਤੋਂ ਇਲਾਵਾ ਮੋਹਨ ਵੀਨਾ ਵੀ ਸਿਖਾਉਣੀ ਸ਼ੁਰੂ ਕੀਤੀ।ਆਪਣੀ ਲਗਨ ਤੇ ਮੇਹਨਤ ਨਾਲ ਦੋਵਾਂ ਭੈਣਾ ਨੇ ਬਚਪਨ ਤੋਂ ਸੰਗੀਤ ਮੁਕਾਬਲਿਆਂ ਵਿੱਚ ਹਿੱਸਾ ਲੈਣਾ ਸ਼ੁਰੂ ਕੀਤਾ ਤੇ ਇਨਾਮ ਮਿਲਦੇ ਗਏ।

ਫਿਰ 12 ਤੇ 14 ਸਾਲ ਦੀ ਉਮਰ ਵਿੱਚ ਸ: ਕੁਲਵੰਤ ਸਿੰਘ 'ਸਲੈਚ' ਤੋਂ ਤਬਲੇ ਦੀ ਸਿੱਖਿਆ ਲੈਣੀ ਸ਼ੁਰੂ ਕੀਤੀ ਤੇ ਹਰ ਸਾਲ ਵਿਦਿਅਕ ਸੰਮੇਲਨ ਵਿੱਚੋਂ ਗਾਇਨ ਦੇ ਨਾਲ ਨਾਲ ਤਬਲੇ ਚੋਂ ਵੀ ਪਹਿਲਾਂ ਇਨਾਮ ਜਿੱਤਿਆ।

ਇਨ੍ਹਾਂ ਨੇ ਆਪਣੀ ਸਕੂਲ ਦੀ ਸਿੱਖਿਆ ਪੂਰੀ ਕਰਨ ਤੋਂ ਬਾਅਦ ਕੇ. ਐਮ. ਵੀ. ਕਾਲਜ ਵਿੱਚ ਦਾਖਲਾ ਲਿਆ ਤੇ ਪੰ: ਰਮਾਂਕਾਂਤ ਜੀ ਕੋਲੋਂ ਤਬਲਾ ਤੇ ਤਾਲ ਨਾਲ ਨਾਲ ਹੋਰ ਵੀ ਸਾਜ਼ ਸਿੱਖੇ।ਪਿਛਲੇ ਤਿੰਨ ਸਾਲ ਤੋਂ ਇਹ ਦੋਵੇਂ ਯੂਨੀਵਰਸਿਟੀ ਦੇ ਯੂਥ ਫੈਸਟੀਵਲ ਵਿੱਚੋਂ ਇਨਾਮ ਜਿੱਤ ਰਹੀਆਂ ਹਨ। ਆਪਣੀ ਸੰਗੀਤ ਦੀ ਲਾਲਸਾ ਵੱਧਦੀ ਵੇਖ ਕੇ ਸ: ਕੁਲਵੰਤ ਸਿੰਘ 'ਸਲੈਚ' ਦੇ ਸਹਿਯੋਗ ਨਾਲ ਜਲੰਧਰ ਦੇ ਉੱਚ ਕੋਟੀ ਦੇ ਉਸਤਾਦ ਪ੍ਰੋ:ਬਲਦੇਵ ਨਾਰੰਗ ਜੀ ਕੋਲੋਂ 2007 ਤੋਂ ਸੰਗੀਤ (ਗਾਇਨ) ਦੀ ਸਿੱਖਿਆ ਲੈਣੀ ਸ਼ੁਰੂ ਕੀਤੀ ਤੇ ਜਲੰਧਰ ਦੇ ਕਈ ਪ੍ਰੋਗਰਾਮਾਂ ਵਿੱਚ (ਸੋਲੋਂ) ਇਕਾਂਗੀ ਆਇਟਮ ਦੇ ਚੱਕੀਆਂ ਹਨ। ਅਪ੍ਰੈਲ 2008 ਵਿੱਚ ਜਲੰਧਰ ਦੇ ਨਾਦ ਨੰਵਰਗ ਸੰਗੀਤ ਸੰਮੇਲਨ ਵਿੱਚ ਕੀਤੀ ਪੇਸ਼ਕਾਰੀ ਨੂੰ ਬਹੁਤ ਹੀ ਪ੍ਰੋਤਸਾਹਨ ਮਿਲਿਆ ਤੇ ਇਕ ਬਹੁਤ ਹੀ ਉਜਵਲ ਭਵਿੱਖ ਵੱਲ ਵੱਧ ਰਹੀਆਂ ਹਨ।ਦਸੰਬਰ 2007 ਦੇ ਹਰਬਲੱਬ ਸੰਗੀਤ ਸੰਮੇਲਨ ਦੇ ਸੰਗੀਤ ਮੁਕਾਬਲਿਆਂ ਵਿੱਚੋਂ ਰਮਨਪ੍ਰੀਤ ਨੇ ਸੰਤੂਰ ਵਾਦਨ ਵਿੱਚੋਂ ਪਹਿਲਾਂ ਇਨਾਮ ਜਿੱਤਿਆ ਤੇ ਰਮਨਪ੍ਰੀਤ ਕੌਰ ਨੇ ਤਬਲੇ ਵਾਦਨ ਵਿੱਚੋਂ ਪਹਿਲੇ ਪੰਜ ਕਲਾਕਾਰਾਂ ਵਿੱਚ ਚੁਣੀ ਗਈ ਸੀ।

## ਬੀਬੀ ਪਭਜੋਤ ਕੌਰ (ਜੋਤੀ) ਚਾਨਾ

**ਜਨਮ:** ਬੀਬੀ ਪ੍ਰਭਜੋਤ ਕੌਰ ਦਾ ਜਨਮ 25 ਮਈ 1972 ਨੂੰ ਲੰਡਨ, ਯੂ.ਕੇ ਵਿਖੇ ਹੋਇਆ।ਇਹ ਦਿੱਲੀ ਦੇ ਸ਼੍ਰੀ ਮਨਮੋਹਨ ਸਿੰਘ ਹੰਸਪਾਲ ਜੋ Ex.M.P.ਸ਼੍ਰੀ ਹਰਵਿੰਦਰ ਸਿੰਘ ਹੰਸਪਾਲ ਦੇ ਛੋਟੇ ਸ: ਜਗਮੋਹਨ ਸਿੰਘ ਅਤੇ ਬੀਬੀ ਮਨਜੀਤ ਕੌਰ ਦੀ ਬੇਟੀ ਹੈ।ਇਹਨਾਂ ਦਾ ਵਿਆਹ 25 ਦਸੰਬਰ 1989 ਈ: ਨੂੰ ਹੋਇਆ।ਜਿਸ ਪਿਛੋਂ ਬੀਬੀ

ਪ੍ਰਭਜੋਤ ਕੌਰ ਇੰਗਲੈਂਡ ਚਲੇ ਗਏ। ਇਹ ਸ਼੍ਰੀ ਕੁਲਦੀਪ ਸਿੰਘ ਚਾਨਾ (ਪ੍ਰਧਾਨ ਨਾਮਧਾਰੀ ਸੰਗਤ ਸਾਊਥਹਾਲ) ਦੀ ਧਰਮ ਪਤਨੀ ਹਨ। ਇਹ ਸਾਰਾ ਪਰਿਵਾਰ ਸਾਊਥਹਾਲ ਗੁਰਦੁਆਰੇ ਵਿੱਚ ਬਹੁਤ ਸੇਵਾ ਕਰਦੇ ਹਨ। ਸ਼੍ਰੀ ਗਰੁਤੇਜਪਾਲ ਸਿੰਘ ਚਾਨਾ ਨੇ ਪ੍ਰੋ:ਤ੍ਰਿਲੋਕ ਸਿੰਘ ਕੋਲੋਂ ਸਿਤਾਰ ਸਿੱਖੀ ਹੋਈ ਹੈ ਅਤੇ ਇਨ੍ਹਾਂ ਦੇ ਬੱਚੇ ਗੁਰਬਖਸ਼ੀਸ਼ ਸਿੰਘ ਤੇ ਗੰਗਾ ਸਿੰਘ ਹਨ।

ਬੀਬੀ ਜੋਤੀ ਨੇ ਆਪਣੀ ਸੰਗੀਤ ਦੀ ਸਿੱਖਿਆ ਦਿੱਲੀ ਤੋਂ ਪ੍ਰਾਪਤ ਕਰਨ ਪਿੱਛੋਂ ਸ਼ਹੀਦ ਬਿਸ਼ਨ ਸਿੰਘ ਮੈਮੋਰੀਅਲ ਸਕੂਲ ਦਿੱਲੀ ਵਿਖੇ ਉਸਤਾਦ ਹਰਭਜਨ ਸਿੰਘ ਕੋਲੋਂ ਤੇ ਬੀਬੀ ਤ੍ਰਿਪਤ ਕੌਰ ਕੋਲੋਂ ਵੀ ਸਿੱਖਿਆ ਲਈ। ਸਤਿਗੁਰੂ ਜੀ ਦਾ ਹੁਕਮ,"ਸਤਿਗੁਰੂ ਜੀ ਨੇ ਬੀਬੀ ਜੋਤੀ ਨੂੰ ਯੂ.ਕੇ ਦੇ ਬੱਚਿਆਂ ਨੂੰ ਸੰਗੀਤ ਸਿਖਾਉਣ ਦਾ ਹੁਕਮ ਦਿੱਤਾ"।

ਜਿਸ ਪਿਛੋਂ ਬੀਬੀ ਜੋਤੀ ਨੇ ਛੋਟੇ ਬੱਚਿਆਂ ਨੂੰ ਸੰਗੀਤ ਦੀ ਸਿੱਖਿਆ ਦੇਣੀ ਆਰੰਭ ਕੀਤੀ। ਜਿਨ੍ਹਾਂ ਵਿੱਚੋਂ 5 ਤੋਂ 16 ਸਾਲ ਤੱਕ ਦੇ ਬੱਚੇ ਆਉਂਦੇ ਹਨ। ਸੰਗੀਤ ਦੀ ਸਿੱਖਿਆ ਲੈਣ ਵਾਲੇ ਬੱਚੇ ਹੇਠਾਂ ਲਿਖੇ ਹਨ ।

## ਬੱਚਿਆਂ ਦੇ ਨਾਮ

1. ਅਵਤਾਰ ਸਿੰਘ
2. ਗੁਰਬਖਸ਼ ਸਿੰਘ ਚਾਨਾ
3. ਆਸਾ ਕੌਰ
4. ਆਤਮਾ ਕੌਰ
5. ਸਿਮਰਨ ਕੌਰ ਭੁਲਰ
6. ਅਤਰ ਕੌਰ ਕਲਸੀ
7. ਸਤਵੰਤ ਕੌਰ ਚਾਨਾ
8. ਪ੍ਰਿਤਪਾਲ ਕੌਰ ਸਿਆਣ
9. ਸੁਖਪਾਲ ਕੌਰ ਸਿਆਲ।

ਸ਼੍ਰੀ ਸਤਿਗੁਰੂ ਜੀ ਜਦੋਂ ਵੀ ਇੰਗਲੈਂਡ ਦੌਰੇ ਤੇ ਜਾਂਦੇ ਤਾਂ ਉਹਨਾਂ ਬੱਚਿਆਂ ਕੋਲੋਂ ਸੰਗੀਤ ਜ਼ਰੂਰ ਸੁਣਦੇ ਸਨ ਅਤੇ ਸੁਣਦੇ ਹੀ ਉਹਨਾਂ ਬੱਚਿਆਂ ਨੂੰ ਝੱਟ ਪਛਾਣ ਲੈਂਦੇ ਸਨ। ਇਕ ਵਾਰੀ ਸ਼੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਗਿਆਨ, ਕਰਤਾਰ ਤੇ ਗੁਰਮੀਤ ਨੇ ਜਦੋਂ ਕੀਰਤਨ ਕੀਤਾ ਤਾਂ ਸ਼੍ਰੀ ਸਤਿਗੁਰੂ ਜੀ ਨੇ ਪਛਾਣ ਲਿਆ ਤੇ ਬਚਨ ਕੀਤਾ ਕਿ ਇਹ ਜੋਤੀ ਦੇ ਸਿਖਾਏ ਬੱਚੇ ਹਨ।

## ਬੀਬੀ ਸਰਬਜੀਤ ਕੌਰ (ਗਾਇਨ) ਯੂ.ਕੇ

ਬੀਬੀ ਸਰਬਜੀਤ ਕੌਰ ਨੇ ਪਿਤਾ ਸੁਰਜਨ ਸਿੰਘ ਤੇ ਮਾਤਾ ਸੰਤ ਕੌਰ ਦੇ ਘਰ ਜਨਮ ਲਿਆ। ਇਹਨਾਂ ਨੇ ਤਬਲੇ ਦੀ ਸਿੱਖਿਆ ਪਿੰਕੀ, ਸੋਨੂੰ, ਪਾਸੋਂ ਅਤੇ ਦਿਲਰੁਬਾ ਦੀ ਸਿੱਖਿਆ ਉਸਤਾਦ ਕਮਲਜੀਤ ਸਿੰਘ ਚਾਨਾ ਤੋਂ ਪ੍ਰਾਪਤ ਕੀਤੀ।

## ਬੀਬੀ ਪਵਨਜੀਤ ਕੌਰ (ਯੂ.ਕੇ)

ਬੀਬੀ ਪਵਨਜੀਤ ਕੌਰ ਜੀ ਦਾ ਜਨਮ 2 ਫਰਵਰੀ 1979 ਈ. ਨੂੰ ਪਿਤਾ ਉਸਤਾਦ ਹਰਭਜਨ ਸਿੰਘ ਜੀ ਅਤੇ ਮਾਤਾ ਸੁਰਿੰਦਰ ਕੌਰ ਜੀ ਦੇ ਘਰ ਹੋਇਆ।

**ਸਿੱਖਿਆ**: ਇਹਨਾਂ ਨੇ ਸੰਗੀਤ ਦੀ ਸਿੱਖਿਆ ਆਪਣੇ ਪਿਤਾ ਉਸਤਾਦ ਹਰਭਜਨ ਸਿੰਘ ਜੀ ਪਾਸੋਂ ਹੀ ਪ੍ਰਾਪਤ ਕੀਤੀ। ਇਹ ਬੜੇ ਆਤਮ ਵਿਸ਼ਵਾਸ਼ ਨਾਲ ਗਾਇਨ ਅਤੇ ਕੀਰਤਨ ਕਰਦੇ।ਸ਼੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਇਹਨਾਂ ਦਾ ਅਨੰਦ ਕਾਰਜ ਸੰਨ 2000 ਵਿੱਚ ਯੂ.ਕੇ ਦੀ ਸੰਗਤ ਦੇ ਜਨਰਲ ਸੈਕਟਰੀ ਸ: ਕੁਲਦੀਪ ਸਿੰਘ ਉੱਭੀ (ਸਪੁੱਤਰ ਸ: ਕੁਲਵੰਤ ਸਿੰਘ ਉੱਭੀ) ਨਾਲ ਕੀਤੇ।ਜੋ ਕਿ ਅੱਜ-ਕਲ੍ਹ ਇੰਗਲੈਂਡ ਵਿੱਚ ਹੀ ਬੱਚਿਆਂ ਨੂੰ ਸੰਗੀਤ ਦੀ ਸਿੱਖਿਆ ਦੇ ਰਹੇ ਹਨ।[10]

## ਬੀਬੀ ਅਵਤਾਰ ਕੌਰ (ਸ਼ਰੁਤੀ)

**ਜਨਮ ਅਤੇ ਸੰਗੀਤ ਸਿੱਖਿਆ:** ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਸਾਸ਼ਤਰੀ ਸੰਗੀਤ ਦਾ ਪ੍ਰਚਾਰ-ਪ੍ਰਸਾਰ ਵਿੱਚ ਬੀਬੀ ਅਵਤਾਰ ਕੌਰ ਜੀ ਦਾ ਨਾਮ ਤਾਰੇ ਦੀ ਤਰ੍ਹਾਂ ਚਮਕਦਾ ਹੋਇਆ ਦਿਖਾਈ ਦੇ ਰਿਹਾ ਹੈ । ਬੀਬੀ ਅਵਤਾਰ ਕੌਰ ਜੀ ਦਾ ਜਨਮ 4 ਦਸੰਬਰ, ਸੰਨ 1992 ਈ: ਵਿੱਚ ਰਣਜੀਤ ਨਗਰ, ਜਲੰਧਰ ਵਿਖੇ ਹੋਇਆ।ਇਹਨਾਂ ਦੀ ਸੰਗੀਤ ਪ੍ਰਤੀ ਰੁਚੀ ਆਪਣੇ ਪਿਤਾ ਸ:ਅਜਮੇਰ ਸਿੰਘ ਜੀ ਨੂੰ ਹੀ ਦੇਖ ਕੇ ਹੀ ਪੈਦਾ ਹੋਈ ਜੋ ਕਿ ਇਹ ਸਿਤਾਰ ਵਾਦਕ ਹਨ।ਬੀਬੀ ਜੀ ਦੇ ਪਿਤਾ ਜੀ ਪੇਸ਼ੇ ਵੱਜੋਂ ਡਾਕਟਰ ਹਨ ਤੇ ਮਾਤਾ ਜੀ ਘਰ ਦੀ ਸੇਵਾ ਕਰਦੇ ਹਨ

ਬੀਬੀ ਅਵਤਾਰ ਕੌਰ ਨੇ ਭਾਰਤੀ ਸਾਸ਼ਤਰੀ ਸੰਗੀਤ ਦੀ ਸਿੱਖਿਆ 2013 ਈ: ਵਿੱਚ ਪਟਿਆਲਾ ਘਰਾਣੇ ਦੇ ਮਾਹਨ ਗਾਇਕ ਪੰਡਿਤ ਅਜੈ ਚੱਕ੍ਰਵਰਤੀ ਜੀ ਤੋਂ ਪ੍ਰਾਪਤ ਕੀਤੀ।ਇਹਨਾਂ ਦਾ ਸੰਬੰਧ ਨਾਮਧਾਰੀ ਪਰਿਵਾਰ ਨਾਲ ਹੀ ਹੈ।ਇਹਨਾਂ ਨੇ ਮੁੱਢਲੀ ਤਾਲੀਮ ਪ੍ਰੋਫੈਸਰ ਕਿਰਪਾਲ ਸਿੰਘ ਤੋਂ ਤਬਲੇ ਦੀ ਤਾਲੀਮ ਪੰਡਿਤ ਰਮਾਕਾਂਤ ਜੀ ਪਾਸੋਂ ਲਈ।ਇਹਨਾਂ ਤੋਂ ਇਲਾਵਾ ਸਵ: ਪ੍ਰੋਫੈਸਰ ਵਰਿੰਦਰ ਕੁਮਾਰ ਜੀ ਕੋਲੋਂ ਸਿਤਾਰ ਵੀ ਸਿੱਖਿਆ।ਇਹਨਾਂ ਨੇ ਆਪਣੀ ਸਕੂਲ ਦੀ ਪੜ੍ਹਾਈ ਦਿਆਨੰਦ ਮਾਡਲ ਸਕੂਲ, ਜਲੰਧਰ ਤੋਂ ਪ੍ਰਾਪਤ ਕੀਤੀ। ਫਿਰ S.D ਕਾਲਜ ਫਾਰ ਵੂਮੈਨ ਤੋਂ B.A ਕਰਨ ਪਿਛੋਂ ਸੰਗੀਤ ਦੀ ਐਮ.ਏ ਵੀ ਕੀਤੀ।ਜਿਸ ਵਿੱਚ ਗੋਲਡ ਮੈਡਲ ਵੀ ਪ੍ਰਾਪਤ ਕੀਤਾ।ਇਹਨਾਂ ਨੇ ਸੰਗੀਤ 5 ਸਾਲ ਦੀ ਉਮਰ ਤੋਂ ਹੀ ਸਿੱਖਣਾ ਆਰੰਭ ਕਰ ਦਿੱਤਾ ਸੀ।

**ਸੰਗੀਤ ਪ੍ਰੋਗਰਾਮ**: ਬੀਬੀ ਅਵਤਾਰ ਕੌਰ ਜਦੋਂ 2008 ਈ: ਵਿੱਚ 16 ਵਰਿਆਂ ਦੇ ਹੋਏ ਤਾਂ ਭੈਣੀ ਸਾਹਿਬ ਕੀਰਤਨ ਕਰਨਾ ਆਰੰਭ ਕੀਤਾ।ਜਿਸ ਪਿਛੋਂ 8-9 ਨਵੰਬਰ 2014 ਵਿੱਚ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਕੀਰਤਨ ਦੇ ਸੇਵਾ ਨਿਭਾਈ।

2013 ਈ: ਵਿੱਚ ਹੁਸ਼ਿਆਰਪੁਰ ਅੱਲਾਰੱਖਾ ਸੰਮੇਲਨ ਵੀ ਕਰਵਾਇਆ ਗਿਆ।ਇਹਨਾਂ ਨੇ ਸਤਿਗੁਰੂ ਜੀ ਦੀ ਮੇਹਰ ਸਦਕਾ "ਹਰੀਵਲੱਬ ਸੰਗੀਤ" ਸੰਮੇਲਨਾਂ ਵਿੱਚ ਵੀ ਭਾਗ ਲਿਆ।ਸਤਿਗੁਰੂ ਰਾਮ ਸਿੰਘ ਜੀ ਦੇ 200 ਵੇਂ ਪ੍ਰਕਾਸ਼ ਵਰੇ ਦੇ ਸਮਾਪਨ ਸਮਾਰੋਹ ਦੌਰਾਨ ਤੀਸਰਾ ਬਸੰਤ ਪੰਚਮੀ ਸਾਸ਼ਤਰੀ ਸੰਗੀਤ ਸੰਮੇਲਨ ਕਰਵਾਇਆ ਗਿਆ।ਜੋ 5ਫਰਵਰੀ 2017 ਨੂੰ ਲੁਧਿਆਣਾ ਵਿਖੇ "ਗੁਰੂ ਨਾਨਕ ਭਵਨ" ਵਿੱਚ ਆਯੋਜਿਤ ਕੀਤਾ ਗਿਆ।

ਬੀਬੀ ਅਵਤਾਰ ਕੌਰ ਦੇ ਸ਼ਬਦਾਂ ਅਨੁਸਾਰ, "ਇਸ ਸੰਗੀਤ ਸੰਮੇਲਨ ਵਿੱਚ ਮੈਂ ਸ਼੍ਰੀ ਸਤਿਗੁਰੂ ਜੀ ਪਾਸੋਂ ਆਗਿਆ ਮੰਗਦਿਆਂ ਬੇਨਤੀ ਕੀਤੀ ਕਿ ਅੱਜ ਆਪ ਜੀ ਦੀ ਕ੍ਰਿਪਾ ਨਾਲ ਦੂਸਰੀ ਵਾਰ ਆਪ ਜੀ ਦੀ ਹਜ਼ੂਰੀ ਵਿੱਚ ਪ੍ਰਸਤੁਤੀ ਕਰਨ ਦਾ ਸੁਨਿਹਰੀ ਮੌਕਾ ਮਿਲ ਰਿਹਾ ਹੈ।ਪਹਿਲੀ ਵਾਰ "ਸਤਿਗੁਰੂ ਜਗਜੀਤ ਸਿੰਘ ਸੰਗੀਤ ਸੰਮੇਲਨ" ਵਿੱਚ ਗਾਇਆ ਸੀ, ਸੋ ਕ੍ਰਿਪਾ ਬਖਸ਼ਿਸ਼ ਬਣਾਈ ਰੱਖਣੀ"।

ਬੀਬੀ ਅਵਤਾਰ ਕੌਰ ਦੁਆਰਾ **"ਰਾਗ ਕੌਸ਼ਿਕਧਵਨੀ ਵਿਲਿੰਬਤ ਏਕ ਤਾਲ** ਤੋਂ ਆਰੰਭ ਕੀਤਾ ਗਿਆ।ਜਿਸ ਦੀ ਬੰਦਿਸ਼ ਦੇ ਬੋਲ ਸਨ।

**॥ "ਕਵਨ ਢੰਗ ਸੇ ਤੁਮ ਗਾਵਤ ਹੋ ਗਨੀ,**

**ਸੁਰ ਨਰ ਮੁਨੀ ਅੰਤ ਨਹੀਂ ਪਾਇਓ ਤਿਹਾਰੋ"**

ਜਿਸ ਤੋਂ ਪਿਛੋਂ 2 ਬੰਦਿਸ਼ਾਂ ਤਿੰਨ ਤਾਲ ਧਰੁਤ ਵਿੱਚ

**॥ "ਅਜਹੂ ਨਾ ਆਇਓ ਬਾਲਮੁਆ,**

**ਮੋਹਿ ਕਲ ਨਾ ਪੜਤ ਨਿਸਦਿੰਨਵਾ"॥**

**ਅਤੇ**

**॥ "ਆਇਓ ਰੀ ਬਸੰਤ ਨਵਲ ਰੰਗ ਲਾਇਓ,॥**

ਗਾਉਣ ਪਿਛੋਂ ਰਾਗ ਪਹਾੜੀ ਦੀ ਰੂਪਕਤਾਲ ਵਿੱਚ ਠੁਮਰੀ ਵੀ ਗਾਈ। ਜਿਸ ਦੇ ਬੋਲ ਸਨ।

**॥ "ਸਾਜਨਵਾ ਕਬ ਆਉਗੇ,**

**ਮੈਂ ਕਿੱਥੇ ਗੁਜਾਰੂੰ ਦਿਨ ਸਾਰਾ"।**[11]

ਜਿਸ ਵਿੱਚ ਅਲਾਪ, ਤਾਲਾਂ, ਆਕਾਰ ਅਤੇ ਤਿਹਾਈਆਂ ਦਾ ਵੀ ਬਹੁਤ ਖੁਬਸੂਰਤ ਮੇਲ ਸੀ।ਉਹ ਸੰਗੀਤ ਸਿਖਾਉਣ ਲਈ ਵੀ ਭੈਣੀ ਸਾਹਿਬ ਜਾਂਦੇ ਹਨ।ਜਿੱਥੇ ਉਹਨਾਂ ਦੁਆਰਾ ਸਿੱਖੀਆਂ ਬੰਦਿਸ਼ਾਂ ਜੋ ਕਿ ਰਾਗਾਂ ਤੇ ਆਧਾਰਿਤ ਹੁੰਦੀਆਂ ਹਨ ਉਹ

ਸਿਖਾਉਂਦੇ ਹਨ। ਇਹਨਾਂ ਹੀ ਨਹੀਂ ਉਹਨਾਂ ਦੁਆਰਾ ਘਰ ਵਿੱਚ ਵੀ ਅਕਸਰ ਬੱਚਿਆਂ ਨੂੰ ਸੰਗੀਤ ਦੀ ਸਿੱਖਿਆ ਦਿੱਤੀ ਜਾਂਦੀ ਹੈ। ਇਸ ਪ੍ਰਕਾਰ ਉਹਨਾਂ ਦਾ ਹਰ ਦਿਨ ਸੰਗੀਤ ਨਾਲ ਹੀ ਜੁੜਿਆ ਰਹਿੰਦਾ ਹੈ। ਬੀਬੀ ਅਵਤਾਰ ਕੌਰ ਦਾ ਵਿਆਹ 24 ਮਾਰਚ 2017 ਨੂੰ ਹਰਕੀਰਤ ਸਿੰਘ ਜੀ ਨਾਲ ਭੈਣੀ ਸਾਹਿਬ ਹੀ ਹੋਇਆ। ਜੋ ਅੱਜ - ਕੱਲ ਲੁਧਿਆਣਾ ਵਿਖੇ ਰਹਿ ਰਹੇ ਹਨ"।[12]

## ਬੀਬੀ ਸ਼ਿਵਰੰਜਿਨੀ ਅਤੇ ਰੁਪਿੰਦਰ ਕੌਰ

ਬੀਬੀ ਸ਼ਿਵਰੰਜਿਨੀ ਅਤੇ ਬੀਬੀ ਰੁਪਿੰਦਰ ਕੌਰ ਦੋਨੋਂ ਹੀ ਭੈਣਾ ਹਨ। ਇਹਨਾਂ ਦੇ ਪਿਤਾ ਸਵ: ਅਵਤਾਰ ਸਿੰਘ ਜੋ ਤਬਲਾ ਵਾਦਕ ਸਨ। ਇਹ ਦੋਨੋਂ ਹੀ ਬੀਬੀ ਨਰਿੰਦਰ ਕੌਰ ਜੀ ਦੀਆਂ ਭਤੀਜੀਆਂ ਹਨ। ਬੀਬੀ ਸ਼ਿਵਰੰਜਿਨੀ ਜੋ ਕਿ ਅੱਜ ਕਲ੍ਹ ਜੰਮੂ ਵਿਖੇ ਹੀ ਰਹਿ ਰਹੇ ਹਨ। ਇਹਨਾਂ ਨੇ ਆਪਣੀ ਪੜ੍ਹਾਈ ਐਮ.ਏ ਸੰਗੀਤ ਵਿੱਚ ਹੀ ਪੂਰੀ ਕੀਤੀ। ਆਪਣੇ ਸਕੂਲੀ ਦੌਰ ਵਿੱਚ 50 ਤੋਂ ਵੱਧ ਇਨਾਮ ਵੱਖ-ਵੱਖ ਮੁਕਾਬਲਿਆਂ ਵਿੱਚ ਜਿੱਤ ਪ੍ਰਾਪਤ ਕੀਤੀ।

- 1991 ਈ: ਵਿੱਚ ਕਾਲਜ ਦੇ "ਯੂਥ ਫੈਸਟੀਵਲ" ਵਿੱਚ ਪਹਿਲੇ ਨੰਬਰ ਤੇ ਰਹੇ।
- 1993 ਈ: ਵਿੱਚ "ਕਾਰਨੀਵਲ ਫੈਸਟੀਵਲ" ਵਿੱਚ ਪਹਿਲਾ ਇਨਾਮ ਜਿੱਤਿਆ ਅਤੇ ਪੰਜਾਬ ਦੀ "ਬੈਸਟ ਸਿੰਗਰ" ਐਲਾਨੀ ਗਈ।
- 1994 ਈ: ਦੇ "ਸਟੇਟ ਲੈਵੱਲ" ਮੁਕਾਬਲਿਆਂ ਵਿੱਚ ਪੋਨੇਧਰ ਵਿਖੇ ਪਹਿਲਾ ਨੰਬਰ ਲਿਆ ਅਤੇ ਦੇਸ਼ ਪੱਧਰ ਤੇ ਹੋਣ ਵਾਲੇ ਯੁਵਾ ਉਤਸਵ 1995 ਵਾਸਤੇ, ਭੋਪਾਲ ਜਾਣ ਲਈ ਚੁਣੀ ਗਈ। ਏਥੇ ਉਹ 15 ਤੋਂ 35 ਦੇ ਆਯੂ ਗਰੁੱਪ ਵਿੱਚ ਚੌਥੀ ਪੋਜੀਸ਼ਨ ਤੇ ਆਈ।

ਸਭ ਤੋਂ ਛੋਟੀ ਲੜਕੀ ਹੋਣ ਤੇ ਵੀ ਇੰਨੀ ਪ੍ਰਾਪਤੀ ਤੋਂ ਉਸ ਨੂੰ 2000 ਰੁਪਏ ਨਕਦ ਇਨਾਮ ਅਤੇ ਇਕ ਸ਼ਾਲ ਦੇ ਕੇ ਸਲਾਹਿਆ ਗਿਆ। ਇਸ ਤੋਂ ਇਲਾਵਾ ਗੁਰੂ ਨਾਨਕ ਸਟੇਡੀਅਮ ਲੁਧਿਆਣਾ, ਵਿਖੇ ਭੋਪਾਲ ਦੇ ਯੁਵਾ ਉਤਸਵ 1995 ਦੀਆਂ ਪ੍ਰਾਪਤੀਆਂ ਬਾਰੇ ਡਿਪਟੀ ਕਮਿਸ਼ਨਰ ਲੁਧਿਆਣਾ ਨੇ ਸਨਮਾਨਿਤ ਕੀਤਾ। ਜਿਸ ਪਿਛੋਂ ਕਾਲਜ ਦੇ ਕਾਨਵੋਕੇਸ਼ਨ ਵਿੱਚ ਪੰਜਾਬ ਰਾਜ ਦੇ ਸਵ: ਮੁੱਖ ਮੰਤਰੀ ਸ: ਬੇਅੰਤ ਸਿੰਘ ਨੇ ਬੀਬੀ ਨੂੰ ਸਭਿਆਚਾਰਕ ਪ੍ਰੋਗਰਾਮ ਲਈ ਜਾਪਾਨ ਭੇਜਣ ਦਾ ਐਲਾਨ ਵੀ ਕੀਤਾ।

16 ਜੂਨ,1906 ਈ: ਵਿੱਚ ਗਾਇਨ ਪ੍ਰਤੀਯੋਗਤਾਵਾਂ ਵਿੱਚ ਵੀ ਭਾਗ ਲਿਆ। ਅੱਜ ਕਲ੍ਹ ਇਹ ਜੰਮੂ ਵਿੱਚ ਹੀ ਇਕ ਕਲਾਕਾਰ ਦੇ ਰੂਪ ਵਿੱਚ ਸੰਗੀਤ ਦਾ ਪ੍ਰਚਾਰ-ਪ੍ਰਸਾਰ ਕਰ ਰਹੇ ਹਨ। ਇਸ ਤੋਂ ਇਲਾਵਾ ਬੱਚਿਆਂ ਨੂੰ ਵੀ ਸੰਗੀਤ ਦੀ ਸਿੱਖਿਆ ਦੇ ਰਹੇ ਹਨ।[13]

# ਬੀਬੀ ਰਾਗਨੀ ਰੇਨੂ

ਬੀਬੀ ਰਾਗਿਨੀ ਰੇਨੂ ਦਾ ਜਨਮ 29 ਜੂਨ,1982 ਵਿੱਚ ਜੰਮੂ ਵਿਖੇ ਮਾਤਾ ਜਗਦੀਪ ਕੌਰ ਦੇ ਘਰ ਹੋਇਆ।ਆਪ ਨੂੰ ਸੰਗੀਤ ਨਾਲ ਲਗਾਵ ਬਚਪਨ ਤੋਂ ਹੀ ਸੀ।ਜਿਸ ਲਗਾਵ ਸਦਕਾ ਹੀ ਅੱਜ ਆਪ ਨੂੰ ਇੱਕ ਸੂਫੀ ਗਾਇਕਾ ਦੇ ਨਾਮ ਨਾਲ ਜਾਣਿਆ ਜਾਂਦਾ ਹੈ।ਆਪ ਨੇ ਸੰਗੀਤ ਦੇ ਸਫਰ ਦੀ ਸ਼ੁਰੂਆਤ ਸ਼ਾਸਤਰੀ ਸੰਗੀਤ ਤੋ ਕੀਤੀ।

**ਸੰਗੀਤ ਦੀ ਸਿਖਿਆ**:ਆਪ ਨੇ ਬੀ.ਏ (ਇੰਗਲਿਸ਼)ਕਰਨ ਪਿਛੋਂ ਐਮ.ਏ ਸੰਗੀਤ ਵਿੱਚ ਕੀਤੀ।ਆਪ ਜੀ ਨੂੰ ਸੰਗੀਤ ਦੀ ਸਿੱਖਿਆ ਆਪਣੇ ਘਰ ਤੋਂ ਹੀ ਪ੍ਰਾਪਤ ਹੋਈ।ਜਿਸ ਪਿਛੋਂ ਆਪ ਨੇ ਸ਼ਾਸਤਰੀ ਸੰਗੀਤ ਦੀ ਸ਼ੁਰੂਆਤ ਕਰ ਸੂਫਿਆਨਾ ਗਾਇਕੀ ਨੂੰ ਅਪਣਾਇਆ।ਆਪ ਜੀ ਨੇ ਜੰਮੂ-ਕਸ਼ਮੀਰ ਡੋਗਰੀ ਅਵਾਰਡ (2008), ਸੁਰ ਸ੍ਰੀ (2006),ਰੇਡਿਉ 92.7 ਐ.ਫ ਐ.ਮ (2011) ਵਰਗੇ ਅਨੇਕਾਂ ਅਵਾਰਡ ਵੀ ਪ੍ਰਾਪਤ ਕੀਤੇ।ਆਪ ਨੇ ਭਾਰਤ ਦੇ ਇਲਾਵਾ ਦੇਸ਼ਾ ਵਿਦੇਸ਼ਾ (ਕੋਰੀਆ, ਫਰਾਂਸ, ਇੰਗਲੈਂਡ, ਬ੍ਰਾਜ਼ੀਲ, ਇਰਾਨ,ਇਟਲੀ, ਜਪਾਨ, ਮਲੇਸ਼ੀਆ, ਜੰਮੂ-ਕਸ਼ਮੀਰ, ਦਿੱਲੀ) ਵਿੱਚ ਵੀ ਸੰਗੀਤ ਪ੍ਰੋਗਰਾਮ ਕੀਤੇ।ਆਪ ਜੀ ਦੀਆਂ ਅਨੇਕਾ ਐਲਬਮਸ ਮਾਰਕੀਟ ਵਿੱਚ ਵੇਖੀਆ ਜਾ ਸਕਦੀਆ ਹਨ।ਇਹਨਾਂ ਤੋਂ ਇਲਾਵਹੋਰਨਾਂ ਬੀਬੀਆਂ ਦੇ ਨਾਮ ਜੋ ਵਿਦੇਸ਼ਾਂ ਦੇ ਵਿੱਚ ਰਹਿ ਕੇ ਸੰਗੀਤਕ ਕਲਾਕਾਰਾਂ ਦੇ ਰੂਪ ਵਿੱਚ ਜੀਵਨ ਬਤੀਤ ਕਰ ਰਹੀਆਂ ਹਨ।ਹੇਠਾਂ ਲਿਖੇ ਹਨ।

| ਂਨਾਮ | | ਦੇਸ਼ | ਸਾਜ਼/ਗਾਇਕ |
|---|---|---|---|
| 1. | ਬੀਬੀਆਂ ਕਿਹਤ ਕੌਰ | ਇੰਗਲੈਂਡ | ਤਬਲਾ ਵਾਦਕ |
| 2. | ਬੀਬੀ ਇਸ਼ਰ ਕੌਰ | ਇੰਗਲੈਂਡ | ਸਿਤਾਰ ਵਾਦਕ |
| 3. | ਬੀਬੀ ਮਿੰਦੀ | ਇੰਗਲੈਂਡ | ਗਾਇਨ ਅਤੇ ਦਿਲਰੁਬਾ ਵਾਦਕ |
| 4. | ਬੀਬੀ ਪਵਨ | - | ਗਾਇਨ |
| 5. | ਬੀਬੀ ਕਮਲਜੀਤ ਕੌਰ | ਦਿੱਲੀ | ਗਾਇਨ |
| 6. | ਬੀਬੀ ਜਸਬੀਰ ਕੌਰ | - | ਗਾਇਨ |
| 7. | ਬੀਬੀ ਸਰਬਜੀਤ ਕੌਰ | ਪੰਜਾਬ | ਗਾਇਨ |
| 8. | ਬੀਬੀ ਲਖਵਿੰਦਰ ਕੌਰ | ਪੰਜਾਬ | ਗਾਇਨ |
| 9. | ਬੀਬੀ ਚਰਨਜੀਤ ਕੌਰ | ਪੰਜਾਬ | ਗਾਇਨ |
| 10. | ਨਿਮਰਤ ਰਸਨ | - | - |
| 11 | ਡੇਜ਼ੀ ਸੱਭਰਵਾਲ | ਦਿੱਲੀ | ਗਾਇਨ |

ਇਹਨਾਂ ਤੋਂ ਇਲਾਵਾ ਬੀਬੀ ਕਰਮਜੀਤ ਕੌਰ ਜੋ ਕਿ ਵਿੱਦਿਅਕ ਜਥੇ ਦੇ ਪ੍ਰਧਾਨ ਰਹਿ ਚੁੱਕੇ ਬੀਬੀ ਸੁਖਜੀਤ ਕੌਰ ਜੀ ਦੀ ਵੱਡੀ ਭੈਣ ਹਨ।ਇਹਨਾਂ ਦੇ 3 ਪੁੱਤਰ ਅਤੇ 3

ਪੁੱਤਰੀਆਂ ਹਨ ਜੋ ਭੈਣੀ ਸਾਹਿਬ ਦੀ ਸੰਗੀਤਕ ਪ੍ਰੰਪਰਾ ਨੂੰ ਅੱਗੇ ਵਧਾਉਣ ਵਿੱਚ ਹਿੱਸਾ ਪਾ ਰਹੇ ਹਨ।[14]

## ਹਵਾਲੇ ਅਤੇ ਟਿੱਪਣੀਆ


1. ਗੁਰਦਿਤ ਸਿੰਘ, ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਨੂੰ ਯੋਗਦਾਨ, ਪੀ. ਐਚ .ਡੀ (2006), ਪੰਨਾਂ ਨੰ : 109
2. ਅਜੀਤ ਸਿੰਘ ਲਾਇਲ, ਸੋਭਾਵੰਤੀ ਕਾਹਿ ਹੈ ਗੁਰਮੁਖਿ ਗੁਣ ਗਾਇਆ, ਦੀ ਸਹਾਇਤਾ ਲਈ ਗਈ ਹੈ ।
3. ਜਸਵਿੰਦਰ ਸਿੰਘ ਹਿਸਟੋਰੀਅਨ, ਬੇਅੰਤ ਪਾਤਸ਼ਾਹ, ਪੰਨਾ ਨੰ: 151
4. ਸਿੰਘ ਗੁਰਦਿਤ, ਸਤਿਗੁਰੂ ਜਗਜੀਤ ਸਿੰਘ ਜੀ ਦਾ ਸੰਗੀਤ ਨੂੰ ਯੋਗਦਾਨ, ਪੀ. ਐਚ .ਡੀ (2006), ਪੰਨਾਂ ਨੰ : 110
5. ਭੇਂਟ ਵਾਰਤਾ, ਬੀਬੀ ਜਗਦੀਪ ਕੌਰ ਜੰਮੂ, ਮਿਤੀ 12 ਜੁਲਾਈ,2017
6. ਭੇਂਟ ਵਾਰਤਾ, ਬੀਬੀ ਸਿਮਰਤਪਾਲ ਕੌਰ (ਭੈਣੀ ਸਾਹਿਬ), 18 ਨਵੰਬਰ,2017
7. ਭੇਂਟ ਵਾਰਤਾ, ਬੀਬੀ ਹਰਮੀਤ ਕੌਰ (ਭੈਣੀ ਸਾਹਿਬ), 18 ਨਵੰਬਰ,2017
8. ਭੇਂਟ ਵਾਰਤਾ, ਬੀਬੀ ਗੁਰਮੀਤ ਕੌਰ, ਮਿਤੀ-24 ਫਰਵਰੀ, 2017 (ਸ਼੍ਰੀ ਭੈਣੀ ਸਾਹਿਬ)
9. ਭੇਂਟ ਵਾਰਤਾ, ਬੀਬੀ ਸਿਮਰਤਪਾਲ ਕੌਰ, ਮਿਤੀ 5 ਮਾਰਚ,2016 (ਭੈਣੀ ਸਾਹਿਬ)
10. ਭੇਂਟ ਵਾਰਤਾ, ਬੀਬੀ ਪਵਨਜੀਤ ਕੌਰ(ਇੰਗਲੈਂਡ), ਮਿਤੀ-12 ਅਕਤੂਬਰ,2017
11. ਹੰਸਪਾਲ ਸਿੰਘ ਹਰਵਿੰਦਰਾ, ਸਤਿਯੁਗ ਪਤ੍ਰਿਕਾ, 9 ਤੋਂ15 (2017) ਪੰਨਾ ਨੰ-1
12. ਭੇਂਟ ਵਾਰਤਾ, ਬੀਬੀ ਅਵਤਾਰ ਕੌਰ (ਭੈਣੀ ਸਾਹਿਬ), ਮਿਤੀ-14 ਜੂਨ,2017
13. ਭੇਂਟ ਵਾਰਤਾ, ਬੀਬੀ ਸ਼ਿਵਰੰਜਨੀ, ਮਿਤੀ-8 ਨਵੰਬਰ, 2016
14. ਫੋਨਵਾਰਤਾਲਾਪ,ਰਾਗਿਨੀ ਰੇਨੂੰ,ਮਿਤੀ-9 ਅਗਸਤ,2016

# 4

# ਨਾਮਧਾਰੀ ਸ਼ਾਸਤਰੀ ਸੰਗੀਤ ਦੇ ਕਲਾਕਾਰਾਂ ਦਾ ਯੋਗਦਾਨ

ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਸ਼ਾਸਤਰੀ ਸੰਗੀਤ ਦੇ ਪੁਨਰ ਕਾਰਜ ਨੂੰ ਪ੍ਰਫੂਲਿਤ ਕਰਨ ਵਿੱਚ ਸਤਿਗੁਰੂ ਪ੍ਰਤਾਪ ਸਿੰਘ ਜੀ ਪਿਛੋਂ ਪਹਿਲਾ ਨਾਮ ਸਤਿਗੁਰੂ ਜਗਜੀਤ ਸਿੰਘ ਜੀ ਦਾ ਹੀ ਆਉਂਦਾ ਹੈ।ਜਿੰਨਾਂ ਨੇ ਨਾਮਧਾਰੀ ਸਿੱਖਾਂ ਵਿੱਚ ਸ਼ਾਸਤਰੀ ਸੰਗੀਤ ਦੀ ਇੱਕ ਲਹਿਰ ਪੈਦਾ ਕਰ ਦਿੱਤੀ।ਸਤਿਗੁਰੂ ਜੀ ਨੇ ਸ਼ਾਸਤਰੀ ਸੰਗੀਤ ਨੂੰ ਵੱਖੋ-ਵੱਖਰੇ ਘਰਾਣਿਆਂ ਤੋਂ ਇੱਕਤਰਿਤ ਕਰਕੇ ਇੱਕ ਮਾਲਾ ਦੇ ਰੂਪ ਵਿੱਚ ਪਰੋਇਆ।ਜਿਸ ਕਾਰਨ ਉਹਨਾਂ ਨੂੰ ਸ਼ਾਸਤਰੀ ਗਾਇਨ ਦੇ ਵੱਡੇ ਸਰਪ੍ਰਸਤ ਮੰਨਿਆ ਜਾਂਦਾ ਹੈ।ਸਤਿਗੁਰੂ ਜੀ ਦਾ ਗੁਰਬਾਣੀ ਸੰਗੀਤ ਦੇ ਪ੍ਰਚਾਰ ਵਿੱਚ ਵੀ ਵਧੇਰੇ ਮਹੱਤਵ ਰਿਹਾ ਹੈ।ਸਤਿਗੁਰੂ ਜੀ ਨੇ ਸੰਗੀਤ ਖੇਤਰ ਵਿੱਚ ਤਾਲਾਂ, ਸਾਜ਼ਾਂ ਅਤੇ ਬੰਦਿਸ਼ਾਂ ਦਾ ਨਿਰਮਾਣ ਕੀਤਾ ਹੈ।ਜਿਸ ਲਈ ਆਪ ਨੇ ਅਨੇਕਾਂ ਹੀ ਸੰਗੀਤ ਵਿਦਿਆਲੇ ਸਥਾਪਿਤ ਕੀਤੇ ਅਤੇ ਸੰਗੀਤ ਦੇ ਗੁਰੂ ਨਿਯੁਕਤ ਕੀਤੇ।ਆਪ ਜੀ ਨੇ ਅੰਤਰਰਾਸ਼ਟਰੀ ਪੱਧਰ ਤੇ 1997 ਈ: ਵਿੱਚ 'ਮਾਡਰਨ ਇੰਟਰਨੈਸ਼ਨਲ ਸਕੂਲ, ਬੰਬੋਕ ਦੀ ਸਥਾਪਨਾ ਕੀਤੀ।ਸ਼ਾਸਤਰੀ ਸੰਗੀਤ ਦੇ ਪ੍ਰਚਾਰ-ਪ੍ਰਸਾਰ ਵਿੱਚ ਸਤਿਗੁਰੂ ਜੀ ਨੇ ਨਿਮਨ ਦਿੱਤੇ ਗਏ ਨਾਮਧਾਰੀ ਕਲਾਕਾਰਾਂ ਨੂੰ ਪ੍ਰੋਤਸਾਹਿਤ ਕੀਤਾ।ਜਿੰਨਾਂ ਦਾ ਸ਼ਾਸਤਰੀ ਸੰਗੀਤ ਦੇ ਪ੍ਰਚਾਰ ਪ੍ਰਸਾਰ ਵਿੱਚ ਮਹੱਤਵਪੂਰਨ ਯੋਗਦਾਨ ਰਿਹਾ ਹੈ।

**ਉਸਤਾਦ ਹਰਭਜਨ ਸਿੰਘ ਜੀ** ਨੂੰ ਨਾਮਧਾਰੀ ਸਿੱਖ ਸੰਪ੍ਰਦਾਇ ਦੇ ਪਹਿਲੇ ਗੁਰੁ ਸ਼ਿਸ਼ ਪ੍ਰਪੰਰਾ ਅਤੇ ਸੀਨੀਅਰ ਸ਼ਗਿਰਦ ਹੋਣ ਦਾ ਮਾਣ ਪ੍ਰਾਪਤ ਹੈ।ਆਪ ਜੀ ਨੇ ਟਕਸਾਲੀ ਅਤੇ ਵਿਸ਼ੇਸ਼ ਪੁਰਾਤਨ ਬੰਦਿਸ਼ਾਂ ਦੇ ਖਜਾਨੇ ਨੂੰ ਵੱਖ-ਵੱਖ ਸਿਖਿਆਰਥੀਆਂ ਤੱਕ ਪੰਹੁਚਾਉਣ ਦਾ ਯਤਨ ਕੀਤਾ।ਜਿਸ ਦੇ ਸਦਕਾ ਅੱਜ ਆਪ ਜੀ ਦੇ ਹੋਣਹਾਰ ਸਿਖਿਆਰਥੀਆਂ ਦੀ ਸ਼ੁਮਾਰ ਕਲਾਕਾਰਾਂ ਵਿੱਚ ਹੋ ਗਿਆ ਹੈ।ਆਪ ਨੇ ਸ਼ਾਸਤਰੀ ਅਤੇ ਗੁਰਮਤਿ ਸੰਗੀਤ ਨੂੰ ਖਿਆਲ, ਧਰੁਪਦ ਦੇ ਅਨੇਕਾਂ ਰੂਪਾਂ ਵਿੱਚ ਪੇਸ਼ ਕੀਤਾ।ਆਪ ਜੀ ਨੇ ਤਲਵੰਡੀ ਘਰਾਣੇ ਦੀਆਂ ਪੁਰਾਤਨ ਬੰਦਿਸ਼ਾਂ ਦਾ ਦੇਸ਼ਾਂ-ਵਿਦੇਸ਼ਾਂ ਵਿੱਚ ਪ੍ਰਚਾਰ ਅਤੇ ਪਸਾਰ ਕੀਤਾ।

**ਉਸਤਾਦ ਗੁਰਦੇਵ ਸਿੰਘ ਜੀ** ਨੇ ਆਪਣੇ 30 ਸਾਲ ਦੇ ਸਖਤ ਅਭਿਆਸ ਸਦਕਾ ਪ੍ਰਸਿੱਧ ਸਰੋਦ ਵਾਦਕ ਦਾ ਮੁਕਾਮ ਹਾਸਿਲ ਕੀਤਾ।ਆਪ ਜੀ ਨੂੰ ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਪਹਿਲਾ ਪ੍ਰਸਿੱਧ ਸਿੱਖ ਸਰੋਦ ਵਾਦਕ ਕਿਹਾ ਜਾ ਸਕਦਾ ਹੈ।ਆਪ ਜੀ ਨੇ ਕਈ ਰਿਕਾਰਡਿੰਗਜ਼ ਵੀ ਕਰਵਾਈਆ ਜੋ ਸਾਡੇ ਲਈ ਵਡਮੁਲਾ ਖਜਾਨਾ ਹੈ।ਆਪ ਦੁਆਰਾ ਬੜੇ ਹੀ ਮਾਣ ਨਾਲ ਕਿਹਾ ਜਾਦਾਂ ਹੈ ਕਿ ਇੰਗਲੈਂਡ ਵਿੱਚ ਜਿੰਨੇਂ

ਵੀ ਦਿਲਰੁਬਾ ਵਾਦਕ ਹਨ।ਆਪ ਦੇ ਹੀ ਸ਼ਾਗਿਰਦ ਹਨ ਅਤੇ ਜੋ ਸ਼ਾਸਤਰੀ ਸੰਗੀਤ ਦੇ ਪ੍ਰਚਾਰ-ਪ੍ਰਸਾਰ ਵਿੱਚ ਵੱਡਾ ਯੋਗਦਾਨ ਪਾ ਰਹੇ ਹਨ।

**ਉਸਤਾਦ ਮੋਹਨ ਸਿੰਘ ਅਤੇ ਉਸਤਾਦ ਸੁਖਦੇਵ ਸਿੰਘ ਜੀ** ਦੀ ਜੋੜੀ ਨਾਮਧਾਰੀ ਸਿੱਖ ਸੰਪ੍ਰਦਾਇ ਦੀ ਪ੍ਰਸਿੱਧ ਜੋੜੀ ਮੰਨੀ ਜਾਂਦੀ ਰਹੀ।ਆਪ ਜੀ ਨੇ ਗੁਰਮਤਿ ਅਤੇ ਸ਼ਾਸਤਰੀ ਸੰਗੀਤ ਦੀਆਂ ਦੇਸ਼ਾਂ-ਵਿਦੇਸ਼ਾਂ ਵਿੱਚ ਪ੍ਰਸਤੂਤੀਆਂ ਦਿੱਤੀਆਂ ਹਨ।ਆਪ ਜੀ ਨੂੰ ਪੰ.ਰਾਜਨ-ਸਾਜਨ ਮਿਸ਼ਰਾ ਜੀ ਦੇ ਪਲੇਠੇ ਸ਼ਾਗਿਰਦ ਹੋਣ ਦਾ ਵੀ ਮਾਣ ਪ੍ਰਾਪਤ ਸੀ।ਨਾਮਧਾਰੀ ਸ਼ਾਸਤਰੀ ਸੰਗੀਤ ਦੀ ਲਹਿਰ ਨੂੰ ਅੱਗੇ ਵਧਾਉਣ ਲਈ ਆਲੋਚਨਾ ਦਾ ਵਿਸ਼ੇਸ਼ ਯੋਗਦਾਨ ਹੈ।

**ਉਸਤਾਦ ਬਲਜੀਤ ਸਿੰਘ ਜੀ** ਨੂੰ ਗਾਇਨ ਦੇ ਨਾਲ-ਨਾਲ ਵਾਦਨ ਦੀ ਵੀ ਵਿਸ਼ੇਸ਼ ਮੁਹਾਰਤ ਹਾਸਿਲ ਹੈ।ਜਿੰਨਾਂ ਵਿੱਚ ਤਾਰ-ਸ਼ਹਿਨਾਈ ਸਾਜ਼ ਆਪ ਜੀ ਦਾ ਮਨ ਪਸੰਦ ਸਾਜ਼ ਕਿਹਾ ਜਾ ਸਕਦਾ ਹੈ।ਆਪ ਜੀ ਨੇ ਇਸ ਨਿਵੇਕਲੇ ਸਾਜ਼ ਦੀ ਪ੍ਰੰਪਰਾ ਨੂੰ ਅੱਗੇ ਤੋਰਿਆ ਹੈ।ਆਪ ਜੀ ਨੂੰ ਸ਼੍ਰੀ ਹਰਿਮੰਦਰ ਸਾਹਿਬ (ਅੰਮਿਤਸਰ)ਵਿਖੇ ਵੀ ਕੀਰਤਨ ਕਰਨ ਦਾ ਅਵਸਰ ਪ੍ਰਾਪਤ ਹੋਇਆ।

**ਉਸਤਾਦ ਬਲਵੰਤ ਸਿੰਘ ਜੀ** ਬਹੁਮੁਖੀ ਪ੍ਰਤਿਭਾ ਦੇ ਮਾਲਕ ਹਨ।ਆਪ ਗੁਰਮਿਤ ਅਤੇ ਸ਼ਾਸਤਰੀ ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਅਨੇਕਾਂ ਹੀ ਸ਼ਾਗਿਰਦਾ ਨੂੰ ਸ਼ਿਸ਼ ਪੰਪਰਾ ਅਧੀਨ ਸਿੱਖਿਆ ਦੇ ਰਹੇ ਹਨ।ਜੋ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਦੱਸੇ ਮਾਰਗ ਤੇ ਚਲਕੇ ਵਿਦੇਸ਼ਾਂ ਵਿੱਚ ਵੀ ਸੰਗੀਤ ਦੀ ਸਿੱਖਿਆ ਦੇ ਰਹੇ ਹਨ।ਆਪ ਜੀ ਦੀ ਕਲਾ ਦਾ ਖੇਤਰ ਕੇਵਲ ਗਾਇਨ ਤੱਕ ਹੀ ਸੀਮਿਤ ਨਹੀਂ ਬਲਕਿ ਆਪ ਨੇ ਨਾਮਧਾਰੀ ਤਰੰਗ ਨਾਮਕ ਸਾਜ਼ਾਂ ਦੀ ਵੀ ਕਾਢ ਕੱਢੀ ਹੈ, ਜਿਸ ਦਾ ਨਾਮ ਉਸਤਾਦ ਅਮਜ਼ਦ ਅਲੀ ਖਾਂ ਸਾਹਿਬ ਦੁਆਰਾ ਰੱਖਿਆ ਗਿਆ।

**ਉਸਤਾਦ ਪਿਆਰਾ ਸਿੰਘ ਜੀ** ਨੂੰ ਨਾਮਧਾਰੀ ਸੰਪ੍ਰਦਾਇ ਵਿੱਚ ਪਹਿਲਾ ਤਾਰ-ਸ਼ਹਿਨਾਈ ਵਾਦਕ ਹੋਣ ਦਾ ਮਾਣ ਪ੍ਰਾਪਤ ਹੈ।ਆਪ ਦੁਆਰਾ ਅਨੇਕਾਂ ਸ਼ਿਸ਼ ਤਿਆਰ ਕੀਤੇ ਗਏ ਜੋ ਅੱਜ ਕਲਾਕਾਰ ਦੇ ਰੂਪ ਵਿੱਚ ਨਵ ਨਿਰਮਿਤ ਤਾਰ-ਸ਼ਹਿਨਾਈ ਸਾਜ਼ ਅਤੇ ਸੰਗੀਤ ਦਾ ਪ੍ਰਚਾਰ ਕਰ ਰਹੇ ਹਨ।

**ਸ਼੍ਰੀ ਕਿਰਨਪਾਲ ਸਿੰਘ ਜੀ** ਨੂੰ ਨਾਮਧਾਰੀ ਸੰਪ੍ਰਦਾਇ ਦੇ ਸੰਤੂਰ ਵਾਦਕ ਦੇ ਰੂਪ ਵਿੱਚ ਇੱਕ ਵਿਲੱਖਣ ਸਥਾਨ ਪ੍ਰਾਪਤ ਹੈ।ਆਪ ਦੁਆਰਾ ਰਿਲੀਜ਼ ਕਰਵਾਈਆਂ ਗਈਆਂ ਸੀ.ਡੀਜ਼ ਸੰਗੀਤ ਦੇ ਪ੍ਰਚਾਰ ਲਈ ਵਿਸ਼ੇਸ਼ ਭੂਮਿਕਾ ਨਿਭਾ ਰਹੀਆ ਹਨ।

**ਰਾਜੇਸ਼ ਕੁਮਾਰ ਮਾਲਵੀਆ, ਸੁਖਵਿੰਦਰ ਸਿੰਘ ਪਿੰਕੀ ਅਤੇ ਹਰਪ੍ਰੀਤ ਸਿੰਘ ਜੀ ਦਾ ਤਬਲਾ ਵਾਦਨ ਦੇ ਖੇਤਰ ਵਿੱਚ ਵਿਸ਼ੇਸ਼ ਨਾਮ ਰਿਹਾ ਹੈ** ਨਾਮਧਾਰੀ ਵਾਦਕਾਂ ਦੀ ਸਭ ਤੋ ਵੱਡੀ ਵਿਸ਼ੇਸ਼ਤਾ ਹੈ ਕਿ ਸਤਿਗੁਰੂ ਜਗਜੀਤ ਸਿੰਘ ਜੀ ਦੀ ਬਖਸ਼ਿਸ਼ ਸਦਕਾ ਸਭ

ਨੂੰ ਪਹਿਲਾ ਪਖਾਵਜ ਦੀ ਸਿੱਖਿਆ ਦਿੱਤੀ ਗਈ।ਜਿਸ ਪਿਛੋਂ ਤਬਲੇ ਦੀ ਸਿੱਖਿਆਂ ਦੇਣੀ ਆਰੰਭ ਕੀਤੀ।ਵਰਤਮਾਨ ਸਮੇਂ ਵਿੱਚ ਕੇਵਲ ਨਾਮਧਾਰੀ ਵਾਦਕਾਂ ਦੁਆਰਾ ਹੀ ਪਖਾਵਜ ਦੀ ਸੰਗਤ ਕੀਤੀ ਜਾਂਦੀ ਹੈ।

ਜੋ ਨਾਮਧਾਰੀ ਕਲਾਕਾਰਾਂ ਦਾ ਵਿਸ਼ੇਸ਼ ਯੋਗਦਾਨ ਮੰਨਿਆ ਜਾਂਦਾ ਹੈ।ਰਾਜੇਸ਼ ਮਾਲਵੀਆ ਜੀ ਵਰਤਮਾਨ ਸਮੇਂ ਵਿੱਚ ਨਾਮਧਾਰੀ ਸੰਪ੍ਰਦਾਇ ਲਈ ਵਿਸ਼ੇਸ਼ ਭੂਮਿਕਾ ਨਿਭਾ ਰਹੇ ਹਨ।ਆਪ ਦੁਆਰਾ ਸ਼੍ਰੀ ਭੈਣੀ ਸਾਹਿਬ ਵਿਖੇ ਸਥਿਤ ਸੰਗੀਤ ਕਲਾ ਕੇਂਦਰ ਵਿੱਚ ਤਬਲੇ ਦੀ ਸਿੱਖਿਆ ਦਿੱਤੀ ਜਾਂਦੀ ਹੈ।ਜਿੰਨਾਂ ਵਿੱਚ ਹਰਪ੍ਰੀਤ ਸਿੰਘ ਸੋਨੂੰ ਅਤੇ ਸੁਖਵਿੰਦਰ ਸਿੰਘ ਪਿੰਕੀ ਜੀ ਦਾ ਨਾਮ ਵੀ ਜ਼ਿਕਰਯੋਗ ਹੈ।ਪਖਾਵਜ ਵਾਦਨ ਵਿੱਚ ਸੁਖਵਿੰਦਰ ਸਿੰਘ ਪਿੰਕੀ ਜੀ ਦਾ ਨਾਮ ਵਿਸ਼ੇਸ਼ ਰੂਪ ਵਿੱਚ ਲਿਆ ਜਾਂਦਾ ਹੈ।ਜਿੰਨਾਂ ਨੇ ਸ਼ਾਸਤਰੀ ਸੰਗੀਤ ਦੇ ਖੇਤਰ ਵਿੱਚ ਧਰੁਪਦ ਸ਼ੈਲੀ ਵੀ ਨੂੰ ਬਰਕਰਾਰ ਰੱਖਣ ਆਪਣੀ ਬਣਦੀ ਭੂਮਿਕਾ ਨਿਭਾਈ ਹੈ।

**ਸ਼੍ਰੀ ਸ਼ਮਿੰਦਰਪਾਲ ਸਿੰਘ ਜੀ** ਨੂੰ ਨਾਮਧਾਰੀ ਸੰਪ੍ਰਦਾਇ ਵਿੱਚ ਅਕਾਸ਼ਬਾਣੀ ਜਲੰਧਰ ਵਿਖੇ ਸਾਰੰਗੀਵਾਦਨ ਦਾ ਪਹਿਲਾ ਅਵਸਰ ਪ੍ਰਾਪਤ ਹੋਇਆ।ਜਿਸ ਪਿਛੋਂ ਆਪ ਨੇ ਹਰਿਵੱਲਬ ਵਰਗੇ ਸੰਗੀਤ ਸੰਮੇਲਨਾ ਵਿੱਚ ਵੱਡੇ-ਵੱਡੇ ਕਲਾਕਾਰਾਂ ਨਾਲ ਪ੍ਰਸਤੂਤੀ ਪੇਸ਼ ਕਰ ਸਾਰੰਗੀ ਦੀ ਪ੍ਰੰਪਰਾ ਨੂੰ ਅੱਗੇ ਵਧਾਉਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ।

**ਗਾਇਨ ਦੇ ਖੇਤਰ ਵਿੱਚ** ਨਾਮਧਾਰੀ ਸੰਪ੍ਰਦਾਇ ਦੇ ਉਭਰਦੇ ਕਲਾਕਾਰਾਂ ਵਿਚੋਂ ਬੀਰ ਸਿੰਘ, ਹਰਵਿੰਦਰ ਸਿੰਘ,ਠਾਕੁਰ ਦਾ ਨਾਮ ਵਿਸ਼ੇਸ਼ ਰੂਪ ਵਿੱਚ ਲਿਆ ਜਾ ਸਕਦਾ ਹੈ।ਇਹ ਕਲਾਕਾਰ ਅਧਿਆਪਕਾ ਦੇ ਰੂਪ ਵਿੱਚ ਵੀ ਨਾਮਧਾਰੀ ਸੰਗੀਤ ਕਲਾ ਕੇਂਦਰਾ ਵਿੱਚ ਸੇਵਾ ਨਿਭਾ ਰਹੇ ਹਨ।ਬੀਰ ਸਿੰਘ ਨੇ ਸ਼ਾਸਤਰੀ ਸੰਗੀਤ ਦੇ ਪ੍ਰਚਾਰ ਨੂੰ ਦੇਸ਼ਾਂ-ਵਿਦੇਸ਼ਾਂ ਵਿੱਚ ਤੰਤੀ ਸਾਜ਼ਾਂ ਦੇ ਨਾਲ ਬਰਕਰਾਰ ਰੱਖਣ, ਨਵੇਂ ਕਲਾਕਾਰ ਨੂੰ ਸ਼ਾਸਤਰੀ ਸੰਗੀਤ ਪ੍ਰਤੀ ਜਾਗਰੂਕ ਕਰਨ ਅਤੇ ਗੁਰਮਿਤ ਤੇ ਸ਼ਾਸਤਰੀ ਸੰਗੀਤ ਦੀ ਕ੍ਰਾਂਤੀਕਾਰੀ ਲਹਿਰ ਨੂੰ ਜ਼ਾਰੀ ਰੱਖਣ ਵਿੱਚ ਵਿਸ਼ੇਸ਼ ਭੂਮਿਕਾ ਨਿਭਾਈ ਹੈ।ਇੰਨਾਂ ਤੋਂ ਇਲਾਵਾ ਠਾਕੁਰ ਸਿੰਘ, ਗੁਰਦਿੱਤ ਸਿੰਘ ਅਤੇ ਹਰਵਿੰਦਰ ਸਿੰਘ ਦੁਆਰਾ ਸੰਗੀਤਕ ਖੇਤਰ ਵਿੱਚ ਖੋਜ-ਕਾਰਜਾਂ ਨੂੰ ਵੀ ਮਹੱਤਵਪੂਰਨ ਮੰਨਿਆ ਗਿਆ ਹੈ।ਜੋ ਨਾਮਧਾਰੀ ਸੰਪ੍ਰਦਾਇ ਦਾ ਵੱਡਮੁਲਾ ਖਜਾਨਾ ਹਨ।ਵਾਦਨ ਦੀ ਪਰੰਪਰਾ ਦੇ ਅੰਤਰਗਤ ਕੁਝ ਉਭਰਦੇ ਕਲਾਕਾਰਾਂ ਵਲੋਂ ਤਾਰ-ਸ਼ਹਿਨਾਈ ਸਾਜ਼ ਨੂੰ ਦੇਸ਼ਾਂ-ਵਿਦੇਸ਼ਾਂ ਤੱਕ ਪ੍ਰਚਲਿਤ ਕੀਤਾ ਗਿਆ ਹੈ।ਜਿੰਨਾਂ ਵਿੱਚ ਸ਼੍ਰੀ ਕਿਰਪਾਲ ਸਿੰਘ ਪਨੇਸਰ, ਈਸ਼ਰ ਸਿੰਘ ਅਤੇ ਪੱਵਿਤਰ ਸਿੰਘ ਦਾ ਨਾਮ ਜਿਕਰਯੋਗ ਹੈ।ਜੋ ਤਾਰ-ਸ਼ਹਿਨਾਈ ਸਾਜ਼ ਨੂੰ ਇੱਕ ਵਿਲੱਖਣ ਪਹਿਚਾਣ ਦੇਣ ਲਈ ਯਤਨ ਕਰ ਰਹੇ ਹਨ।ਇਸੇ ਤਰਾਂ ਪਖਾਵਜ ਸਾਜ਼ ਨੂੰ ਪੁਨਰ ਜੀਵਿਤ ਰੱਖਣ ਵਿੱਚ ਗਿਆਨ ਸਿੰਘ ਨਾਮਧਾਰੀ ਨੇ ਵੀ ਵਿਸ਼ੇਸ਼ ਯਤਨ

ਕੀਤੇ। ਇਸ ਸਾਜ਼ ਦੀ ਇੰਟਰਨੈਂਟ ਰਾਹੀਂ ਪ੍ਰਦਾਨ ਕਰ ਰਹੇ ਹਨ। ਜੋ ਸੰਗੀਤ ਦੇ ਖੇਤਰ ਨੂੰ ਹੋਰ ਵੀ ਵਿਸ਼ਾਲ ਬਨਾਉਣ ਵਿੱਚ ਵਿਸ਼ੇਸ਼ ਯੋਗਦਾਨ ਪਾ ਰਹੇ ਹਨ।

**ਇਸਤਰੀ ਕਲਾਕਾਰਾਂ ਦੇ ਸੰਦਰਭ ਵਿੱਚ ਵਰਣਨਯੋਗ** ਹੈ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਸਮੇਂ ਇੱਕ ਇਸਤਰੀ ਆਪਣੇ ਪਤੀ ਨਾਲ ਕੀਰਤਨ ਕਰਿਆ ਕਰਦੀ ਸੀ ਆਪ ਜੀ ਨੇ 1933 ਈ: ਵਿੱਚ ਉੱਚ ਪੱਧਰੀ ਗੁਰਮਤਿ ਸੰਗੀਤ ਸੰਮੇਲਨ ਸ਼੍ਰੀ ਭੈਣੀ ਸਾਹਿਬ ਵਿਖੇ ਕਰਵਾਉਣੇ ਆਰੰਭ ਕੀਤੇ। ਪ੍ਰੰਤੂ ਇਸਤਰੀਆਂ ਨੂੰ ਸੰਗੀਤ ਦੇ ਖੇਤਰ ਵਿੱਚ ਅੱਗੇ ਲਿਆਉਣ ਲਈ ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਹੀ ਵਿਸ਼ੇਸ਼ ਉਦਮ ਅਤੇ ਉਪਰਾਲੇ ਕੀਤੇ ਗਏ।

ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਪਹਿਲੀ ਬੀਬੀ ਨਰਿੰਦਰ ਕੌਰ ਜੀ ਨੂੰ ਸੰਗੀਤ ਦੀ ਸਿੱਖਿਆ ਦੇਣ ਲਈ ਨਿਯੁਕਤ ਕੀਤਾ ਗਿਆ। ਜਿਨ੍ਹਾਂ ਤੋਂ ਸਭ ਤੋਂ ਪਹਿਲਾਂ ਸਤਿਗੁਰੂ ਜੀ ਦੀ ਸਪੁੱਤਰੀ ਬੀਬਾ ਸਾਹਿਬ ਕੌਰ ਜੀ ਨੇ ਸਿੱਖਿਆ ਪ੍ਰਾਪਤ ਕੀਤੀ। ਬੀਬੀਆਂ ਨੂੰ ਸੰਗੀਤ ਸਿੱਖਣ ਲਈ ਵਿਸ਼ੇਸ਼ ਪ੍ਰੋਤਸਾਹਿਤ ਕੀਤਾ ਗਿਆ। ਬੀਬੀ ਨਰਿੰਦਰ ਕੌਰ ਜੀ ਨੇ ਆਪਣੇ ਆਖਰੀ ਸਵਾਸ਼ਾਂ ਤੱਕ ਸਤਿਗੁਰਾਂ ਜੀ ਦੇ ਹੁਕਮਾਂ ਅਨੁਸਾਰ ਸ਼ਾਸਤਰੀ ਸੰਗੀਤ ਦੀ ਸਿੱਖਿਆ ਦੇਣ ਦੀ ਸੇਵਾ ਨਿਭਾਈ। ਬੀਬੀ ਜੀ ਨੇ ਸੰਗੀਤ ਦੀ ਸਿੱਖਿਆ ਦੇਣ ਦੇ ਨਾਲ-ਨਾਲ ਸੰਗੀਤਕ ਸੰਮੇਲਨਾਂ ਅਤੇ ਸੈਮੀਨਾਰਾਂ ਲਈ ਵੀ ਵਿਸ਼ੇਸ਼ ਕਾਰਜ ਕੀਤੇ। ਉਹਨਾਂ ਦੁਆਰਾ ਸਿਖਿਅਤ ਅਨੇਕਾਂ ਇਸਤਰੀ ਕਲਾਕਾਰਾਂ ਵਿਦੇਸ਼ਾਂ ਵਿੱਚ ਸੰਗੀਤ ਸੇਵਾ ਅਤੇ ਪ੍ਰਚਾਰ ਕਰ ਰਹੀਆਂ ਹਨ। ਵਰਤਮਾਨ ਸਮੇਂ ਵਿੱਚ ਨਵ-ਉਭਰਦੀਆ ਇਸਤਰੀ ਕਲਾਕਾਰਾਂ ਅਵਤਾਰ ਕੌਰ, ਸਿਮਰਤਪਾਲ ਕੌਰ, ਰਾਗਨੀ ਰੇਨੂੰ, ਸ਼ਿਵਰੰਜ਼ਨੀ ਆਦਿ ਹਨ। ਜੋ ਦੇਸ਼ਾਂ-ਵਿਦੇਸ਼ਾਂ ਵਿੱਚ ਵੀ ਸ਼ਾਸਤਰੀ ਸੰਗੀਤ ਦੀ ਪ੍ਰੰਪਰਾ ਦਾ ਪ੍ਰਚਾਰ-ਪ੍ਰਸਾਰ ਕਰ ਰਹੀਆਂ ਹਨ।

ਉਪਰੋਕਤ ਨਾਮਧਾਰੀ ਪੁਰਸ਼ ਕਲਾਕਾਰਾਂ ਦੇ ਜੀਵਨ ਦਰਸ਼ਨ ਦਾ ਸੰਖੇਪ ਅਧਿਐਨ ਇਹ ਤੱਥ ਦ੍ਰਿੜ ਕਰਦਾ ਹੈ। ਕਿ ਨਾਮਧਾਰੀ ਸਿੱਖਾਂ ਨੇ ਸ਼ਾਸਤਰੀ ਸੰਗੀਤ ਦੇ ਪ੍ਰਚਾਰ-ਪ੍ਰਸਾਰ ਲਈ ਆਪਣੀ ਨਿਵੇਕਲੀ ਭੂਮਿਕਾ ਨਿਭਾਈ ਹੈ। ਨਾਮਧਾਰੀ ਕਲਾਕਾਰਾਂ ਨੂੰ ਬਹੁਮੁੱਖੀ ਗਿਆਨ ਅਤੇ ਸੰਗੀਤ ਸਿੱਖਿਆ ਲਈ ਵੱਖ-ਵੱਖ ਸੁਵਿਧਾਵਾਂ ਜੁਟਾਂ ਕੇ ਵਿੱਭਿਨ ਘਰਾਣਿਆ ਨਾਲ ਜੋੜ ਕੇ ਉਨਾਂ ਨੂੰ ਵਿਸ਼ੇਸ਼ ਰੂਪ ਵਿੱਚ ਪ੍ਰੋਤਸਾਹਿਤ ਅਤੇ ਪ੍ਰਫੁਲਿਤ ਕੀਤਾ ਗਿਆ। ਇਸ ਸੰਖਿਆ ਨੂੰ ਇੰਨਾਂ ਕਲਾਕਾਰਾਂ ਨੇ ਆਗਾਮੀ ਨਵ ਉਭਰਦੇ ਕਲਾਕਾਰਾਂ ਤੱਕ ਪਹੰਚਾ ਕੇ ਜਿਥੇ ਉਨਾਂ ਦਾ ਮਾਰਗ ਸੁਖਾਲਾ ਕੀਤਾ। ਉਥੇ ਹੀ ਨਵੀਂ ਕੜੀ ਜੋੜ ਕੇ ਸ਼ਾਸਤਰੀ ਸੰਗੀਤ ਦਾ ਪਾਸਾਰ ਕਰਨ ਵਿੱਚ ਆਪਣੀ ਬਣਦੀ ਭੂਮਿਕਾ ਨਿਭਾਈ ਹੈ।

ਨਾਮਧਾਰੀ ਸੰਪ੍ਰਦਾਇ ਦੁਆਰਾ ਪ੍ਰੋਤਸਾਹਿਤ ਇਸਤਰੀ ਕਲਾਕਾਰਾਂ ਨੇ ਜਿਥੇ ਆਪਣੀ ਸੰਗੀਤ ਸਿੱਖਿਆ ਪ੍ਰਾਪਤ ਕਰਨ ਵਿੱਚ ਨਾਮਧਾਰੀ ਸੰਪ੍ਰਦਾਇ ਦੀਆ ਸੇਵਾਵਾਂ

ਗ੍ਰਹਿਣ ਕੀਤੀਆ।ਉਥੇ ਹੀ ਇਹ ਲੜੀ ਖਤਮ ਨਾ ਕਰਕੇ ਇਸ ਲੜੀ ਨੂੰ ਅੱਗੇ ਜੋੜਿਆ ਅਤੇ ਸ਼ਾਸਤਰੀ ਸੰਗੀਤ ਦਾ ਪ੍ਰਚਾਰ-ਪ੍ਰਸਾਰ ਵਿਦੇਸ਼ਾਂ ਵਿੱਚ ਅਧਿਕ ਕੀਤਾ।

ਜੋ ਆਪਣੇ ਆਪ ਵਿੱਚ ਅੱਦੁਤੀ ਮਿਸਾਲ ਹੈ।ਇੰਨਾਂ ਇਸਤਰੀ ਕਲਾਕਾਰਾਂ ਨੇ ਸੰਗੀਤ ਦੀ ਲੋਕਪ੍ਰਿਯਤਾ ਵਿੱਚ ਅਧਿਆਪਕਾ ਦੀ ਵਧੇਰੇ ਭੂਮਿਕਾ ਨਿਭਾਈ ਹੈ।ਜਿਸ ਨਾਲ ਇਹ ਪਾਸਾਰ ਬਹੁਪੱਖੀ, ਬਹੁਪਰਤੀ ਅਤੇ ਵਿਸ਼ਾਲਤਾ ਨੂੰ ਗ੍ਰਹਿਣ ਕਰ ਸਕਿਆ ਹੈ।ਇੰਨਾਂ ਕਲਾਕਾਰਾਂ ਨੇ ਹਰ ਸਾਧਨ ਅਤੇ ਹਰ ਹੀਲੇ ਰਾਹੀ ਸਤਿਗੁਰਾਂ ਦੇ ਆਦੇਸ਼ਾਂ ਨੂੰ ਅਸਲੀ ਜਾਮਾ ਪਹਿਨਾਇਆ ਹੈ।ਆਪਣੀ ਨਿਵੇਕਲੀ ਅਤੇ ਵਿਲੱਖਣ ਪਹਿਚਾਣ ਸੰਗੀਤ ਜਗਤ ਅਤੇ ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਕਾਇਮ ਕੀਤੀ ਹੈ।

## ਗੈਰ-ਨਾਮਧਾਰੀ ਕਲਾਕਾਰਾਂ ਦਾ ਯੋਗਦਾਨ

ਨਾਮਧਾਰੀ ਸਮਾਜ ਵਿੱਚ ਗੈਰ-ਨਾਮਧਾਰੀ ਕਲਾਕਾਰਾਂ ਦਾ ਵੀ ਮਹੱਤਵਪੂਰਨ ਯੋਗਦਾਨ ਰਿਹਾ ਹੈ।ਸਤਿਗੁਰੂ ਜੀ ਦੀ ਬਖਸ਼ਿਸ਼ ਸਦਕਾ ਗੈਰ-ਨਾਮਧਾਰੀ ਕਲਾਕਾਰ ਅਨੇਕਾਂ ਨਾਮਧਾਰੀ ਬੱਚਿਆਂ ਅਤੇ ਵੱਡਿਆਂ ਨੂੰ ਸ਼ਾਸਤਰੀ ਸੰਗੀਤ ਦੀ ਸਿੱਖਿਆਂ ਦੇ ਕੇ ਅਹਿਮ ਭੂਮਿਕਾ ਨਿਭਾਅ ਰਹੇ ਹਨ।ਜਿੰਨਾਂ ਦਾ ਵੇਰਵਾ ਹੇਠਾਂ ਦਿੱਤਾ ਗਿਆ ਹੈ।

### ਉਸਤਾਦ ਅਮਜਦ ਅਲੀ ਖਾਂ

1. ਸ਼੍ਰੀ ਗੁਰਦੇਵ ਸਿੰਘ
2. ਉਸਤਾਦ ਹਰਜਿੰਦਰ ਸਿੰਘ
3. ਉਸਤਾਦ ਹਰਭਜਨ ਸਿੰਘ
4. ਬੀਬੀ ਗੁਰਮੀਤ ਕੌਰ
5. ਬੀਬੀ ਸਿਮਰਤਪਾਲ ਕੌਰ ਸ਼ੰਮੀ

### ਉਸਤਾਦ ਪਿਆਰਾ ਸਿੰਘ (ਤਾਰ-ਸ਼ਹਿਨਾਈ ਅਤੇ ਦਿਲਰੁਬਾ)

1. ਸ਼੍ਰੀ ਗੁਰਦੇਵ ਸਿੰਘ
2. ਠਾਕੁਰ ਉਦੈ ਸਿੰਘ
3. ਸ਼੍ਰੀ ਹਰਬੰਸ ਸਿੰਘ ਘੁਲਾ
4. ਸ਼੍ਰੀ ਮਹਲ ਸਿੰਘ

### ਪੰਡਿਤ ਪ੍ਰੇਮ ਬਲੱਬ (ਤਬਲਾ)

1. ਸ਼੍ਰੀ ਸੁਰਜੀਤ ਸਿੰਘ
2. ਸ਼੍ਰੀ ਸਤਿੰਦਰ ਸਿੰਘ(ਦਿੱਲੀ)

## ਉਸਤਾਦ ਵਿਲਾਇਤ ਹੁਸੈਨ ਖਾਂ (ਸਿਤਾਰ)

1. ਸ਼੍ਰੀ ਧਰਮਬੀਰ ਸਿੰਘ(ਸਿਤਾਰ)
2. ਸ਼੍ਰੀ ਸ਼ੇਰ ਸਿੰਘ ਚਾਵਲਾ (ਸਿਤਾਰ)
3. ਸ਼੍ਰੀ ਵਰਿੰਦਰ ਕੁਮਾਰ
4. ਪ੍ਰੋ: ਨਰਿੰਦਰ ਨਰੂਲਾ (ਸਿਤਾਰ)
5. ਭਾਈ ਬਲਜੀਤ ਸਿੰਘ (ਗਾਇਨ)
6. ਸ਼੍ਰੀ ਮੋਹਨ ਸਿੰਘ (ਗਾਇਨ)
7. ਸ਼੍ਰੀ ਸੁਖਦੇਵ ਸਿੰਘ(ਗਾਇਨ)
8. ਸ਼੍ਰੀ ਅਸ਼ਵਿੰਦਰ ਸਿੰਘ (ਗਾਇਨ)
9. ਸ਼੍ਰੀ ਬਲਵੰਤ ਸਿੰਘ (ਗਾਇਨ ਅਤੇ ਸਿਤਾਰ)

## ਪੰਡਿਤ ਦਲੀਪ ਚੰਦ ਬੇਦੀ

1. ਸ਼ਵ:ਸੁਰਿੰਦਰ ਸਿੰਘ ਸੁਮਨ

## ਪੰਡਿਤ ਸ਼ਿਵ ਕੁਮਾਰ ਸ਼ਰਮਾ

1. ਹਰਜਿੰਦਰਪਾਲ ਸਿੰਘ (ਜਬਲਪੁਰ)
2. ਸ਼੍ਰੀ ਕਿਰਨਪਾਲ ਸਿੰਘ (ਯੂ.ਕੇ)
3. ਸ਼੍ਰੀ ਬਲਵੰਤ ਸਿੰਘ (ਸ਼੍ਰੀ ਭੈਣੀ ਸਾਹਿਬ)

## ਪੰਡਿਤ ਰਾਮ ਨਾਰਾਇਣ ਜੀ (ਸਾਰੰਗੀ)

1. ਸ਼੍ਰੀ ਸੁਰਜੀਤ ਸਿੰਘ (ਸਾਰੰਗੀ)
2. ਸ਼੍ਰੀ ਅਰਵਿੰਦਰ ਸਿੰਘ (ਗਾਇਨ)
3. ਸ਼੍ਰੀ ਰਣਬੀਰ ਸਿੰਘ (ਸਾਰੰਗੀ)

## ਪੰਡਿਤ ਹਰਿਪ੍ਰਸ਼ਾਦ ਚੌਰਸੀਆਂ (ਬਾਸੁਰੀ)

1. ਸ਼੍ਰੀ ਸਤਪਾਲ ਸਿੰਘ (ਜੰਮੂ)
2. ਸ਼੍ਰੀ ਪ੍ਰਮਜੀਤ ਸਿੰਘ (ਰਾਜਸਥਾਨ)

## ਪੰਡਿਤ ਸਾਮਤਾ ਪ੍ਰਸ਼ਾਦ (ਤਬਲਾ)

1. ਸ਼੍ਰੀ ਸੁਖਦੇਵ ਸਿੰਘ (ਜਲੰਧਰ)

2. ਸ਼੍ਰੀ ਸੁਖਵਿੰਦਰ ਸਿੰਘ (ਪਿੰਕੀ)

3. ਸ਼੍ਰੀ ਹਰਪਾਲ ਸਿੰਘ

4. ਸ਼੍ਰੀ ਸੁਖਵਿੰਦਰ ਸਿੰਘ (ਜਲੰਧਰ)

5. ਸ਼੍ਰੀ ਸੁਖਦੇਵ ਸਿੰਘ (ਸੁਖੀ)

**ਉਸਤਾਦ ਵਿਸਮੱਲਾ ਖਾਂ (ਸ਼ਹਿਨਾਈ)**

1. ਭਾਈ ਬਲਜੀਤ ਸਿੰਘ (ਭੈਣੀ ਸਾਹਿਬ)

2. ਸ਼੍ਰੀ ਸੁਖਦੇਵ ਸਿੰਘ ਤਾਰ ਸ਼ਹਿਨਾਈ (ਸ਼੍ਰੀ ਭੈਣੀ ਸਾਹਿਬ)

**ਪੰਡਿਤ ਰਾਜਨ-ਸਾਜਨ ਮਿਸ਼ਰਾ (ਗਾਇਨ)**

1. ਸ਼੍ਰੀ ਮੋਹਨ ਸਿੰਘ (ਸ਼੍ਰੀ ਭੈਣੀ ਸਾਹਿਬ)

2. ਸ਼੍ਰੀ ਸੁਖਦੇਵ ਸਿੰਘ (ਸ਼੍ਰੀ ਭੈਣੀ ਸਾਹਿਬ)

3. ਸ਼੍ਰੀ ਮਾਇਆ ਸਿੰਘ (ਬੈਂਕਾਕ)

4. ਸ਼੍ਰੀ ਜਤਿੰਦਰਪਾਲ 'ਜੀਤੂ'

5. ਸ਼੍ਰੀ ਮਨਿੰਦਰਪਾਲ ਸਿੰਘ (ਲੁਹਾਰ)

6. ਸ਼੍ਰੀ ਗੁਰਪ੍ਰੀਤ ਸਿੰਘ (ਮੁਹਾਵਾ)

7. ਬੀਬੀ ਕੰਵਲਜੀਤ ਕੌਰ (ਦਿੱਲੀ)

8. ਭਾਈ ਗੁਰਮੀਤ ਸਿੰਘ ਰਾਗੀ

9. ਸ਼੍ਰੀ ਸਾਜਨ ਸਿੰਘ (ਦਿੱਲੀ)

**ਉਸਤਾਦ ਇਮਰਤ ਖਾਂ (ਸਿਤਾਰ)**

1. ਸ਼੍ਰੀ ਚਰਨ ਸਿੰਘ (ਜੰਮੂ)

2. ਸ਼੍ਰੀ ਸੁਰਿੰਦਰ ਸਿੰਘ (ਭੈਣੀ)

3. ਸ਼੍ਰੀ ਤਜਿੰਦਰ ਸਿੰਘ ਰੀਟਾ (ਫਗਵਾੜਾ)

4. ਸ਼੍ਰੀ ਗੁਰਮੁਖ ਸਿੰਘ (ਭੈਣੀ ਸਾਹਿਬ)

5. ਸ਼੍ਰੀ ਅਮਰੀਕ ਸਿੰਘ (ਭੈਣੀ ਸਾਹਿਬ)

**ਪੰਡਿਤ ਬਿਰਜੂ ਮਹਾਰਾਜ (ਨ੍ਰਿਤ)**

1. ਸ਼੍ਰੀ ਅਮਰ ਸਿੰਘ ਅੰਬਾ (ਸ਼੍ਰੀ ਭੈਣੀ ਸਾਹਿਬ)

2. ਸ਼੍ਰੀ ਹਰਪ੍ਰੀਤ ਸਿੰਘ ਹੈਪੀ (ਸ਼੍ਰੀ ਭੈਣੀ ਸਾਹਿਬ)

3. ਸ਼੍ਰੀ ਅਜੈਪਾਲ ਸਿੰਘ (ਸ਼੍ਰੀ ਭੈਣੀ ਸਾਹਿਬ)

**ਪੰਡਿਤ ਦੁਰਗਾਲਾਲ (ਨ੍ਰਿਤ)**

1. ਸ਼੍ਰੀ ਬਲਵੰਤ ਸਿੰਘ (ਦਿੱਲੀ)
2. ਸ਼੍ਰੀ ਸੁਖਦੇਵ ਸਿੰਘ ਸੁੱਖੀ (ਭੈਣੀ ਸਾਹਿਬ)

**ਪੰਡਿਤ ਗੋਪਾਲ ਕ੍ਰਿਸ਼ਨ**

1. ਭਾਈ ਬਲਜੀਤ ਸਿੰਘ ਰਾਗੀ
2. ਸ਼੍ਰੀ ਮਹਲ ਸਿੰਘ ਸੰਤ ਨਗਰ (ਤਾਰ ਸ਼ਹਿਨਾਈ)

**ਉਸਤਾਦ ਅੱਲਾ ਰੱਖਾ ਖਾਂ (ਤਬਲਾ)**

1. ਸ਼੍ਰੀ ਸੁਰਿੰਦਰ ਸਿੰਘ ਮੰਡੀ
2. ਸ਼੍ਰੀ ਕੁਲਵੰਤ ਸਿੰਘ (ਜਲੰਧਰ)
3. ਸ਼੍ਰੀ ਕੁਲਵਿੰਦਰ ਸਿੰਘ (ਜਲੰਧਰ)
4. ਸ਼੍ਰੀ ਤਰਸੇਮ ਸਿੰਘ (ਜਲੰਧਰ)
5. ਸ਼੍ਰੀ ਜਤਿੰਦਰਪਾਲ ਸਿੰਘ ਚਿੰਕਾ

**ਪੰਡਿਤ ਹਨੁਮਾਨ ਪ੍ਰਸਾਦ ਸਿੰਘ ਮਿਸ਼ਰਾ (ਸਾਰੰਗੀ)**

1. ਸ਼੍ਰੀ ਸੁਰਜੀਤ ਸਿੰਘ (ਦਿੱਲੀ)
2. ਸ਼੍ਰੀ ਹਰਿੰਦਰਪਾਲ ਸਿੰਘ

**ਉਸਤਾਦ ਸਾਬਰੀ ਖਾਂ (ਸਾਰੰਗੀ)**

1. ਸ਼੍ਰੀ ਸ਼ਮਿੰਦਰਪਾਲ ਸਿੰਘ

**ਸ਼੍ਰੀ ਰਾਮ ਜੀ ਮਿਸ਼ਰਾ (ਤਬਲਾ)**

1. ਹਰਪ੍ਰੀਤ ਸਿੰਘ ਸੋਨੂ (ਗਵਾਲਿਅਰ)

**ਸ਼੍ਰੀ ਐਲ.ਕੇ.ਪੰਡਿਤ (ਗਾਇਨ)**

1. ਸਰਬਜੀਤ ਕੌਰ (ਦਿੱਲੀ)
2. ਸ਼੍ਰੀ ਗੁਰਦੇਵ ਸਿੰਘ (ਦਿੱਲੀ)

3. ਸ਼੍ਰੀ ਹਰਦੀਪ ਸਿੰਘ (ਸਾਹਿਬਾਬਾਦ)

4. ਸ਼੍ਰੀ ਰੁਹੇਲ ਸਿੰਘ ਸੋਨੂ

**ਸ਼੍ਰੀ ਸੁਰੇਸ਼ ਤਲਵਰਕਰ (ਤਬਲਾ)**

1. ਸ਼੍ਰੀ ਸੁਰਿੰਦਰ ਸਿੰਘ (ਮੰਡੀ)

**ਸ਼ਾਰਦਾ ਸਹਾਏ**

1. ਸ਼੍ਰੀ ਗੁਰਦਿੱਤ ਸਿੰਘ

2. ਬੀਬੀ ਹਰਕੀਰਤ ਕੌਰ

**ਸ਼੍ਰੀ ਚਰਨਜੀਤ ਲਾਲ ਦਿੱਲੀ (ਤਬਲਾ)**

1. ਸ਼੍ਰੀ ਧਰਮਜੀਤ ਸਿੰਘ ਬਾਟਾ (ਫਰੀਦਬਾਦ)

2. ਸ਼੍ਰੀ ਬਲਬੀਰ ਸਿੰਘ ਬਿੱਟੂ (ਦਿੱਲੀ)

**ਮੁਹੰਮਦ ਹੁਸੈਨ ਕੁਰੈਸ਼ੀ ਦਿੱਲੀ (ਤਬਲਾ)**

1. ਗੁਰਚਰਨ ਸਿੰਘ ਚੰਨੀ (ਦਿੱਲੀ)

**ਰਾਜਿੰਦਰ ਗੰਗਾਨੀ (ਨ੍ਰਿਤ)**

1. ਸੁਰਮੁੱਖ ਸਿੰਘ (ਸ਼੍ਰੀ ਭੈਣੀ ਸਾਹਿਬ)

**ਪ੍ਰੋ. ਯਸ਼ਪਾਲ, ਚੰਡੀਗੜ੍ਹ (ਗਾਇਨ)**

1. ਸ਼੍ਰੀ ਅਸ਼ਵਿੰਦਰ ਸਿੰਘ (ਲੁਧਿਆਣਾ)

2. ਬੀਬੀ ਸ਼ਿੰਵਰੰਜਨੀ ਕੌਰ (ਲੁਧਿਆਣਾ)

3. ਬੀਬੀ ਜਗਦੀਪ ਕੌਰ (ਜੰਮੂ)

**ਉਸਤਾਦ ਸ਼ਾਹਿਦ ਪਰਵੇਜ (ਸਿਤਾਰ)**

1. ਸ਼੍ਰੀ ਗੁਰਮੁੱਖ ਸਿੰਘ (ਸ਼੍ਰੀ ਭੈਣੀ ਸਾਹਿਬ)

2. ਸ਼੍ਰੀ ਅਮਰੀਕ ਸਿੰਘ (ਸ਼੍ਰੀ ਭੈਣੀ ਸਾਹਿਬ)

3. ਸ਼੍ਰੀ ਗੁਰਦਿਆਲ ਸਿੰਘ (ਸ਼੍ਰੀ ਭੈਣੀ ਸਾਹਿਬ)

4. ਸ਼੍ਰੀ ਸਤਬੰਤ ਸਿੰਘ (ਸ਼੍ਰੀ ਭੈਣੀ ਸਾਹਿਬ)

**ਪੰਡਿਤ ਕੁਮਾਰ ਬੋਸ (ਤਬਲਾ)**

1. ਸ਼੍ਰੀ ਅਜੈਪਾਲ ਸਿੰਘ (ਸ਼੍ਰੀ ਭੈਣੀ ਸਾਹਿਬ)

**ਸ਼੍ਰੀ ਜੋਗੇਸ਼ ਸ਼ਮਸੀ (ਤਬਲਾ)**

1. ਅਜੈਪਾਲ ਸਿੰਘ (ਸ਼੍ਰੀ ਭੈਣੀ ਸਾਹਿਬ)
2. ਗੁਰਤੇਜ ਸਿੰਘ (ਦਿੱਲੀ)

**ਪੰਡਿਤ ਵਰਿੰਦਰ ਕੁਮਾਰ (ਸਿਤਾਰ)**

1. ਗੁਰਦਿਆਲ ਸਿੰਘ ਲਾਲੀ
2. ਰਜਿੰਦਰ ਸਿੰਘ (ਸਾਰੋਦ)
3. ਗੁਰਮੁੱਖ ਸਿੰਘ
4. ਬਲਵੰਤ ਸਿੰਘ
5. ਰਤਨਾ
6. ਰਤਨੀ
7. ਡਾਂ ਅਜਮੇਰ ਸਿੰਘ
8. ਇਸ਼ਵਰ ਸਿੰਘ (ਦਿਲਰੁਬਾ,ਤਾਰ ਸ਼ਹਿਨਾਈ)
9. ਅਵਤਾਰ ਕੌਰ ਸ਼ਰੁਤੀ
10. ਜੈਤਾ ਸਿੰਘ (ਸਾਰੋਦ)
11. ਸੰਦੀਪ ਸਿੰਘ
12. ਭਗਵੰਤ ਕੌਰ

ਇਹਨਾਂ ਕਲਾਕਾਰਾਂ ਦਾ ਸ਼੍ਰੀ ਭੈਣੀ ਸਾਹਿਬ ਵਿਖੇ ਹੋਣ ਵਾਲੇ ਸੰਗੀਤ ਸੰਮੇਲਨਾਂ ਵਿੱਚ ਵੀ ਵਧੇਰੇ ਯੋਗਦਾਨ ਰਿਹਾ ਹੈ।ਉਪਰ ਦਿੱਤੇ ਗਏ ਕਲਾਕਾਰਾਂ ਵਿੱਚੋਂ ਬਹੁਤ ਸਾਰੇ ਕਲਾਕਾਰ ਸ਼੍ਰੀ ਭੈਣੀ ਸਾਹਿਬ ਵਿਖੇ ਹੋਣ ਵਾਲੇ ਸੰਗੀਤ ਸੰਮੇਲਨਾਂ ਵਿੱਚ ਆਪਣੀ ਗਾਇਨ ਅਤੇ ਵਾਦਨ ਪ੍ਰਸਤੂਤੀ ਦੇ ਚੁੱਕੇ ਹਨ।ਮੈਂ ਬਹੁਤ ਵਾਰ ਸੰਗੀਤ ਪ੍ਰੋਗਰਾਮਾਂ ਵਿੱਚ ਇਹਨਾਂ ਕਲਾਕਾਰਾਂ ਨੂੰ ਸੁਣਿਆਂ ਹੈ।ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਚਲਾਏ ਗਏ ਸੰਗੀਤ ਸੰਮੇਲਨ ਸਤਿਗੁਰੂ ਉਦੈ ਸਿੰਘ ਜੀ ਦੀ ਨਿਗਰਾਨੀ ਹੇਠ ਅੱਜ ਵੀ ਕਰਵਾਏ ਜਾ ਰਹੇ ਹਨ ਜਿੰਨਾਂ ਵਿੱਚ ਹਰ ਉਮਰ ਦੇ ਪ੍ਰਤੀਯੋਗੀ ਹਿੱਸਾ ਲੈਂਦੇ ਹਨ।ਜਿੰਨਾਂ ਨੂੰ ਇਨਾਮ ਵੀ ਦਿੱਤੇ ਜਾਂਦੇ ਹਨ।ਸਤਿਗੁਰੂ ਜਗਜੀਤ ਸਿੰਘ ਜੀ ਦੁਆਰਾ ਅਨੇਕਾਂ ਨਾਮਧਾਰੀ ਬੱਚਿਆਂ ਨੂੰ ਇਹਨਾਂ ਕਲਾਕਾਰਾਂ ਕੋਲ ਸੰਗੀਤ ਦੀ ਸਿੱਖਿਆ ਲੈਣ

ਲਈ ਭੇਜਿਆ ਗਿਆ।ਜੋ ਆਉਣ ਵਾਲੇ ਸਮੇਂ ਵਿੱਚ ਉੱਘੇ ਕਲਾਕਾਰ ਦੇ ਰੂਪ ਵਿੱਚ ਵੇਖੇ ਜਾ ਸਕਦੇ ਹਨ।ਇਹਨਾਂ ਸਿਖਿਆਰਥੀਆਂ ਦੀ ਸਿੱਖਿਆਂ ਅਤੇ ਬਾਕੀ ਖਰਚੇ ਦੀ ਵਿਵਸਥਾ ਸਤਿਗੁਰੂ ਜੀ ਦੁਆਰਾ ਹੀ ਕੀਤੀ ਜਾਂਦੀ ਹੈ।

ਸਤਿਗੁਰੂ ਜੀ ਇਹਨਾਂ ਕਲਾਕਾਰਾਂ ਨੂੰ ਸਿੱਖਿਆਂ ਦੇਣ ਅਤੇ ਉਹਨਾਂ ਕੋਲੋਂ ਸੰਗੀਤ ਸੁਨਣ ਲਈ ਆਪ ਬੁਲਾਵਾ ਭੇਜਿਆ ਕਰਦੇ ਸਨ।ਸਤਿਗੁਰੂ ਜੀ ਦੁਆਰਾ ਦਿੱਤੇ ਗਏ ਹੁਕਮ ਅਨੁਸਾਰ ਗਾਇਨ ਅਤੇ ਵਾਦਨ ਦੀ ਸਿੱਖਿਆ ਦਿੱਤੀ ਜਾਦੀ।ਜਿਸ ਦਾ ਸਾਰਾ ਖਰਚ ਸਤਿਗੁਰੂ ਜੀ ਦੁਆਰਾ ਹੀ ਦਿੱਤਾ ਜਾਦਾ ਸੀ।ਸਤਿਗੁਰੂ ਜਗਜੀਤ ਸਿੰਘ ਜੀ ਦੇ ਸੰਗੀਤ ਪ੍ਰਤੀ ਯੋਗਦਾਨ ਨੂੰ ਦੇਖਦੇ ਹੋਏ ਅਨੇਕਾਂ ਕਲਾਕਾਰਾਂ ਨੇ ਆਪਣੇ ਵਿਚਾਰ ਪ੍ਰਗਟ ਕਰਦੇ ਹੋਏ ਸਤਿਗੁਰੂ ਜੀ ਦੁਆਰਾ ਕੀਤੇ ਗਏ ਕਾਰਜਾਂ ਦੀ ਸ਼ਲਾਘਾ ਕੀਤੀ ਹੈ।ਉਸਤਾਦ ਸਲਾਮਤ ਅਲੀ ਖਾਂ ਸਾਹਿਬ ਸਤਿਗੁਰੂ ਜੀ ਦੁਆਰਾ ਬਣਾਈ ਗਈ ਬੰਦਿਸ਼ ਤੋਂ ਬਹੁਤ ਪ੍ਰਭਾਵਿਤ ਸਨ ਜੋ ਕਿ ਪੌਣੇ ਪੰਦਰਾਂ ਮਾਤਰਾ ਵਿੱਚ ਸੀ।ਉਹਨਾਂ ਦਾ ਕਹਿਣਾ ਸੀ ਕਿ ਸਤਿਗੁਰੂ ਜੀ ਨੇ ਇਸ ਤਾਲ ਨੂੰ ਇੱਕ ਅਹਿਮ ਰੂਪ ਅਤੇ ਪਹਿਚਾਣ ਦਿੱਤੀ।ਸਤਿਗੁਰੂ ਜੀ ਗਾਇਕੀ ਦੇ ਨਾਲ ਨਾਲ ਵਾਦਨ ਪ੍ਰਤੀ ਵੀ ਵਧੇਰੇ ਰੁਚੀ ਰੱਖਦੇ ਸਨ।ਸਤਿਗੁਰ ਜੀ ਨੇ ਅਨੇਕਾਂ ਸ਼ਾਜਾਂ ਨੂੰ ਪ੍ਰਚਲਿਤ ਕਰ ਆਮ ਲੋਕਾਂ ਤੱਕ ਪਹੁੰਚਾਇਆ ।ਜੋ ਨਾਮਧਾਰੀ ਸਮਾਜ ਦਾ ਮੱਹਤਵਪੂਰਨ ਯੋਗਦਾਨ ਮੰਨਿਆਂ ਗਿਆ ਹੈ।

# ਅਧਿਐਨ ਦਾ ਸਾਰ

ਸੰਗੀਤ ਦਾ ਪ੍ਰਸਾਰ ਪੁਰਾਤਨ ਸਮੇਂ ਤੋ ਹੀ ਕੀਰਤਨ ਦੇ ਰੂਪ ਵਿੱਚ ਕੀਤਾ ਜਾ ਰਿਹਾ ਹੈ।ਜਿਸ ਸੰਗੀਤਕ ਪ੍ਰੰਪਰਾ ਨੂੰ ਨਾਮਧਾਰੀ ਸਮਾਜ ਦੁਆਰਾ ਅੱਗੇ ਤੋਰਿਆ ਜਾ ਰਿਹਾ ਹੈ।ਜੋ ਕਿ ਅੰਤਰਰਾਸ਼ਟਰੀ ਪੱਧਰ ਤੇ ਵੀ ਆਪਣਾ ਵਿਸ਼ੇਸ਼ ਸਥਾਨ ਕਾਇਮ ਕਰ ਰਹੇ ਹਨ।ਸ਼ਾਸਤਰੀ ਸੰਗੀਤ ਜਿਸ ਨੂੰ ਰੂਹ ਦੀ ਖੁਰਾਕ ਮੰਨਿਆ ਜਾਂਦਾ ਹੈ।ਪਛੜੇ ਵਰਗਾਂ ਅਤੇ ਕੁਝ ਜਾਤ ਪਾਤ ਦੇ ਲੋਕਾਂ ਕਾਰਨ ਸੰਗੀਤ ਦਾ ਪੱਧਰ ਬਹੁਤ ਨੀਵਾਂ ਹੋ ਚੁੱਕਾ ਸੀ।ਉਹਨਾਂ ਦੁਆਰਾ ਸੰਗੀਤ ਨੂੰ ਮੰਨੋਰਜਨ ਦਾ ਸਾਧਨ ਮੰਨਿਆ ਗਿਆ।ਜੋ ਸਮਾਜ ਵਿੱਚ ਕੋਠਿਆਂ ਵਿੱਚ ਵਧੇਰੇ ਪ੍ਰਚਲਿਤ ਹੋਇਆ।

ਨਾਮਧਾਰੀ ਸਿੱਖਾਂ ਨੂੰ ਜਨਮ ਤੋਂ ਹੀ ਵਿਰਾਸਤ ਵਿੱਚ ਪ੍ਰਾਪਤ ਹੋਈ।ਜਿਸ ਕਾਰਨ ਕਿਹਾ ਜਾ ਸਕਦਾ ਹੈ ਕਿ ਨਾਮਧਾਰੀ ਸਿੱਖਾਂ ਦਾ ਇਹ ਮੰਨਣਾ ਹੈ ਕਿ ਨਾਮਧਾਰੀ ਸੰਪ੍ਰਦਾਇ ਗੁਰੂ ਨਾਨਕ ਦੇਵ ਜੀ ਦੁਆਰਾ ਚਲਾਈ ਰਾਗਾਤਮਿਕ ਪ੍ਰਣਾਲੀ ਨੂੰ ਹੀ ਅੱਗੇ ਤੋਰ ਰਹੀ ਹੈ।ਸ਼ਾਸਤਰੀ ਸੰਗੀਤ ਨਾਮਧਾਰੀ ਸਿੱਖਾਂ ਦੇ ਰਗ ਰਗ ਵਿੱਚ ਵਸਿਆ ਹੋਇਆ ਹੈ।ਨਾਮਧਾਰੀ ਸਿੱਖ ਸੰਪ੍ਰਦਾਇ ਵਿੱਚ ਸ਼ਾਸਤਰੀ ਗਾਇਨ ਸ਼ੈਲੀ ਨੂੰ ਵਿਸ਼ੇਸ਼ ਸਥਾਨ ਦਿੱਤਾ ਗਿਆ ਹੈ ਜੋ ਕਿ ਨਾਮਧਾਰੀ ਸਮਾਜ ਦੀ ਇੱਕ ਵਿਲੱਖਣ ਪਹਿਚਾਣ ਮੰਨੀ ਜਾਂਦੀ ਹੈ।ਜੇਕਰ ਅਸੀਂ ਨਾਮਧਾਰੀ ਸੰਪ੍ਰਦਾਇ ਦੇ ਸੰਗੀਤਕ ਯੋਗਦਾਨ ਉਪਰ ਝਾਂਤ ਮਾਰੀਏ ਤਾਂ ਪਤਾ ਲਗਦਾ ਹੈ ਕਿ ਪਹਿਲੇ ਗੁਰੂ ਸਾਹਿਬਾਨਾਂ ਦੀ ਪ੍ਰੰਪਰਾ ਨੂੰ ਹੀ ਨਾਮਧਾਰੀ ਸਤਿਗੁਰਾ ਦੁਆਰਾ ਅੱਗੇ ਵਧਾਇਆ ਜਾ ਰਿਹਾ ਹੈ।

ਨਾਮਧਾਰੀ ਪੰਥ ਦੇ ਪੁਰਸ਼ ਅਤੇ ਇਸਤਰੀ ਕਲਾਕਾਰਾਂ ਦਾ ਸ਼ਾਸਤਰੀ ਸੰਗੀਤ ਨੂੰ ਪ੍ਰੋਤਸਾਹਿਤ ਕਰਨ ਵਿੱਚ ਮੱਹਤਵਪੂਰਨ ਯੋਗਦਾਨ ਰਿਹਾ ਹੈ।ਸ਼ਾਸਤਰੀ ਸੰਗੀਤ ਦੀ ਸ਼ੁਧਤਾ ਨਾਮਧਾਰੀ ਕਲਾਕਾਰਾਂ ਦੀ ਗਾਇਕੀ ਦੀ ਵਿਸ਼ੇਸ਼ ਪਹਿਚਾਣ ਮੰਨੀ ਜਾਂਦੀ ਹੈ।ਜੋ ਉਹਨਾਂ ਨੂੰ ਜਨਮ ਤੋਂ ਹੀ ਪ੍ਰਾਪਤ ਹੋਈ ਹੈ।ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਬਾਣੀ ਰਾਗਾਂ ਤੇ ਆਧਾਰਿਤ ਹੈ।ਜਿਸ ਨੂੰ ਤੰਤੀ ਸ਼ਾਜਾਂ ਨਾਲ ਹੀ ਸਰਵਣ ਕਰਨ ਦੀ ਪ੍ਰੰਪਰਾ ਹੈ।ਜਿਸ ਪ੍ਰੰਪਰਾ ਨੂੰ ਨਾਮਧਾਰੀ ਦਰਬਾਰ ਵਿੱਚ ਅੱਜ ਵੀ ਕਾਇਮ ਰੱਖਿਆ ਗਿਆ ਹੈ।

ਨਾਮਧਾਰੀ ਦਰਬਾਰ ਵਿੱਚ ਰਾਗਾਤਮਿਕ ਬਾਣੀ ਦਾ ਪ੍ਰਵਾਹ ਚਲਦਾ ਹੀ ਰਹਿੰਦਾ ਹੈ।ਨਾਮਧਾਰੀ ਦਰਬਾਰ ਵਿੱਚ ਗੁਰਬਾਣੀ ਦੇ ਨਾਲ ਨਾਲ ਸ਼ਾਸਤਰੀ ਸੰਗੀਤ ਦੀ ਪੰਪਰਾਂ ਨੂੰ ਵੀ ਕਾਇਮ ਰੱਖਿਆ ਜਾ ਰਿਹਾ ਹੈ।ਜਿਸ ਕਾਰਨ ਨਾਮਧਾਰੀ ਸਿੱਖਾਂ ਵਿੱਚ ਸੰਗੀਤ ਪ੍ਰਤੀ ਵਧੇਰੇ ਰੁਚੀ ਦੇਖੀ ਜਾ ਸਕਦੀ ਹੈ।

ਨਾਮਧਾਰੀ ਅਤੇ ਗੈਰ ਨਾਮਧਾਰੀ ਸਿੱਖਾਂ ਨੂੰ ਸ਼ਾਸਤਰੀ ਸੰਗੀਤ ਦੇ ਪ੍ਰਤੀ ਪ੍ਰੋਤਸਾਹਿਤ ਕਰਨ ਵਿੱਚ ਸਤਿਗੁਰਾਂ ਦਾ ਵਧੇਰੇ ਯੋਗਦਾਨ ਰਿਹਾ ਹੈ। ਸੰਗੀਤ ਜਗਤ ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਦਾ ਨਾਮ ਪਹਿਲੇ ਨੰਬਰ ਤੇ ਆਉਂਦਾਂ ਹੈ। ਜਿਹਨਾਂ ਨੇ ਇਸਤਰੀ ਜਗਤ ਵਿੱਚ ਇਨਕਲਾਬ ਲਿਆ ਦਿੱਤਾ। ਸਭ ਤੋਂ ਪਹਿਲਾ ਸਰੋਦ ਵਾਦਨ ਅਤੇ ਸੰਤੂਰ ਵਾਦਨ ਦੀ ਸ਼ੁਰੂਆਤ ਸਤਿਗੁਰੂ ਜਗਜੀਤ ਸਿੰਘ ਜੀ ਨੇ ਕੀਤੀ। ਸਤਿਗੁਰੂ ਜੀ ਨੇ ਸੰਗੀਤ ਦੇ ਨਾਲ-ਨਾਲ ਖੇਡਾਂ ਨੂੰ ਵੀ ਪ੍ਰਫੁਲਿਤ ਕੀਤਾ। ਜਿੰਨਾਂ ਦਾ ਵਰਨਣ ਪਹਿਲਾ ਕੀਤਾ ਗਿਆ ਹੈ। ਜੋ ਮੂਲ ਰੂਪ ਵਿੱਚ ਇੱਕ ਧਾਰਮਿਕ ਗਤੀਵਿਧੀਆਂ ਨਾਲ ਜੁੜਿਆ ਭਾਈਚਾਰਾ ਹੈ। ਜਿਸ ਵਿੱਚ ਸੰਗੀਤ ਉਸਦਾ ਪ੍ਰਾਣ ਤੱਤ ਹੈ। ਨਾਮਧਾਰੀ ਸਤਿਗੁਰਾਂ ਨੇ ਨਾਮਧਾਰੀ ਕਲਾਕਾਰਾਂ ਨੂੰ ਵੱਖ ਵੱਖ ਉੱਚਕੋਟੀ ਦੇ ਵਿਸ਼ਵ ਪ੍ਰਸਿੱਧ ਕਲਾਕਾਰਾਂ ਤੋ ਸੰਗੀਤ ਸਿੱਖਿਆ ਗ੍ਰਹਿਣ ਕਰਾਉਣ ਦਾ ਸਮੁੱਚਾ ਬੀੜਾ ਚੁੱਕਿਆ ਤਾਂ ਜੋ ਉਹਨਾਂ ਦੀ ਸੰਗੀਤ ਸਿੱਖਿਆ ਲਈ ਸੱਮੁਚੇ ਸਾਧਨ ਨਿਰਵਿਘਨ ਜੁਟਾਏ ਜਾ ਸਕਣ।

ਵਿਸ਼ਵ ਪ੍ਰਸਿੱਧ ਇੰਨਾਂ ਕਲਾਕਾਰਾਂ ਵਿਚੋਂ ਨਿਮਨ ਪੰਡਿਤ ਸ਼ਾਮਤਾ ਪ੍ਰਸ਼ਾਦ, ਪੰਡਿਤ ਸ਼ਿਵ ਕੁਮਾਰ ਸ਼ਰਮਾ,ਪੰਡਿਤ ਰਾਮ ਨਰਾਇਣ, ਉਸਤਾਦ ਵਿਲਾਅਤ ਖਾਂ, ਉਸਤਾਦ ਅਮਜ਼ਦ ਅਲੀ ਖਾਂ, ਪੰਡਿਤ ਰਾਜਨ-ਸਾਜਨ ਮਿਸ਼ਰਾ, ਉਸਤਾਦ ਜਾਕੈਰ ਹੁਸੈਨ ਸਾਹਬ ਕਲਾਕਾਰ ਆਦਿ ਸ਼ਾਮਿਲ ਹਨ। ਨਾਮਧਾਰੀ ਸਿੱਖ ਸੰਪ੍ਰਦਾਇ ਦਾ ਸ਼ਾਸਤਰੀ ਅਤੇ ਗੁਰਮਤਿ ਸੰਗੀਤ ਦੀ ਪਰੰਪਰਾ ਨੂੰ ਪ੍ਰਫੁਲਿਤ ਕਰਨ ਵਿੱਚ ਅਤੇ ਸ਼ਾਸਤਰੀ ਕਲਾਕਾਰਾਂ ਨੂੰ ਵਿਸ਼ੇਸ਼ ਪ੍ਰੋਤਸਾਹਿਤ ਕਰਨ ਵਿੱਚ ਨਾਮਧਾਰੀ ਸਿੱਖ ਸੰਪ੍ਰਦਾਇ ਦਾ ਨਾਮ ਸ਼ਾਸਤਰੀ ਸੰਗੀਤ ਦੇ ਖੇਤਰ ਵਿੱਚ ਸੁਨਿਹਰੀ ਅੱਖਰਾਂ ਨਾਲ ਲਿਖਿਆ ਜਾਵੇਗਾ। ਅੱਜ-ਕੱਲ ਗੁਰਬਾਣੀ ਦਾ ਪ੍ਰਚਾਰ ਤਾਂ ਹੋ ਰਿਹਾ ਹੈ। ਪ੍ਰੰਤੂ ਗੁਰਬਾਣੀ ਅਤੇ ਰਾਗਾਂ ਵਿੱਚ ਸ਼ੁੱਧਤਾ ਦੀ ਵਧੇਰੇ ਕਮੀ ਦੇਖੀ ਗਈ ਹੈ। ਜਿਸ ਕਾਰਨ ਨਾਮਧਾਰੀ ਸਮਾਜ ਵਿੱਚ ਬਾਣੀ ਅਤੇ ਰਾਗਾਂ ਦੀ ਸ਼ੁੱਧਤਾ ਦਾ ਵਿਸ਼ੇਸ਼ ਖਿਆਲ ਰੱਖਿਆ ਜਾਂਦਾ ਹੈ। ਜੋ ਇਹਨਾਂ ਦੀ ਵਿਲੱਖਣ ਪਹਿਚਾਨ ਮੰਨੀ ਜਾਂਦੀ ਹੈ।

ਅੱਜ ਪੂਰੀ ਦੁਨੀਆਂ ਵਿੱਚ ਨਾਮਧਾਰੀ ਸਮਾਜ ਦਾ ਵਾਸਾ ਹੈ। ਜਿੱਥੇ ਉਹਨਾਂ ਦੁਆਰਾ ਕੀਰਤਨ ਪ੍ਰੰਪਰਾ ਦਾ ਵੀ ਪ੍ਰਚਾਰ ਕੀਤਾ ਜਾ ਰਿਹਾ ਹੈ। ਉਹਨਾਂ ਦੁਆਰਾ ਇਹ ਵੀ ਮੰਨਿਆਂ ਜਾਂਦਾ ਹੈ ਕਿ ਸੰਗੀਤ ਦੇ ਰਾਹੀਂ ਸਤਿਗੁਰੂ ਜੀ ਦੇ ਨਾਮ ਨਜਦੀਕ ਹੋਇਆ ਜਾ ਸਕਦਾ ਹੈ। ਜਿੰਨਾਂ ਸੰਗੀਤ ਦੇ ਕਲਾਕਾਰਾਂ ਨੂੰ ਖਿਲੇ ਹੋਈ ਫੁੱਲਵਾੜੀ ਦੇ ਫੁੱਲ ਕਿਹਾ ਜਾਂਦਾ ਹੈ। ਸਤਿਗੁਰੂ ਜੀ ਦੁਆਰਾ ਆਪਣੇ ਸੰਗੀਤ ਨਾਲ ਜੁੜੇ ਕਲਾਕਾਰਾਂ ਉਪਰ ਅਥਾਹ ਪਿਆਰ ਵਰਸਾਇਆ ਜਾਂਦਾ ਹੈ। ਜੋ ਉਹਨਾਂ ਅੰਦਰ ਸੰਗੀਤ ਅਤੇ ਸਤਿਗੁਰੂ ਜੀ ਦੇ ਮਿਲਾਪ ਦੀ ਤਾਂਘ ਨੂੰ ਪੈਦਾ ਕਰਦਾ ਹੈ। ਸਿਰਫ ਨਾਮਧਾਰੀ ਹੀ ਨਹੀਂ ਬਲਕਿ ਗੈਰ ਨਾਮਧਾਰੀ ਸੰਗੀਤ ਪ੍ਰੇਮੀ ਵੀ ਨਾਮਧਾਰੀ ਸਮਾਜ ਨਾਲ ਜੁੜੇ ਹੋਏ ਹਨ। ਜਿੰਨਾਂ ਨੂੰ ਸੰਗੀਤ ਸੰਮੇਲਨਾਂ ਵਿੱਚ ਸੰਗੀਤ ਸੁਨਣ ਦੇ ਨਾਲ ਨਾਲ ਸਤਿਗੁਰੂ ਜੀ ਦੇ

ਵਿਚਾਰ ਸੁਨਣ ਦਾ ਵੀ ਮੌਕਾ ਮਿਲਦਾ ਹੈ।ਜੋ ਭਾਗਾਂ ਵਾਲਿਆਂ ਨੂੰ ਹੀ ਪ੍ਰਾਪਤ ਹੁੰਦਾ ਹੈ।ਸਤਿਗੁਰੂ ਜਗਜੀਤ ਸਿੰਘ ਜੀ ਧੰਨ ਹਨ ਜਿੰਨਾਂ ਨੇ ਪੂਰੇ ਨਾਮਧਾਰੀ ਸਮਾਜ ਅਤੇ ਸ਼ਾਸਤਰੀ ਸੰਗੀਤ ਨੂੰ ਦੇਸ਼ਾਂ ਵਿਦੇਸ਼ਾਂ ਤੱਕ ਪੁੰਹਚਾ ਦਿੱਤਾ।ਜੋ ਆਪਣੀ ਕਲਾ ਨਾਲ ਹੋਰਨਾਂ ਲੋਕਾਂ ਨੂੰ ਮੰਤਰ ਮੁਗਧ ਕਰ ਰਹੇ ਹਨ।ਜਿੰਨਾਂ ਤੋਂ ਸਾਰੀ ਦੁਨੀਆ ਹੀ ਪ੍ਰਭਾਵਿਤ ਹੈ।ਅੰਤ ਵਿੱਚ ਇਹ ਕਹਿਣਾ ਉਚਿਤ ਹੋਵੇਗਾ ਕਿ ਸ਼ਾਸਤਰੀ ਸੰਗੀਤ ਦੇ ਖੇਤਰ ਵਿੱਚ ਨਾਮਧਾਰੀ ਸਮਾਜ ਦਾ ਨਾਮ ਸੁਨਿਹਰੀ ਅੱਖਰਾਂ ਵਿੱਚ ਲਿਖਿਆ ਗਿਆ ਹੈ।

# ਸੰਦਰਭ ਪੁਸਤਕ-ਸੂਚੀ


| | |
|---|---|
| ਆਲਿਮ'ਸੰਤ ਸਿੰਘ ਨਿਧਾਨ<br>'ਖਰਲ' ਕੌਰ ਸੁਰਿੰਦਰ | ਜੁਗ ਪਲਟਾਓ ਸਤਿਗੁਰੂ ਨਾਮਧਾਰੀ ਸਭਾ, ਸੂਬਾ ਦਿੱਲੀ |
| ਸ੍ਰੀ ਅਜੀਤ ਸਿੰਘ ਲਾਇਲ | "ਸੋਭਾਵੰਤੀ ਕਾਹਿ ਹੈ ਗੁਰਮੁਖਿ ਗੁਣ ਗਾਇਆ" |
| ਸੰਪਾਦਕ, ਹਿਸਟੋਰੀਅਨ ਜਸਵਿੰਦਰ ਸਿੰਘ | ਬੇਅੰਤ ਪਾਤਸ਼ਾਹ, ਨਾਮਧਾਰੀ ਦਰਬਾਰ, ਸ੍ਰੀ ਭੈਣੀ ਸਾਹਿਬ, ਲੁਧਿਆਣਾ, ਅਕਤੂਬਰ 1996 |
| ਸਰਦਾਰ ਖੁਸ਼ਵੰਤ ਸਿੰਘ | "ਵਿਚਾਰ ਗੋਸ਼ਟੀ" (ਵਿਚਾਰਾਂ ਨਾਲ ਸੰਬੰਧਿਤ) |
| ਜਗਦੀਸ਼ ਸਿੰਘ | "ਨਾਮਧਾਰੀ ਬਾਰੇ" (ਭੈਣੀ ਸਾਹਿਬ) |
| ਕਾਲਾ ਸਿੰਘ | "ਸਿੰਘਾ ਨਾਮਧਾਰੀਆਂ ਦਾ ਸ਼ਹੀਦ ਬਿਲਾਸ" |
| ਸ੍ਰੀ ਨਾਹਰ ਸਿੰਘ | ਨਾਮਧਾਰੀ ਇਤਿਹਾਸ, ਅ. ਪਹਿਲਾ ਖੰਡ |
| ਗਿਆਨ ਸਿੰਘ | "ਪੰਥ ਪ੍ਰਕਾਸ਼" (ਨਾਮਧਾਰੀ ਇਤਿਹਾਸ ਵਿੱਚ) |
| (ਡਾ.) ਗੰਡਾ ਸਿੰਘ | ਕੂਕਿਆਂ ਦੀ ਵਿਥਿਆ, ਪਬਲੀਕੇਸ਼ਨ, ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ-2000 |
| ਕਵੀ ਪ੍ਰੀਤਮ ਸਿੰਘ | ਬੀੜੇ ਦੀਆਂ ਪੈੜਾਂ (ਸੰਮੇਲਨਾਂ ਵਾਲੀ),1996, ਪ੍ਰਕਾਸ਼ਨ ਨਵੀ ਦਿੱਲੀ। |
| ਕਵੀ ਪ੍ਰੀਤਮ ਸਿੰਘ | "ਇਸਤਰੀਆਂ ਦਾ ਪਹਿਲਾ ਮੁਕਤੀ ਦਾਤਾ" ਪ੍ਰਕਾਸ਼ਕ, ਨਾਮਧਾਰੀ ਦਰਬਾਰ, (ਸ੍ਰੀ ਭੈਣੀ ਸਾਹਿਬ), ਲੁਧਿਆਣਾ |
| ਕਵੀ ਪ੍ਰੀਤਮ ਸਿੰਘ | ਬੀਤੇ ਦੀਆਂ ਪੈੜਾਂ -6 (1995), ਕਵੀ ਪ੍ਰੀਤਮ ਸਿੰਘ ਸਾਹਿਤ ਪ੍ਰਕਾਸ਼ਕ (ਨਵੀਂ ਦਿੱਲੀ) |
| ਕਵੀ ਪ੍ਰੀਤਮ ਸਿੰਘ | ਬੀੜੇ ਦੀਆਂ ਪੈੜਾਂ-1 (1988) ਕਵੀ ਪ੍ਰੀਤਮ ਸਿੰਘ ਸਾਹਿਤ ਪ੍ਰਕਾਸ਼ਕ (ਨਵੀਂ ਦਿੱਲੀ) |
| 'ਖਰਲ' ਸੁਰਿੰਦਰ ਕੌਰ | ਪ੍ਰਕਾਸ਼ ਪੁੰਜ (ਭਾਗ ਪਹਿਲਾ) ਭਗਵੰਤ ਸਿੰਘ ਨਾਮਧਾਰੀ (ਰੂਪ ਨਗਰ) 1997 |
| 'ਖਰਲ'ਸੂਬਾ ਸੁਰਿੰਦਰ ਕੌਰ | "ਕੂਕਾ ਅੰਦੋਲਨ" ਦੇ ਮਹਾਨ ਸੁਤੰਤਰਤਾ ਸੰਗਰਾਮੀ (ਨਾਮਧਾਰੀ ਸ਼ਹੀਦ) ਅੰਦੋਲਨ ਪ੍ਰਕਾਸ਼ਕ ਨਾਮਧਾਰੀ ਦਰਬਾਰ (ਭੈਣੀ ਸਾਹਿਬ), ਲੁਧਿਆਣਾ (2008) |
| "ਡਾ. ਡੀ.ਐੱਸ. ਨਰੂਲਾ" | "ਗੁਰੂ ਨਾਨਕ ਸੰਗੀਤ" (ਨਵੀਂ ਦਿੱਲੀ) |

| | |
|---|---|
| 'ਨਾਮਧਾਰੀ' ਦਲੀਪ ਸਿੰਘ | ਗਾਥਾ ਸੁਤੰਤਰਤਾ ਸੰਗਰਾਮੀ, ਨਾਮਧਾਰੀ ਦਰਬਾਰ (ਸ਼੍ਰੀ ਭੈਣੀ ਸਾਹਿਬ) |
| "ਨਾਮਧਾਰੀ"ਦਲੀਪ ਸਿੰਘ | ਕੂਕਾ ਲਹਿਰ (1857-1947) |
| "ਨਾਮਧਾਰੀ ਵਿਦਿਅਕ ਜਥਾ" | ਸਿੱਖ ਇਤਿਹਾਸ ਦੇ ਪ੍ਰਸ਼ਨ-ਉੱਤਰ (ਭੈਣੀ ਸਾਹਿਬ), ਲੁਧਿਆਣਾ । |
| ਭਾਈ ਅਵਤਾਰ ਸਿੰਘ ਤੇ ਭਾਈ ਗੁਰਚਰਨ ਸਿੰਘ | "ਗੁਰਬਾਣੀ ਸੰਗੀਤ ਪ੍ਰਾਚੀਨ ਰੀਤ ਰਤਨਾਵਲੀ |
| 31 ਮਾਰਚ, 2013 (ਹੋਲਾ-ਮਹੱਲਾ) ਸ਼੍ਰੀ ਭੈਣੀ ਸਾਹਿਬ | ਸ਼੍ਰੀ ਸਤਿਗੁਰੂ ਰਾਮ ਸਿੰਘ ਜੀ ਵੱਲੋਂ ਇਸਤਰੀ ਉਪਕਾਰਾਂ ਦਾ 150 ਵਾਂ ਵਰ੍ਹਾ (1863-2013 ਈ:) |
| ਵਹਿਮੀ ਤਰਨ ਸਿੰਘ | ਜੱਸ ਜੀਵਨ (ਭਾਗ ਦੂਜਾ), ਸਾਧੂ ਸਿੰਘ ਕਿਸਾਨ ਰਾਮਪੁਰ (ਬੁੱਢੀ ਮਾੜੀ) ਜਨਵਰੀ (1974) ਨਾਮਧਾਰੀ ਦਰਬਾਰ (ਸ਼੍ਰੀ ਭੈਣੀ ਸਾਹਿਬ) |

## ਹਿੰਦੀ

- अरोड़ा प्रियंका, ''हिन्दुस्तानी शास्त्रीय संगीत मे महिला तबला वादको की भूमिका''।
- मदन मीरा (जे. कुमार), ''नामधारी सिक्ख सम्प्रदाय की हिन्दूस्तानी शास्त्रीय संगीत को देन'' निर्मल पब्लिशर्स, दिल्ली (2015)।
- शर्मा मोनिका, कंठ गायन में नारी का योगदान।
- सिंह नाहर,''नामधारी इतिहास'' (पहला भाग) प्रकाशन नंगल खुरद,पखोवाल रोड, लुधियाना

## ਅੰਗਰੇਜ਼ੀ ਪੁਸਤਕਾਂ

- A Short account of the Kukas or Namdharies: Nahar singh, Published by Namdhari Sangat, Namdhari Dharam shalla, Pahar Ganj Delhi.
- Foremost Freedom Fighters: Published by Satguru Ram Singh, Deportation Centenary Coittee.

**English (Newspaper)**

- "The Tribune, Chd (28 February) 2003

## ਪੰਜਾਬੀ ਪੱਤਰ ਅਤੇ ਪਤ੍ਰਿਕਾਵਾਂ

- ਅੰਮ੍ਰਿਤ ਕੀਰਤਨ ਪਤ੍ਰਿਕਾ - ਫਰਵਰੀ (2004)

- ਅਜੀਤ (ਪਤ੍ਰਿਕਾ) 31 ਜਨਵਰੀ, 2017
- ਸਤਿਜੁਗ (ਪਤ੍ਰਿਕਾ) ਵਿਸ਼ੇਸ਼ ਅੰਕ ਸੰਨ 2000 9-15 ਫਰਵਰੀ, 2017 (27 ਮਾਘ ਤੋਂ 4 ਫੱਗਣ) (ਇਤਿਹਾਸਕ ਸਮੱਗਰੀ) 9-15 ਮਾਰਚ, 2017, (26 ਫੱਗਣ ਤੋਂ 2 ਚੇਤਰ)
- "ਸਤਿਗੁਰੂ ਜੀ ਕਲਾਕਾਰ ਦੀ ਨਜ਼ਰ ਵਿੱਚ- ਵਿਸ਼ੇਸ਼ ਅੰਕ (1978)
- "ਸੌਵੀਨਾਰ, Surnaad Music Academy presents a Concert to Celebrate the 82th Birthday of H H. Sh. Satguru Jagjit Singh Ji Maharaj"
- (ਤੀਸਰਾ ਬਸੰਤ ਪੰਚਮੀ ਸਾਸ਼ਤਰੀ ਸੰਗੀਤ ਸੰਮੇਲਨ ਲੁਧਿਆਣਾ, 2017)
- ਨਿਰੀਖਕ ਛ. ਮਾਸਿਕ ਪਤ੍ਰਿਕਾ- ਮਾਰਚ 1985 (ਸਤਿਗੁਰੂ ਰਾਮ ਸਿੰਘ ਇੱਕ ਮਹਾਨ ਸਤਿਗੁਰੂ) (ਸਰਦਾਰ ਹਰਦੇਵ ਸਿੰਘ)
- (ਮਾਰਚ - 1985, ਪੰਨਾ-29), (ਮਾਰਚ - 1981)
- ਮਹਾਨੂਰ ਨਵਯੁਗ (ਪਤ੍ਰਿਕਾ) - ਪਬਲੀਸ਼ਰਜ ਦਿੱਲੀ ।
- ਵਰਿਆਮ (ਮਾਸਿਕ ਪਤ੍ਰਿਕਾ) - ਯਥਾਰਥ ਪ੍ਰਭਾਵ (ਡਾ. ਤਾਰਣ ਸਿੰਘ)
- ਵਿਸਮਾਦ ਨਾਦ (ਪਤ੍ਰਿਕਾ) - ਅਕਤੂਬਰ (1992)
- "ਵਿਸ਼ਵ ਨਾਮਧਾਰੀ ਸੰਗੀਤ" (ਪਤ੍ਰਿਕਾ) - ਲੇਖਕ ਹਰਪਾਲ ਸਿੰਘ
- ਵਰਿਆਮ ਮਾਸਿਕ (ਪਤ੍ਰਿਕਾ), ਜਲੰਧਰ-( ਮਾਰਚ - 2017, ਅੰਕ-5), (ਫਰਵਰੀ - 2017, ਅੰਕ-4)


**ਪੱਤਰ ਵਿਹਾਰ**

ਸਿਮਰਤਪਾਲ ਕੌਰ (ਸ਼ੰਮੀ) (ਗਾਇਨ) ਅਧਿਆਪਕ

**Web site**


- www.wikipedia.com
- www.subasurinderkaur.com
- www.radelindia.com
- www.raginirenu.com
- www.bhainisahib.com
- www.youtube.com
- www.sangeetnatak.gov.in
- www.kukasikhs.com

- www.virastfoundation.com
- www.namdhari-world.com
- www.srisatgurujagjitsingh.com
- www.gurmatsangeet.gov.in
- www.sikh-heritage.com
- www.downsoundcloud.com

# ਪਰਿਸ਼ਿਸ਼ਟ – I

## ਨਾਮਧਾਰੀ ਕਲਾ ਕੇਂਦਰ ਜਲੰਧਰ ਦੇ ਕਲਾਕਾਰ ਅਤੇ ਵਿਦਿਆਥਣਾਂ ਦੀ ਸੂਚੀ

| | (ਨਾਮ) | (ਪਿਤਾ ਦਾ ਨਾਮ) | (ਸੰਗੀਤ ਵਰਗ) |
|---|---|---|---|
| 1. | ਦਿਲਪ੍ਰੀਤ ਕੌਰ | ਮੋਹਣ ਸਿੰਘ | ਗਾਇਨ |
| 2. | ਜਸਲੀਨ ਕੌਰ | ਜਸਬੀਰ ਸਿੰਘ | ਗਾਇਨ/ ਤਬਲਾ |
| 3. | ਰਮਨਪ੍ਰੀਤ ਕੌਰ | ਜਸਬੀਰ ਸਿੰਘ | ਗਾਇਨ/ ਗਿਟਾਰ, ਤਬਲਾ |
| 4. | ਮਨਿੰਦਰ ਕੌਰ | ਹਰਵਿੰਦਰ ਸਿੰਘ | ਤਬਲਾ |
| 5. | ਅੰਮ੍ਰਿਤਪਾਲ ਕੋਰ | ਤਿਰਲੋਚਨ ਸਿੰਘ | ਤਬਲਾ |
| 6. | ਹਰਮੀਤ ਕੌਰ | ਰਵਿੰਦਰ ਸਿੰਘ | ਗਾਇਨ ਤੇ ਤਬਲਾ |
| 7. | ਰਤਨਜੀਤ ਕੌਰ | ਰਵਿੰਦਰ ਸਿੰਘ | ਗਾਇਨ |
| 8. | ਅਮਨਦੀਪ ਕੌਰ | ਮੋਹਨ ਸਿੰਘ | ਗਾਇਨ |
| 9. | ਜਸਬੀਰ ਕੌਰ | ਲਖਵੰਤ ਸਿੰਘ | ,, |
| 10. | ਪ੍ਰਭਜੋਤ ਕੌਰ | ,, | ,, |
| 11. | ਲਖਵਿੰਦਰ ਕੌਰ | ਜਸਵੰਤ ਸਿੰਘ | ਸਿਤਾਰ |

# ਪਰਿਸ਼ਿਸ਼ਟ – II

## ਦਿੱਲੀ ਦੀਆਂ ਵਿਦਿਆਰਥਣਾਂ ਅਤੇ ਕਲਾਕਾਰਾਂ ਦੇ ਨਾਮ

| | (ਨਾਮ) | (ਪਿਤਾ ਦਾ ਨਾਮ) | (ਸੰਗੀਤ ਵਰਗ) |
|---|---|---|---|
| 1. | ਕਮਲਪ੍ਰੀਤ ਕੋਰ | ਸ਼੍ਰੀ ਸੁਖਦੇਵ ਸਿੰਘ | ਗਾਇਨ |
| 2. | ਕੰਵਲਜੀਤ ਕੌਰ (ਸਵੀਟੀ) | ਸ਼੍ਰੀ ਸੁਰਜੀਤ ਸਿੰਘ | ਗਾਇਨ ਤੇ ਦਿਲਰੁਬਾ |
| 3. | ਪਵਨਦੀਪ ਕੌਰ | ਉਸਤਾਦ ਹਰਭਜਨ ਸਿੰਘ | ਗਾਇਨ |

| | | | |
|---|---|---|---|
| 4. | ਹਰਮੀਤ ਕੌਰ (ਸਿੰਮੀ) | ਸ਼੍ਰੀ ਗੁਰਮੀਤ ਸਿੰਘ | ਗਾਇਨ |
| 5. | ਰਤਨ ਕੌਰ | – | ਗਾਇਨ |
| 6. | ਸੁਰਿੰਦਰ ਕੌਰ | ਦਿਲਬਾਗ ਸਿੰਘ | ਗਾਇਨ |
| 7. | ਪ੍ਰਭਜੋਤ ਕੌਰ | ਸ਼੍ਰੀ ਭਗਵੰਤ ਸਿੰਘ | ਗਾਇਨ |
| 8. | ਮਨਪ੍ਰੀਤ ਕੌਰ (ਬੱਬੂ) | ਸ਼੍ਰੀ ਗੁਰਮੀਤ ਸਿੰਘ | ਗਾਇਨ |
| 9. | ਰਵਨੀਤ ਕੌਰ | ਸ਼੍ਰੀ ਬਲਬੀਰ ਸਿੰਘ | ਗਾਇਨ |
| 10. | ਜਸਪ੍ਰੀਤ ਕੌਰ | – | ਗਾਇਨ |
| 11. | ਹਰਕੀਰਤ | – | – |
| 12. | ਰਣਜੀਤ ਕੌਰ | ਸ਼੍ਰੀ ਸੁਰਜੀਤ ਸਿੰਘ | ਗਾਇਨ |
| 13. | ਜਸਮੀਤ ਕੌਰ | ਸ਼੍ਰੀ ਗੁਰਮੀਤ ਸਿੰਘ | ਗਾਇਨ |
| 14. | ਗੁਰਨਾਮ ਕੌਰ | ਸ਼੍ਰੀ ਗੁਰਮੁੱਖ ਸਿੰਘ | ਗਾਇਨ |

# ਪਰਿਸ਼ਿਸ਼ਟ - III

## ਜੰਮੂ ਕੇਂਦਰ ਦੀਆਂ ਵਿਦਿਆਰਥਣਾਂ

| | **ਨਾਮ** | **ਪਿਤਾ ਦਾ ਨਾਮ** |
|---|---|---|
| 1. | ਲਖਵਿੰਦਰ ਕੌਰ | ਮਹਿੰਦਰ ਸਿੰਘ (ਸਿਤਾਰ) |
| 2. | ਸ਼ਮਿੰਦਰ ਕੌਰ (ਸਿੰਮੀ) | ਕਰਮ ਸਿੰਘ (ਗਾਇਨ) |
| 3. | ਕੁਲਵੰਤ ਕੌਰ (ਗਿੰਨੀ) | ਚਰਨ ਸਿੰਘ (ਗਾਇਨ) |
| 4. | ਗੁਰਵਿੰਦਰ ਕੌਰ (ਗੋਲਡੀ) | ਮਹਿੰਦਰ ਸਿੰਘ (ਤਬਲਾ) |
| 5. | ਗੁਰਪ੍ਰੀਤ ਕੌਰ (ਪ੍ਰੀਤੀ) | ਗੁਰਬੀਰ ਸਿੰਘ (ਸਿਤਾਰ) |
| 6. | ਸੁਖਵਿੰਦਰ ਕੌਰ (ਸਿੰਮੀ) | ਤਿਰਲੋਕ ਸਿੰਘ (ਗਾਇਨ) |
| 7. | ਮਨਜੀਤ ਕੌਰ (ਮਿੰਨੀ) | ਚਰਨ ਸਿੰਘ (ਸਿਤਾਰ, ਤਬਲਾ, ਗਾਇਨ) |
| 8. | ਗੁਰਮੀਤ ਕੌਰ (ਰਿੰਕੀ) | ਕੁਲਵਿੰਦਰ ਸਿੰਘ (ਗਾਇਨ) |

| | | |
|---|---|---|
| 9. | ਮਨਦੀਪ ਕੌਰ (ਦੀਪ) | ਸਤਪਾਲ ਸਿੰਘ (ਗਾਇਨ) |
| 10. | ਤੇਜ਼ ਕੌਰ (ਤਾਨੀਆ) | ਤੇਜਿੰਦਰ ਸਿੰਘ (ਗਾਇਨ) |

# ਪਰਿਸ਼ਿਸ਼ਟ- IV

## ਵਿਦੇਸ਼ਾਂ ਵਿੱਚ ਸੰਗੀਤ ਦੀਆਂ ਵਿਦਿਆਰਥਣਾ (ਲੰਡਨ)

| | | | |
|---|---|---|---|
| 1. | ਨਵ ਕਿਰਨਪਾਲ ਕੌਰ | 29. | ਅਵਨੀਤ ਕੌਰ |
| 2. | ਜੀਤ ਕੌਰ (ਸੇਠੀ) | 30. | ਜੋਗਿੰਦਰ ਕੋਰ |
| 3. | ਸਰਬਜੀਤ ਕੌਰ (ਪਦਮ) | 31. | ਸਿਮਰਨ ਕੌਰ (ਭੁੱਲਰ) |
| 4. | ਸਿਮਰਨ ਕੌਰ | 32. | ਹਰਭਜਨ ਕੌਰ |
| 5. | ਗੁਰਦਿਆਲ ਕੌਰ | 33. | ਰਾਜਵਿੰਦਰ ਕੌਰ |
| 6. | ਗੁਰਕਿਰਨ ਕੌਰ (ਸਿਆਲ) | 34. | ਪਰਦੀਪ ਕੌਰ (ਗਰੇਵਾਲ) |
| 7. | ਮਹਿੰਦਰਜੀਤ ਕੌਰ | 35. | ਰਣਜੀਤ ਕੌਰ |
| 8. | ਭੁਪਿੰਦਰ ਕੋਰ | 36. | ਗੁਰਪ੍ਰੀਤ ਕੌਰ |
| 9. | ਪਰਮਿੰਦਰ ਕੌਰ | 37. | ਗਿਆਨ ਕੌਰ |
| 10. | ਹਰਦੀਪ ਕੌਰ | 38. | ਜਰਨੈਲ ਕੌਰ |
| 11. | ਨਰਿੰਦਰ ਕੌਰ (ਭੁੱਲਰ) | 39. | ਗੁਰਸ਼ਰਨ ਕੌਰ |
| 12. | ਅਮਰਜੀਤ ਕੋਰ | 40. | ਮਨਦੀਪ ਕੌਰ |
| 13. | ਗੁਰਮਿੰਦਰ ਕੋਰ (ਰੰਧਾਵਾ) | 41. | ਪਰਮਜੀਤ ਕੌਰ |
| 14. | ਗੁਰਦਿਆਲ ਕੌਰ | 42. | ਸੁਰਿੰਦਰ ਕੌਰ |
| 15. | ਹਰਜੀਤ ਕੌਰ (ਮਠਾੜੂ) | 43. | ਬਲਜੀਤ ਕੌਰ |
| 16. | ਬਲਬੀਰ ਕੌਰ (ਸੰਧੂ) | 44. | ਰਣਜੀਤ ਕੌਰ |
| 17. | ਗੁਰਮੀਤ ਕੌਰ | 45. | ਮਨਜੀਤ ਕੌਰ |
| 18. | ਮਨਜੋਤ ਕੌਰ | 46. | ਹਰਜੀਤ ਕੌਰ |

| | | | |
|---|---|---|---|
| 19. | ਚਰਨਜੀਤ ਕੌਰ (ਰਾਹੀ) | 47. | ਹਰਕਿਰਨ ਕੌਰ |
| 20. | ਸੁਖਪ੍ਰੀਤ ਕੌਰ | 48. | ਇਸ਼ਵਿੰਦਰ ਕੌਰ |
| 21. | ਪਰਨਾਮ ਕੌਰ | 49. | ਜਸਵਿੰਦਰ ਕੌਰ |
| 22. | ਸਤਿੰਦਰ ਕੌਰ | 50. | ਸਤਵੀਰ ਕੌਰ |
| 23. | ਕੁਲਦੀਪ ਕੌਰ | 51. | ਕਮਲਜੀਤ ਕੌਰ |
| 24. | ਜਸਵਿੰਦਰ ਕੌਰ | 52. | ਦਲਜੀਤ ਕੌਰ |
| 25. | ਪਰਮਜੀਤ ਕੌਰ | 53. | ਕਿਰਨਰੂਪ ਕੌਰ |
| 26. | ਜਸਕੀਰਤ ਕੌਰ | 54. | ਜਸਵਿੰਦਰ ਕੌਰ |
| 27. | ਅੰਮ੍ਰਿਤਪਾਲ ਕੌਰ | 55. | ਨਰਿੰਦਰ ਕੌਰ |
| 28. | ਰਣਜੀਤ ਕੌਰ | 56. | ਕੁਲਵਿੰਦਰ ਕੌਰ |

# ਪਰਿਸ਼ਿਸ਼ਟ-2


## ਛਾਇਆ ਚਿੱਤਰ



ਉਸਤਾਦ ਹਰਭਜਨ ਸਿੰਘ ਜੀ ਦੇ ਨਾਲ ਵਾਰਤਾਲਾਪ



ਰਵਿੰਦਰ ਸਿੰਘ ਨਾਮਧਾਰੀ ਜੀ ਨਾਲ ਵਾਰਤਾਲਾਪ



ਡਾਂ ਗੁਰਨਾਮ ਸਿੰਘ ਜੀ ਨਾਲ ਵਾਰਤਾਲਾਪ



ਕਿਰਪਾਲ ਸਿੰਘ ਨਾਮਧਾਰੀ ਜੀ ਨਾਲ ਵਾਰਤਾਲਾਪ



ਬੀਬੀ ਸਿਮਰਤਪਾਲ ਕੌਰ ਜੀ ਨਾਲ ਵਾਰਤਾਲਾਪ




ਰਾਜਾ ਸਿੰਘ ਨਾਮਧਾਰੀ ਜੀ ਨਾਲ ਵਾਰਤਾਲਾਪ



ਰਾਜੇਸ਼ ਮਾਲਵੀਆਂ ਜੀ ਨਾਲ ਵਾਰਤਾਲਾਪ



ਰਵਿੰਦਰ ਸਿੰਘ ਨਾਮਧਾਰੀ ਅਤੇ ਰਜਿੰਦਰ ਸਿੰਘ ਜੀ ਨਾਲ ਇੱਕ ਮੁਲਾਕਾਤ



ਸੂਬਾ ਸੁਰਿੰਦਰ ਕੌਰ ਜੀ ਨਾਲ ਵਾਰਤਾਲਾਪ ਸਮੇਂ



ਨਾਮਧਾਰੀ ਬੀਬੀਆਂ ਕੀਰਤਨ ਕਰਦੇ ਸਮੇਂ